# ਸੰਤ ਤੁਮਾਰੇ ਤੁਮਰੇ ਪ੍ਰੀਤਮ

*ਪ੍ਰੋ. ਗੁਰਦੇਵ ਸਿੰਘ*

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ-)*

## ਸਮਝਦਾਰ ਤੇ ਸਿਆਣੇ ਬੱਚੇ

ਜਦੋਂ ਆਪ ਜੀ ਇਥੇ ਚੰਡੀਗੜ੍ਹ ਨਿਵਾਸ ਰੱਖਦੇ ਸੀ ਤਾਂ ਆਪ ਦੇ ਬੱਚੇ ਛੋਟੀਆਂ ਕਲਾਸਾਂ ਵਿਚ ਪੜ੍ਹਿਆ ਕਰਦੇ ਸਨ ਤੇ ਬੀਜੀ ਨੇ ਇਹ ਗੱਲ ਮੈਨੂੰ ਕਈ ਵੇਰਾਂ ਦੱਸੀ ਸੀ ਕਿ ਮੈਂ ਬੱਚਿਆਂ ਨੂੰ ਕਹਿਣਾ ਕਿ 'ਪਾਪਾ ਜੀ' ਪਾਸੋਂ ਸਕੂਲ ਦਾ ਕੰਮ ਪੁਛ ਲਵੋ ਤੇ ਉਨ੍ਹਾਂ ਦੇ ਕੋਲ ਬੈਠ ਕੇ ਪੜ੍ਹਾਈ ਕਰੋ, ਤਾਂ ਚਾਰੇ ਬੱਚਿਆਂ ਨੇ ਆ ਜਾਣਾ। ਥੋੜ੍ਹੀ ਦੇਰ ਤਾਂ ਬਾਬਾ ਜੀ ਨੇ ਦੱਸਦੇ ਰਹਿਣਾ ਤੇ ਉਨ੍ਹਾਂ ਨੂੰ ਕੰਮ ਕਰਵਾ ਦੇਣਾ, ਉਨ੍ਹਾਂ ਦੇ ਪ੍ਰਸ਼ਨ ਦਾ ਉਤਰ ਦੇ ਦੇਣਾ। ਉਸ ਤੋਂ ਬਾਅਦ ਉਨ੍ਹਾਂ ਨੇ ਅੱਖਾਂ ਮੀਟ ਕੇ ਬੈਠ ਜਾਣਾ। ਬੱਚਿਆਂ ਨੇ ਦੇਖਣਾ ਕਿ ਪਾਪਾ ਜੀ ਤਾਂ ਸਮਾਧੀ ਸਥਿਤ ਹੋ ਗਏ ਹਨ, ਥੋੜ੍ਹਾ ਖੜਕਾ ਵਗੈਰਾ ਕਰਨ ਤੇ ਜਦ ਉਨ੍ਹਾਂ ਨੇ ਨੇਤਰ ਨਾ ਖੋਲ੍ਹਣੇ ਤਾਂ ਸਾਰਿਆਂ ਨੇ ਅੱਖ ਬਚਾ ਕੇ, ਇਕ ਇਕ ਕਰਕੇ ਖਿਸਕ ਜਾਣਾ ਤੇ ਬਾਬਾ ਜੀ ਨੂੰ ਬਿਲਕੁਲ ਪਤਾ ਨਾ ਲਗਣਾ ਕਿ ਬੱਚੇ ਕਦੋਂ ਦੇ ਖੇਡਣ ਗਏ ਹੋਏ ਹਨ। ਜਦੋਂ ਬੀਜੀ ਨੇ ਉਸ ਕਮਰੇ ਵਿਚ ਆ ਕੇ ਦੇਖਣਾ ਤੇ ਹੈਰਾਨ ਹੋ ਜਾਣਾ ਕਿ ਬੱਚੇ ਤਾਂ ਹੈ ਨਹੀਂ ਪਰ ਉਨ੍ਹਾਂ ਦੀਆਂ ਕਿਤਾਬਾਂ ਕਾਪੀਆਂ ਪਈਆਂ ਹਨ। ਪਰ ਬੀਜੀ ਕਦੀ ਵੀ ਬਾਬਾ ਜੀ ਦੀ ਭਗਤੀ ਵਿਚ ਵਿਘਨ ਨਹੀਂ ਸਨ ਪਾਉਂਦੇ। ਬੱਸ ਇਤਨਾ ਹੀ ਕਹਿ ਛੱਡਦੇ ਸੀ ਕਿ ਤੁਸੀਂ ਤਾਂ ਅੱਖਾਂ ਮੀਟ ਕੇ ਬੈਠੇ ਹੋਏ ਸੀ ਤੇ ਬੱਚੇ ਇਕ ਇਕ ਕਰਕੇ ਖੇਡਣ ਚਲੇ ਗਏ। ਬਾਬਾ ਜੀ ਨੇ ਕਹਿਣਾ ਕਿ ਮੈਂ ਉਨ੍ਹਾਂ ਨੂੰ ਦੱਸ ਦਿਤਾ ਸੀ ਜੋ ਪੁਛਦੇ ਸੀ। ਤੇ ਹੱਸ ਕੇ ਟਾਲ ਦਿੰਦੇ ਸਨ। ਕਈ ਦਫਾ ਘਰ ਵਿਚ ਬੱਚਿਆਂ ਨੇ ਰੇਡਿਓ ਦੀ ਆਵਾਜ਼ ਉਚੀ ਕਰ ਦੇਣੀ ਪਰੰਤੂ ਬਾਬਾ ਜੀ ਦੀ ਸਮਾਧੀ ਵਿਚ ਕੋਈ ਫਰਕ ਨਹੀਂ ਸੀ ਪਿਆ ਕਰਦਾ। ਉਹ ਆਪ ਇਹ ਗੱਲ ਦਸਿਆ ਕਰਦੇ ਸੀ ਕਿ ਮੇਰੇ ਲਾਗੇ ਭਾਵੇਂ ਕੁਝ ਵੀ ਰੌਲਾ ਰੱਪਾ ਹੁੰਦਾ ਰਹਿੰਦਾ ਸੀ ਪਰ ਮੇਰੀ ਸਮਾਧੀ ਇੰਨੀ ਡੂੰਘੀ ਹੁੰਦੀ ਸੀ ਕਿ ਮੈਨੂੰ ਬਾਹਰਲੇ ਕੰਨਾਂ ਰਾਹੀਂ ਕੋਈ ਆਵਾਜ਼ ਨਹੀਂ ਸੀ ਸੁਣਦੀ, ਮੈਂ ਤਾਂ ਕੇਵਲ ਅੰਦਰਲੇ ਕੰਨਾਂ ਨਾਲ ਸ਼ਬਦ ਦੀ ਗੂੰਜ ਤੇ ਅਨੇਕ ਤਰ੍ਹਾਂ ਦੇ ਸਾਜਾਂ ਦੀਆਂ ਆਵਾਜ਼ਾਂ ਵਿਚ ਮਸਤ ਹੁੰਦਾ ਸੀ। ਇਸ ਕਰਕੇ ਮੈਂ ਬੱਚਿਆਂ ਨੂੰ ਕਦੀ ਕੁਝ ਨਹੀਂ ਕਿਹਾ ਕਿ ਤੁਸੀਂ ਕਿਉਂ ਰੌਲਾ ਪਾਉਂਦੇ ਹੋ ਅਤੇ ਨਾ ਹੀ ਕਿਸੇ ਨੂੰ ਝਿੜਕਿਆ ਸੀ, ਮਾਰਨਾ ਤਾਂ ਕਿਧਰੇ ਰਿਹਾ। ਗ੍ਰਿਹਸਤ ਵਿਚ ਰਹਿੰਦਿਆਂ ਹੋਇਆਂ ਆਪ ਨੇ ਪੂਰਨ ਗੁਰਮੁਖ ਦਾ, ਭਗਤੀ ਭਾਵ ਵਾਲਾ ਜੀਵਨ, ਬਤੀਤ ਕੀਤਾ ਜੋ ਆਪਣੇ ਆਪ ਵਿਚ ਇਕ ਮਿਸਾਲ ਹੈ ਤੇ ਸਤਿਗੁਰੂ ਜੀ ਦਾ ਇਸ ਬਾਰੇ ਫੁਰਮਾਨ ਹੈ –

***ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥***

***ਪੰਨਾ – 522***

ਬੀਜੀ ਦੱਸਿਆ ਕਰਦੇ ਸੀ ਕਿ ਉਸ ਵੇਲੇ ਚਾਰੇ ਬੱਚੇ ਪੜ੍ਹਦੇ ਸੀ ਅਤੇ ਕੇਵਲ ਬਾਬਾ ਜੀ ਦੀ ਨੌਕਰੀ ਤੇ ਹੀ ਗੁਜ਼ਾਰਾ ਚਲਦਾ ਸੀ। ਪਿੰਡ ਦੀ ਜ਼ਮੀਨ ਆਦਿ ਤੋਂ ਕਦੀ ਵੀ ਉਨ੍ਹਾਂ ਨੇ ਕੋਈ ਵਟਤ ਨਹੀਂ ਸੀ ਲਈ ਅਤੇ ਨਾ ਹੀ ਕਿਸੇ ਨੇ ਦਿਤੀ ਸੀ। ਬਾਬਾ ਜੀ ਦੇ ਹਿਸੇ ਦੀ ਜ਼ਮੀਨ ਦੀ ਵਟਾਈ ਆਦਿ ਤਾਂ ਕਿਧਰੇ ਰਹੀ, ਹਿੱਸਾ ਵੀ ਇਨ੍ਹਾਂ ਨੂੰ ਨਹੀਂ ਸੀ ਮਿਲਿਆ। ਪਰ ਬਾਬਾ ਜੀ ਨੇ ਕਦੀ ਕੋਈ ਸ਼ਿਕਵਾ ਨਹੀਂ ਸੀ ਕੀਤਾ, ਨਾ ਹੀ ਕਦੇ ਕਿਸੇ ਨੂੰ ਕਿਹਾ ਸੀ ਕਿਉਂਕਿ ਸਾਰਾ ਪਰਿਵਾਰ ਸਾਂਝਾ ਸੀ। ਬੱਚੇ ਬਹੁਤ ਸਮਝਦਾਰ ਤੇ ਸਿਆਣੇ ਸਨ ਕਿ ਕਦੀ ਉਨ੍ਹਾਂ ਨੇ ਕੋਈ ਮੰਗ ਨਹੀਂ ਸੀ ਰੱਖੀ ਕਿ ਅਸੀਂ ਫਲਾਣੀ ਚੀਜ਼ ਲੈਣੀ ਹੈ ਜਾਂ ਸਾਨੂੰ ਇਹ ਕੱਪੜੇ ਲੈ ਕੇ ਦਿਓ। ਜਿਸ ਤਰ੍ਹਾਂ ਦੇ ਸਿਧੇ ਸਾਦੇ ਕਪੜੇ ਹੁੰਦੇ ਸੀ, ਉਹ ਪਾ ਕੇ ਸਕੂਲ ਚਲੇ ਜਾਂਦੇ ਸੀ ਪਰ ਪੜ੍ਹਾਈ ਵਿਚ ਸਾਰੇ ਹੀ ਹੁਸ਼ਿਆਰ ਸਨ।

## ਚੰਡੀਗੜ੍ਹ ਵਿਚ ਸੰਤ ਮਹਾਰਾਜ ਜੀ ਦੇ ਦੀਵਾਨ

ਚੰਡੀਗੜ੍ਹ ਵਿਚ ਸੰਤ ਮਹਾਰਾਜ ਜੀ ਰਾੜਾ ਸਾਹਿਬ ਵਾਲਿਆਂ ਦੇ ਦੀਵਾਨ ਲਗਾਉਣ ਦਾ ਸਿਹਰਾ ਬਾਬਾ ਜੀ ਦੇ ਸਿਰ ਜਾਂਦਾ ਹੈ। ਬਾਬਾ ਜੀ ਹਰ ਸਾਲ ਸੰਤ ਮਹਾਰਾਜ ਜੀ ਦੇ ਦੀਵਾਨ ਚੰਡੀਗੜ੍ਹ ਦੇ ਸੈਕਟਰ 22, ਸੈਕਟਰ 19, ਅਤੇ ਸੈਕਟਰ 27 ਦੇ ਗੁਰਦਵਾਰਿਆਂ ਵਿਚ ਕਰਵਾਇਆ ਕਰਦੇ ਸਨ ਜਿਸ ਦਾ ਸਦਕਾ ਹਜ਼ਾਰਾਂ ਦੀ ਤਦਾਦ ਵਿਚ ਸੰਗਤਾਂ ਰੂਹਾਨੀ ਪ੍ਰਬਚਨਾਂ ਦਾ ਅਨੰਦ ਮਾਣ ਕੇ ਗੱਦ ਗੱਦ ਹੁੰਦੀਆਂ ਸਨ ਅਤੇ ਖੰਡੇ ਬਾਟੇ ਦਾ ਅੰਮ੍ਰਿਤ ਛੱਕ ਕੇ ਗੁਰੂ ਦੇ ਲੜ ਲਗਦੀਆਂ ਸਨ। ਸੰਤ ਮਹਾਰਾਜ ਜੀ ਦੇ ਵਿਸ਼ਰਾਮ ਤੇ ਲੰਗਰ ਆਦਿ ਦਾ ਸਾਰਾ ਪਰਬੰਧ ਬਾਬਾ ਜੀ ਦੇ ਜ਼ਿੰਮੇ ਹੁੰਦਾ ਸੀ। ਬਾਬਾ ਜੀ ਦੱਸਿਆ ਕਰਦੇ ਸੀ ਕਿ ਜਦੋਂ ਸੰਤ ਮਹਾਰਾਜ ਜੀ ਨੇ ਚੰਡੀਗੜ੍ਹ ਆਉਣਾ ਹੁੰਦਾ ਤਾਂ ਮੈਂ ਕਰਜ਼ਾ ਲੈ ਲਿਆ ਕਰਦਾ ਸੀ। ਪਹਿਲਾਂ ਪਹਿਲ ਤਿੰਨ ਚਾਰ ਵੇਰਾਂ ਤਾਂ ਸੰਤ ਮਹਾਰਾਜ ਡਾਕਟਰ ਅਜਮੇਰ ਸਿੰਘ ਦੇ ਗ੍ਰਿਹਿ ਉਨ੍ਹਾਂ ਦੀ ਕੋਠੀ ਵਿਸ਼ਰਾਮ ਕਰਿਆ ਕਰਦੇ, ਉਸ ਤੋਂ ਬਾਅਦ ਜਿੰਨੀ ਵੇਰਾਂ ਵੀ ਦੀਵਾਨ ਚੰਡੀਗੜ੍ਹ ਵਿਖੇ ਲੱਗੇ, ਸਾਰਾ ਪ੍ਰਬੰਧ ਬਾਬਾ ਜੀ ਕਰਿਆ ਕਰਦੇ ਸੀ। ਜਿੰਨਾਂ ਕਰਜ਼ਾ ਲਿਆ ਹੁੰਦਾ ਸੀ, ਉਹ ਸਾਲ ਵਿਚ ਥੋੜ੍ਹਾ ਥੋੜ੍ਹਾ ਕਰਕੇ ਉਤਾਰ ਦਿੰਦੇ ਸੀ ਅਤੇ ਨਵੇਂ ਸਾਲ ਵਿਚ ਫੇਰ ਬੁਲਾ ਲੈਣਾ। ਬੀਜੀ ਦੇ ਨਾਲ ਇਕ ਬੀਬੀ ਹੋਰ ਸੇਵਾ ਕਰਨ ਆਇਆ ਕਰਦੀ ਸੀ। ਬੀਜੀ ਨੇ ਸੰਤ ਮਹਾਰਾਜ ਜੀ ਨਾਲ ਜਿੰਨੀ ਸੰਗਤ ਹੋਣੀ ਅਤੇ ਜਥੇ ਦੇ ਲੰਗਰ ਦਾ ਸਾਰਾ ਪ੍ਰਬੰਧ ਆਪ ਕਰਨਾ ਹੁੰਦਾ ਸੀ।



Sri Satguru Jagjit Singh Ji eLibrary NamdhariElibrary@gmail.com

ਸਰਦੀਆਂ ਦੇ ਦਿਨਾਂ ਵਿਚ ਅੰਮ੍ਰਿਤ ਵੇਲੇ ਜਾਗ ਕੇ ਸੰਤ ਮਹਾਰਾਜ ਜੀ ਦੇ ਨਹਾਉਣ ਵਾਸਤੇ ਪਾਣੀ ਗਰਮ ਕਰਨਾ, ਫੇਰ ਚਾਹ ਪਾਣੀ ਲੰਗਰ ਦਾ ਪ੍ਰਬੰਧ ਸਮੇਂ ਸਿਰ ਕਰਨਾ ਹੁੰਦਾ ਸੀ। ਬੀਜੀ ਦਿਨ ਰਾਤ ਸੇਵਾ ਵਿਚ ਲੱਗੇ ਰਹਿੰਦੇ ਸੀ। ਰਾਤ ਨੂੰ ਜਥੇ ਨੇ ਤੇ ਸੰਤ ਮਹਾਰਾਜ ਜੀ ਨੇ ਦੀਵਾਨ ਤੋਂ ਆਉਣਾ ਤਾਂ ਲੰਗਰ ਆਦਿ ਛਕਾ ਕੇ ਤੇ ਬਰਤਨ ਵਗੈਰਾ ਸਾਫ ਕਰਕੇ ਰਾਤ ਦੇ 12 ਵਜੇ ਆਰਾਮ ਕਰਨਾ। ਸੰਤ ਮਹਾਰਾਜ ਸਵੇਰੇ 2 ਵਜੇ ਫਿਰ ਜਾਗ ਪੈਂਦੇ ਸੀ। ਸੰਤ ਮਹਾਰਾਜ ਜੀ ਦਾ ਵਿਸ਼ਰਾਮ ਉਪਰਲੀ ਮੰਜ਼ਲ ਤੇ ਸੀ ਅਤੇ ਬਾਬਾ ਜੀ, ਬੀਜੀ ਥੱਕ ਕੇ ਪੌੜੀਆਂ ਦੇ ਅੱਗੇ ਜ਼ਮੀਨ ਤੇ ਸੌਂ ਜਾਇਆ ਕਰਦੇ ਸਨ। ਬਾਬਾ ਜੀ ਦਸਿਆ ਕਰਦੇ ਸੀ ਕਿ ਸੰਤ ਮਹਾਰਾਜ ਜੀ ਬਹੁਤ ਦਿਆਲੂ ਤੇ ਕ੍ਰਿਪਾਲੂ ਸਨ। ਉਨ੍ਹਾਂ ਨੇ ਜਦੋਂ ਹੇਠਾਂ ਉਤਰਨਾ, ਸਾਡੇ ਉਤੋਂ ਦੀ ਲੰਘ ਕੇ ਜਾਇਆ ਕਰਦੇ ਸੀ। ਐਡੇ ਵੱਡੇ ਮਹਾਤਮਾ ਦਾ ਸਰੀਰ ਦੇ ਉਪਰੋਂ ਦੀ ਲੰਘ ਜਾਣਾ ਵੱਡੀ ਕਿਰਪਾ ਸੀ ਕਿਉਂਕਿ ਬ੍ਰਹਮਗਿਆਨੀ ਦੀ ਇਤਨੀ ਚਰਨ ਛੋਹ ਨਾਲ ਹੀ ਅਨੇਕਾਂ ਵਿਘਨਾਂ ਤੇ ਪਾਪਾਂ ਦਾ ਨਾਸ਼ ਹੋ ਜਾਇਆ ਕਰਦਾ ਹੈ। ਇਕ ਵੇਰਾਂ ਬੀਜੀ ਬਿਮਾਰ ਹੋ ਗਏ ਤੇ ਸੰਤ ਮਹਾਰਾਜ ਨੂੰ ਬਾਬਾ ਜੀ ਕਿਸੇ ਤਰ੍ਹਾਂ ਦੱਸ ਬੈਠੇ ਕਿ ਬੀਜੀ ਦੀ ਸਿਹਤ ਠੀਕ ਨਹੀਂ। ਉਸੇ ਦਿਨ ਬੀਜੀ ਠੀਕ ਹੋ ਗਏ ਅਤੇ ਸੰਤ ਮਹਾਰਾਜ ਜੀ ਦੇ ਉਂਗਲ ਤੇ ਪੱਟੀ ਬੱਧੀ ਹੋਈ ਦੇਖੀ ਜੋ ਆਪਨੇ 15 ਦਿਨ ਬੰਨ੍ਹ ਕੇ ਰੱਖੀ। ਜਦੋਂ ਬਾਬਾ ਜੀ ਨੇ ਪੁਛਿਆ ਕਿ ਮਹਾਰਾਜ ਜੀ! ਆਪ ਦੀ ਉਂਗਲੀ ਤੇ ਕੀ ਹੋਇਆ ਹੈ, ਹੱਸ ਕੇ ਕਹਿਣ ਲੱਗੇ ਕਿ ਕੋਈ ਪ੍ਰੇਮੀ ਬੀਮਾਰ ਸੀ, ਉਸ ਦੀ ਬੀਮਾਰੀ ਅਸੀਂ ਲੈ ਕੇ ਰੱਖੀ ਹੋਈ ਹੈ ਤਾਂ ਕਿ ਉਹ ਸੇਵਾ ਕਰ ਸਕੇ। ਇੰਨਾਂ ਕਹਿਣ ਦੀ ਦੇਰ ਸੀ ਕਿ ਬਾਬਾ ਜੀ ਤੇ ਬੀਜੀ ਜੇ ਨੇਤਰਾਂ ਵਿਚੋਂ ਪਿਆਰ ਦੇ ਜਲ ਦੀ ਧਾਰਾ ਵਹਿ ਤੁਰੀ ਤੇ ਬਹੁਤ ਦੇਰ ਬਾਅਦ ਦੋਵੇਂ ਜਣੇ ਸੰਭਲੇ ਅਤੇ ਸੰਤ ਮਹਾਰਾਜ ਜੀ ਦੀ ਦਿਆਲਤਾ ਤੋਂ ਕ੍ਰਿਤ-ਕ੍ਰਿਤ ਹੋ ਰਹੇ ਸਨ ਕਿ ਦੇਖੋ ਕਿਵੇਂ ਉਨ੍ਹਾਂ ਨੇ ਕਸ਼ਟ ਆਪਣੇ ਉਤੇ ਲੈ ਕੇ ਸੇਵਕ ਤੋਂ ਸੇਵਾ ਕਰਵਾਈ ਹੈ। ਪਰੰਤੂ ਜਿਸ ਦਿਨ ਸੰਤ ਮਹਾਰਾਜ ਨੂੰ ਵਿਦਾ ਕੀਤਾ ਤਾਂ ਬੀਜੀ ਫਿਰ ਉਸੇ ਤਰ੍ਹਾਂ ਬੀਮਾਰ ਹੋ ਗਏ ਤੇ ਡਾਕਟਰਾਂ ਪਾਸੋਂ ਦਵਾਈ ਲਈ, ਫੇਰ ਠੀਕ ਹੋਏ।

ਬਾਬਾ ਜੀ ਦੱਸਿਆ ਕਰਦੇ ਸੀ ਕਿ ਸੰਤ ਮਹਾਰਾਜ ਜੀ ਪਾਸੋਂ ਸਾਡੇ ਘਰ ਦੀ ਮਾਲੀ ਹਾਲਤ ਭੁਲੀ ਹੋਈ ਨਹੀਂ ਸੀ ਤੇ ਪੂਰੇ ਜਾਣੀ ਜਾਣ ਸਨ। ਇਕ ਦਿਨ ਅਸੀਂ ਦੋਵੇਂ ਜਣੇ ਸੰਤ ਮਹਾਰਾਜ ਪਾਸ ਬੈਠੇ ਹੋਏ ਸੀ ਤੇ ਸੰਗਤ ਦਾ ਹੋਰ ਕੋਈ ਪ੍ਰੇਮੀ ਪਾਸ ਨਹੀਂ ਸੀ। ਸੰਤ ਮਹਾਰਾਜ ਬਾਬਾ ਜੀ ਵੱਲ ਇਸ਼ਾਰਾ ਕਰਕੇ ਕਹਿਣ ਲੱਗੇ, ਕਿਉਂ ਭਾਈ! ਦਾਨ ਦੇਣ ਨਾਲ ਮਾਇਆ ਘਟ ਜਾਂਦੀ ਹੈ? ਬਾਬਾ ਜੀ ਨੇ ਉਤਰ ਦਿਤਾ ਕਿ ਨਹੀਂ ਮਹਾਰਾਜ। ਸੰਤ ਮਹਾਰਾਜ ਕਹਿਣ ਲੱਗੇ ਕਿ ਜਿਸ ਤਰ੍ਹਾਂ ਜ਼ਮੀਨ ਵਿਚੋਂ ਪਾਣੀ ਦਾ ਚਸ਼ਮਾ ਫੁਟ ਕੇ ਪਾਣੀ ਪੂਰੇ ਜ਼ੋਰ ਨਾਲ ਨਿਕਲਦਾ ਹੈ, ਇਸ ਤਰ੍ਹਾਂ 'ਉਭਲ' ਲੱਗ ਜਾਂਦੀ ਹੈ। ਸੰਤ ਮਹਾਰਾਜ ਜੀ ਦੇ ਬਚਨ ਕਰਨ ਤੋਂ ਭਾਵ ਸੀ ਕਿ ਤੱਤ ਬੇਤੇ ਬ੍ਰਹਮਗਿਆਨੀ ਅਤੇ ਸੰਗਤ ਦੀ ਸੇਵਾ ਕੀਤੀ ਹੋਈ ਨਿਹਫਲ ਨਹੀਂ ਜਾਂਦੀ, ਦਾਨ ਕੀਤਾ ਹੋਇਆ ਨਿਹਫਲ ਨਹੀਂ ਜਾਂਦਾ ਸਗੋਂ ਇਹ ਦਾਨ ਹਜ਼ਾਰਾਂ ਗੁਣਾਂ ਵਧ ਜਾਂਦਾ ਹੈ। ਬਾਬਾ ਜੀ ਤੇ ਬੀਜੀ, ਦੋਵਾਂ ਨੇ ਸਿਰ ਝੁਕਾ ਕੇ ਕਿਹਾ, ਮਹਾਰਾਜ ਜੀ! ਆਪ ਜੀ ਦਾ ਬਚਨ ਸੱਤ ਹੈ ਅਤੇ ਸਾਨੂੰ ਸੌ ਫੀ ਸਦੀ ਵਿਸ਼ਵਾਸ ਹੈ। ਸੰਤ ਮਹਾਰਾਜ ਜੀ ਦੇ ਇਹ ਬਚਨ ਯੂ.ਪੀ. ਫਾਰਮ ਨੂੰ ਆਬਾਦ ਕਰਨ ਤੋਂ ਬਾਅਦ ਪੂਰੇ ਹੋਏ ਜਿਸ ਬਾਰੇ ਪਾਠਕਾਂ ਨੂੰ ਪੁਸਤਕ ਦੇ ਅਗਲੇ ਭਾਗ ਵਿਚ ਗਿਆਤ ਕਰਵਾਇਆ ਜਾਵੇਗਾ।

ਚਾਰੇ ਬੱਚਿਆਂ ਬਾਰੇ ਵੀ ਸੰਤ ਮਹਾਰਾਜ ਜੀ ਨੇ ਪਹਿਲਾਂ ਹੀ ਭਵਿਖਤ ਬਚਨ ਕਰ ਦਿਤੇ ਸੀ ਅਤੇ ਬਾਬਾ ਜੀ ਦੱਸਿਆ ਕਰਦੇ ਸਨ ਕਿ ਇੰਨੀ ਅਪੱਣਤ ਨਾਲ ਉਨ੍ਹਾਂ ਨੇ ਬਚਨ ਕੀਤਾ ਸੀ ਕਿ ਤੁਹਾਨੂੰ ਇਨ੍ਹਾਂ ਦੇ ਭਵਿੱਖਤ ਦਾ ਕੋਈ ਫਿਕਰ ਨਹੀਂ, ਇਹ ਬੱਚੇ ਮੇਰੇ ਹੀ ਹਨ, ਤੁਸੀਂ ਬੇਫਿਕਰ ਰਹੋ। ਜਦੋਂ ਵੀ ਸੰਤ ਮਹਾਰਾਜ ਚੰਡੀਗੜ੍ਹ ਆਉਂਦੇ ਤਾਂ ਬੱਚਿਆਂ ਨਾਲ ਬਹੁਤ ਪਿਆਰ ਕਰਿਆ ਕਰਦੇ ਸਨ। ਵੱਡੇ ਕਾਕੇ ਮਨਜੀਤ ਨੂੰ ਆਪਣੇ ਕਮਰੇ ਵਿਚ ਬੁਲਾ ਲਿਆ ਕਰਦੇ ਸਨ ਅਤੇ ਉਸ ਪਾਸੋਂ ਸਾਇੰਸ ਤੇ ਅੰਗਰੇਜ਼ੀ ਦੀ ਪੁਸਤਕ ਵਿਚੋਂ ਸੁਣਿਆ ਕਰਦੇ ਸਨ। ਇਕ ਵੇਰਾਂ ਕਾਕਾ ਮਨਜੀਤ ਬਿਜਲੀ ਤੇ ਰੋਸ਼ਨੀ ਬਾਰੇ ਪੜ੍ਹ ਕੇ ਸੁਣਾ ਰਿਹਾ ਸੀ ਕਿ ਬਿਜਲੀ ਦੇ ਕਰੰਟ ਤੋਂ ਕਿਸ ਤਰ੍ਹਾਂ ਰੋਸ਼ਨੀ ਉਤਪੰਨ ਹੁੰਦੀ ਹੈ ਅਤੇ ਲਾਈਟ ਦੀ ਸਪੀਡ 1,86,000 ਕਿਲੋਮੀਟਰ ਪ੍ਰਤੀ ਸਕਿੰਟ ਦੀ ਹੈ। ਸਭ ਤੋਂ ਪਹਿਲਾਂ ਸਾਇੰਸਦਾਨ ਐਡੀਸਨ ਨੇ ਇਸ ਦਾ ਈਜ਼ਾਦ ਕੀਤਾ। ਇਸ ਤਰ੍ਹਾਂ ਨਾਲ ਲਾਈਟ ਦਾ ਕਿੰਨਾ ਸੁਖ ਹੈ ਅਤੇ ਜੇ ਥੋੜ੍ਹੀ ਦੇਰ ਵੀ ਲਾਈਟ ਚਲੀ ਜਾਵੇ ਤਾਂ ਅੰਧੇਰਾ ਛਾ ਜਾਂਦਾ ਹੈ। ਸੰਤ ਮਹਾਰਾਜ ਜੀ ਨੇ ਦੱਸਿਆ ਕਿ ਜੇਕਰ ਲਾਈਟ ਚਲੀ ਜਾਵੇ ਤਾਂ ਵੀ ਅਸੀਂ ਅੰਧੇਰ ਵਿਚ ਆਪਣੀ ਰੋਸ਼ਨੀ ਨਾਲ ਹੀ ਚੀਜ਼ ਲੱਭ ਲੈਂਦੇ ਹਾਂ, ਸਾਨੂੰ ਕੋਈ ਮੁਸ਼ਕਲ ਨਹੀਂ ਆਉਂਦੀ। ਭਜਨ ਬੰਦਗੀ ਤੇ ਨਾਮ ਦੀ ਕਮਾਈ ਸਦਕਾ ਮਹਾਂਪੁਰਸ਼ਾਂ ਦੇ ਅੰਦਰ ਤੇ ਬਾਹਰ ਵੀ ਨਾਮ ਦੀ energy ਹੋਇਆ ਕਰਦੀ ਹੈ, ਉਸ ਨੂੰ ਪ੍ਰਕਾਸ਼ ਰੂਪ ਕਰਕੇ ਉਹ ਇਹ ਕ੍ਰਿਆ ਕਰ ਸਕਿਆ ਕਰਦੇ ਹਨ। ਇਸ ਤਰ੍ਹਾਂ ਨਾਲ ਸਾਰੇ ਬੱਚਿਆਂ ਦਾ ਸੰਤ ਮਹਾਰਾਜ ਜੀ ਨਾਲ ਬਹੁਤ ਸਨੇਹ ਅਤੇ ਉਨ੍ਹਾਂ ਉਤੇ ਪੂਰਨ ਸ਼ਰਧਾ ਸੀ।

ਸੰਤ ਮਹਾਰਾਜ ਜੀ ਦੇ ਜਦੋਂ ਚੰਡੀਗੜ੍ਹ ਦੀਵਾਨ ਲੱਗਦੇ ਸਨ ਤਾਂ ਜਿਥੇ ਆਪ ਨੇ ਦੀਵਾਨਾਂ ਦਾ ਸਾਰਾ ਪ੍ਰਬੰਧ ਕਰਨਾ



Sri Satguru Jagjit Singh Ji eLibrary NamdhariElibrary@gmail.com

ਹੁੰਦਾ ਸੀ ਉਥੇ ਸੰਗਤਾਂ ਨੂੰ ਸੰਤ ਮਹਾਰਾਜ ਨਾਲ ਮਿਲਾਉਣ ਦੀ ਵੀ ਡਿਊਟੀ ਆਪ ਦੀ ਹੀ ਹੋਇਆ ਕਰਦੀ ਸੀ। ਆਪ ਜੀ ਸਭ ਨੂੰ ਨੰਬਰਵਾਰ ਖੜ੍ਹੇ ਕਰ ਦਿੰਦੇ, ਲਾਈਨ ਲਗਵਾ ਦਿਆ ਕਰਦੇ ਸਨ। ਜਿਨ੍ਹਾਂ ਨੇ ਘਰੇਲੂ ਸਮਸਿਆਵਾਂ ਦੀ ਗੱਲ ਕਰਨੀ ਹੁੰਦੀ ਉਹਨਾਂ ਨੂੰ ਵੱਖਰੇ ਕੱਢ ਲਿਆ ਕਰਦੇ ਸਨ। ਉਨ੍ਹਾਂ ਵਿਚੋਂ ਜਿਨ੍ਹਾਂ ਦੀ ਸਮੱਸਿਆ ਇਕੋ ਤਰ੍ਹਾਂ ਦੀ ਹੁੰਦੀ, ਉਨ੍ਹਾਂ ਦੇ ਗਰੁਪ ਬਣਾ ਕੇ ਇਕੱਠਿਆਂ ਨੂੰ ਲੈ ਜਾ ਕੇ ਸਮੱਸਿਆ ਦਾ ਸਮਾਧਾਨ ਸੰਤ ਮਹਾਰਾਜ ਜੀ ਪਾਸੋਂ ਕਰਵਾ ਦਿਆ ਕਰਦੇ ਸਨ। ਜਿਨ੍ਹਾਂ ਨੇ ਪ੍ਰਮਾਰਥ ਤੇ ਨਾਮ ਬਾਰੇ ਪ੍ਰਸ਼ਨ ਪੁਛਣੇ ਹੁੰਦੇ ਸਨ ਉਨ੍ਹਾਂ ਨੂੰ ਵੱਖਰੇ ਮਿਲਾ ਦਿਆ ਕਰਦੇ ਸਨ। ਇਸ ਤਰ੍ਹਾਂ ਨਾਲ ਘੱਟ ਸਮੇਂ ਵਿਚ ਵੱਧ ਤੋਂ ਵੱਧ ਸੰਗਤ ਨੂੰ ਸੰਤ ਮਹਾਰਾਜ ਨਾਲ ਮਿਲਾ ਦਿਆ ਕਰਦੇ ਸਨ। ਬਾਬਾ ਜੀ ਦੇ ਮਨ ਵਿਚ ਹਮੇਸ਼ਾ ਇਹੋ ਹੁੰਦਾ ਕਿ ਵੱਧ ਤੋਂ ਵੱਧ ਸੰਗਤ ਮਹਾਰਾਜ ਜੀ ਦੇ ਸਮੇਂ ਦਾ ਲਾਭ ਉਠਾ ਸਕੇ। ਇਸ ਪੱਖੋਂ ਸਾਰੇ ਹੈਰਾਨ ਹੋ ਜਾਇਆ ਕਰਦੇ ਸਨ ਕਿਉਂਕਿ ਆਪ ਹਰ ਕੰਮ ਨੂੰ ਕਰਨ ਵਾਸਤੇ ਇਕ ਵਖਰੀ ਹੀ ਟੈਕਨੀਕ ਅਪਣਾਇਆ ਕਰਦੇ ਸਨ।

ਇਕ ਦਿਨ ਸੰਤ ਮਹਾਰਾਜ ਜੀ ਦੀ ਕੁਰਸੀ ਲੱਗੀ ਹੋਈ ਸੀ ਤਾਂ ਜਦੋਂ ਘਰੇਲੂ ਸਮੱਸਿਆਵਾਂ ਵਾਲੇ ਸਾਰੇ ਪ੍ਰੇਮੀ ਭੁਗਤ ਗਏ ਤਾਂ ਜਗਿਆਸੂ, ਜੋ ਨਾਮ ਅਭਿਆਸੀ ਸਨ, ਉਹ ਰਹਿ ਗਏ ਤੇ ਸੰਤ ਮਹਾਰਾਜ ਜੀ ਨੇ ਸਾਰਿਆਂ ਨੂੰ ਕਿਹਾ, ਭਾਈ ਬੈਠ ਜਾਵੋ, ਜਿਸ ਨੇ ਪ੍ਰਸ਼ਨ ਕਰਨਾ ਹੈ ਉਠ ਕੇ ਕਰੋ ਤੇ ਫੇਰ ਧਿਆਨ ਨਾਲ ਸੁਣਿਓ। ਇਕ ਪੰਡਤ ਸੀ ਜੋ ਕਾਫੀ ਉਮਰ ਦਾ ਸੀ ਉਠ ਕੇ ਖੜ੍ਹਾ ਹੋ ਗਿਆ ਤੇ ਉਸ ਨੇ ਕਿਹਾ ਕਿ ਮਹਾਰਾਜ! ਸੁਣਨ ਦੀ ਕੋਸ਼ਿਸ਼ ਕਰਦਾ ਹਾਂ ਪਰ ਸੁਣਦਾ ਨਹੀਂ, ਦੇਖਣ ਦੀ ਕੋਸ਼ਿਸ਼ ਕਰਦਾ ਹਾਂ ਪਰ ਦਿਸਦਾ ਨਹੀਂ, ਇਸ ਦਾ ਕੀ ਕਾਰਨ ਹੈ? ਇਹ ਪ੍ਰਸ਼ਨ ਸੁਣ ਕੇ ਜਿੰਨੇ ਪ੍ਰੇਮੀ ਬੈਠੇ ਸਨ ਹੈਰਾਨ ਹੋ ਰਹੇ ਸਨ। ਸੰਤ ਮਹਾਰਾਜ ਜੀ ਨੇ ਮੁਸਕਰਾ ਕੇ ਉਤਰ ਦਿਤਾ ਕਿ ਭਾਈ ਅਭਿਆਸ ਦੀ ਕਮੀ ਹੈ, ਅਭਿਆਸ ਕਰਿਆ ਕਰੋ, ਫੇਰ ਸੁਣ ਵੀ ਜਾਵੇਗਾ ਤੇ ਦਿਸ ਵੀ ਜਾਵੇਗਾ।

ਇਸ ਤੋਂ ਬਾਅਦ ਤਿੰਨ ਚਾਰ ਹੋਰ ਪ੍ਰੇਮੀ ਇਕੱਠੇ ਉਠ ਕੇ ਖੜ੍ਹੇ ਹੋਏ ਤੇ ਕਹਿਣ ਲੱਗੇ, ਮਹਾਰਾਜ ਜੀ! ਅਸੀਂ ਚਾਰੇ ਜਣੇ ਕਲ ਸ਼ਾਮ ਨੂੰ 19 ਸੈਕਟਰ ਵਿਚੋਂ ਦੀ ਲੰਘੇ ਜਾ ਰਹੇ ਸੀ ਕਿ ਅਸੀਂ ਆਪ ਜੀ ਦੇ ਕੀਰਤਨ ਦੀ ਆਵਾਜ਼ ਸੁਣੀ ਅਤੇ ਉਸ ਆਵਾਜ਼ ਦੀ ਸੇਧ ਵਿਚ ਅਸੀਂ ਗੁਰਦੁਆਰਾ ਸਾਹਿਬ ਪਹੁੰਚੇ ਤਾਂ ਦੇਖਿਆ ਕਿ ਸੰਗਤ ਤਾਂ ਗਰਾਉਂਡ ਭਰ ਕੇ ਸਕੂਲ ਦੇ ਗਰਾਉਂਡ ਵਿਚ ਬੈਠੀ ਹੋਈ ਹੈ, ਅਸੀਂ ਵੀ ਇਕ ਪਾਸੇ ਹੋ ਕੇ ਆਪ ਜੀ ਦੇ ਬਚਨ ਤੇ ਕੀਰਤਨ ਸੁਣਦੇ ਰਹੇ। ਆਪ ਦੀ ਆਵਾਜ਼ ਵਿਚ ਐਸੀ ਰੇਡੀਏਸ਼ਨ ਸੀ ਕਿ ਸਾਡੇ ਅੰਦਰੋਂ ਦੀ ਚੀਰਦੀ ਜਾ ਰਹੀ ਸੀ ਜਿਸ ਦਾ ਸਦਕਾ ਅਸੀਂ ਅੱਜ ਆਪ ਦੇ ਦਰਸ਼ਨ ਅਤੇ ਪ੍ਰਬਚਨ ਸੁਣਨ ਵਾਸਤੇ ਆਏ ਹਾਂ। ਕਿਰਪਾ ਕਰਕੇ ਇਹ ਦੱਸੋ ਕਿ ਕੇਵਲ ਆਪ ਦੀ ਆਵਾਜ਼ ਵਿਚ ਹੀ ਐਸੀ ਖਿਚ ਤੇ ਰੇਡੀਏਸ਼ਨ ਕਿਉਂ ਹੈ? ਸੰਤ ਮਹਾਰਾਜ ਮੁਸਕਰਾ ਕੇ ਕਹਿਣ ਲੱਗੇ, ਪ੍ਰੇਮੀਓ! ਐਸੀ ਗੱਲ ਨਹੀਂ, ਇਹ ਗੱਲ ਸਰੋਤੇ ਤੇ ਵਕਤੇ ਤੇ ਨਿਰਭਰ ਕਰਿਆ ਕਰਦੀ ਹੈ। ਜਦੋਂ ਸਰੋਤੇ ਦਾ ਮਨ ਇਕਾਗਰ ਹੋਵੇ, ਉਧਰ ਕਥਾ ਤੇ ਕੀਰਤਨ ਕਰਨ ਵਾਲਾ ਉਸ ਪ੍ਰਭੂ ਨਾਲ ਇਕ ਮਿਕ ਹੋ ਕੇ ਕੀਰਤਨ ਕਰ ਰਿਹਾ ਹੋਵੇ ਤਾਂ ਫੇਰ ਇਹ ਰੇਡੀਏਸ਼ਨ ਪੈਦਾ ਹੋ ਜਾਇਆ ਕਰਦੀ ਹੈ ਜੋ ਸਰੋਤੇ ਦੇ ਧੁਰ ਹਿਰਦੇ ਤਕ ਅਸਰ ਕਰਕੇ ਵੈਰਾਗ ਪੈਦਾ ਕਰ ਦਿਆ ਕਰਦੀ ਹੈ। ਇਸ ਤਰ੍ਹਾਂ ਕਰਕੇ ਦੀਵਾਨਾਂ ਦੌਰਾਨ ਚੰਡੀਗੜ੍ਹ ਵਿਚ ਹਲਚਲ ਮਚ ਜਾਇਆ ਕਰਦੀ ਸੀ ਕਿ ਕੋਈ ਮਹਾਤਮਾ ਰਾੜਾ ਸਾਹਿਬ ਤੋਂ ਆਏ ਹੋਏ ਹਨ ਤੇ ਸਾਰੇ ਵਹੀਰਾਂ ਘੱਤ ਕੇ ਸੰਤ ਮਹਾਰਾਜ ਜੀ ਦੇ ਕੁਰਸੀ ਦੇ ਬਚਨ ਸੁਣਨ ਵਾਸਤੇ ਅਤੇ ਦੀਵਾਨਾਂ ਵਿਚ ਹਾਜ਼ਰੀਆਂ ਭਰਨ ਵਾਸਤੇ ਪਹੁੰਚਿਆ ਕਰਦੇ ਸਨ।

ਬਾਬਾ ਜੀ, ਬੀਜੀ ਤੇ ਪਰਿਵਾਰ ਵਿਚ ਇੰਨੀ ਖੁਸ਼ੀ ਹੋਇਆ ਕਰਦੀ ਸੀ ਕਿ ਜਿਵੇਂ ਪਤਾ ਨਹੀਂ ਉਨ੍ਹਾਂ ਨੂੰ ਕੀ ਮਿਲ ਗਿਆ ਹੋਵੇ ਅਤੇ ਸਚਮੁਚੀ ਸਾਖਸ਼ਾਤ, ਪ੍ਰੇਮ ਦੀ ਮੂਰਤ, ਸੰਤ ਮਹਾਰਾਜ ਜੀ ਦੇ ਬਹੁਤ ਨੇੜੇ ਹੋ ਕੇ ਰਹਿਣ ਦਾ ਸਮਾਂ ਮਿਲ ਜਾਂਦਾ ਸੀ ਜੋ ਕਿ ਵੱਡੇ ਸੁਭਾਗ ਦੀ ਨਿਸ਼ਾਨੀ ਹੁੰਦੀ ਹੈ। ਇਡੇ ਵੱਡੇ ਮਹਾਂਪੁਰਸ਼ਾਂ ਦੀ ਨੇੜਤਾ ਤੇ ਉਨ੍ਹਾਂ ਦਾ ਪਿਆਰ ਕਿਸੇ ਵਿਰਲੇ ਦੇ ਹੀ ਹਿਸੇ ਆਇਆ ਕਰਦਾ ਹੈ।

## ਸਾਥੀਆਂ ਨਾਲ ਗੁਰਧਾਮਾਂ ਦੀ ਯਾਤਰਾ

ਬਾਬਾ ਜੀ ਨੇ ਇਕ ਵਾਰ ਦੱਸਿਆ ਸੀ ਕਿ ਅਸੀਂ ਸਾਰਾ ਪਰਿਵਾਰ ਅਕਸਰ ਰਾੜਾ ਸਾਹਿਬ ਸੰਤ ਮਹਾਰਾਜ ਦੇ ਦਰਸ਼ਨ ਕਰਨ ਜਾਇਆ ਕਰਦੇ ਸੀ। ਇਸੇ ਤਰ੍ਹਾਂ ਇਨ੍ਹਾਂ ਦੇ ਨਾਲ ਕਈ ਵੇਰਾਂ ਸੈਕਟਰੀਏਟ ਵਿਚ ਕੰਮ ਕਰਨ ਵਾਲੇ ਸਾਥੀ ਵੀ ਰਾੜਾ ਸਾਹਿਬ ਜਾਇਆ ਕਰਦੇ ਸੀ। ਇਕ ਬਾਰ ਬਾਬਾ ਜੀ ਦੇ ਨਾਲ ਦੇ ਕਈ ਪ੍ਰੇਮੀਆਂ ਨੇ ਮਿਲ ਕੇ ਸਲਾਹ ਬਣਾਈ ਕਿ ਆਪਾਂ ਨੂੰ ਅੱਗੇ ਦੋ ਛੁਟੀਆਂ ਆ ਰਹੀਆਂ ਹਨ, ਕਿਉਂ ਨਾ ਸਾਰੇ ਇਕੱਠੇ ਸਾਈਕਲਾਂ ਤੇ ਸਵਾਰ ਹੋ ਕੇ ਗੁਰਧਾਮਾਂ ਦੇ ਦਰਸ਼ਨ ਕਰੀਏ? ਇਨ੍ਹਾਂ ਪ੍ਰੇਮੀਆਂ ਵਿਚ ਵੱਖ ਵੱਖ ਸੰਪਰਦਾਵਾਂ ਦੇ ਪ੍ਰੇਮੀ ਸਨ, ਜਿੰਨ੍ਹਾਂ ਵਿਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜਥੇ ਦੇ ਸਿੰਘ, ਸੰਤ ਬਾਬਾ ਜਵਾਲਾ ਸਿੰਘ ਹਰਖੋਵਾਲ ਵਾਲਿਆਂ ਦੇ ਸੇਵਕ, ਨਾਮਧਾਰੀ ਸਿੰਘ ਅਤੇ ਹੋਰ ਅੱਡ ਅੱਡ ਮਹਾਤਮਾਵਾਂ ਤੇ ਅਕੀਦਾ ਰੱਖਣ ਵਾਲੇ ਪ੍ਰੇਮੀ ਸਨ। ਅਸੀਂ ਚਮਕੌਰ ਸਾਹਿਬ, ਮਾਛੀਵਾੜਾ ਸਾਹਿਬ ਅਤੇ ਕਤਲਗੜ੍ਹ ਆਦਿ ਗੁਰਦੁਆਰਿਆਂ ਦੇ ਦਰਸ਼ਨ ਕਰਦੇ ਹੋਏ ਕਟਾਣਾ ਸਾਹਿਬ



Sri Satguru Jagjit Singh Ji eLibrary NamdhariElibrary@gmail.com

ਪਹੁੰਚ ਗਏ ਜੋ ਕਿ ਸਰਹੰਦ ਨਹਿਰ ਦੇ ਕੰਢੇ ਤੇ ਸਥਿਤ ਹੈ। ਅਸੀਂ ਸਾਰੇ ਥੱਕੇ ਹੋਏ ਸਾਂ, ਉਥੇ ਪੁਲ ਤੇ ਬੈਠ ਕੇ ਇਹ ਵਿਚਾਰਾਂ ਕਰਨ ਲੱਗੇ ਕਿ ਇਥੋਂ ਰੇਰੂ ਸਾਹਿਬ ਦੇ ਦਰਸ਼ਨ ਕਰਦੇ ਹੋਏ ਆਲਮਗੀਰ ਪਹੁੰਚੀਏ। ਸਵੇਰੇ ਨਾਰੰਗਵਾਲ ਤੋਂ ਹੁੰਦੇ ਹੋਏ ਰਾੜਾ ਸਾਹਿਬ ਵਿਚੀਂ ਫਤਹਿਗੜ੍ਹ ਸਾਹਿਬ ਦੇ ਦਰਸ਼ਨ ਕਰਦੇ ਹੋਏ ਵਾਪਸ ਚੰਡੀਗੜ੍ਹ ਪਹੁੰਚ ਜਾਈਏ। ਰਾਤ ਠਹਿਰਨ ਦਾ ਵਿਚਾਰ ਹੋ ਰਿਹਾ ਸੀ, ਮੈਂ ਸੁਝਾਅ ਦਿਤਾ ਕਿ ਅੱਜ ਰਾੜਾ ਸਾਹਿਬ ਪੂਰਨਮਾਸ਼ੀ ਹੈ, ਆਪਾਂ ਸਾਰੇ ਮਹਾਂਪੁਰਸ਼ਾਂ ਦੇ ਪ੍ਰਬਚਨ ਸਰਵਣ ਕਰਾਂਗੇ ਤੇ ਨਾਲੇ ਸਮਾਂ ਪੂਰੀ ਤਰ੍ਹਾਂ ਸਫਲ ਹੋ ਜਾਵੇਗਾ। ਸਾਰਿਆਂ ਨੇ ਮੇਰੀ ਬੇਨਤੀ ਮੰਨ ਲਈ ਪਰੰਤੂ ਉਨ੍ਹਾਂ ਸਾਰਿਆਂ ਨੇ ਇਕ ਜ਼ੁਬਾਨ ਹੋ ਕੇ ਕਿਹਾ ਕਿ ਸਾਨੂੰ ਜਾਂਦਿਆਂ ਸੰਤ ਮਹਾਰਾਜ ਦੇ ਦਰਸ਼ਨ ਹੋ ਜਾਣ ਤਾਂ ਚੰਗਾ ਹੈ। ਉਥੇ ਪਹੁੰਚਦਿਆਂ ਥਕੇਵਾਂ ਲਾਹੁਣ ਲਈ ਗਰਮ ਗਰਮ ਜਲ ਮਿਲ ਜਾਵੇ, ਨਾਲ ਸਰੋਂ ਦਾ ਤੇਲ ਵੀ ਮਿਲ ਜਾਵੇ, ਗਰਮ ਗਰਮ ਦੁਧ ਵੀ ਮਿਲ ਜਾਵੇ। ਅਸੀਂ ਥੱਕੇ ਹੋਏ ਹਾਂ, ਦੀਵਾਨ ਤਾਂ ਸਾਥੋਂ ਸੁਣਿਆ ਨਹੀਂ ਜਾਣਾ ਕਿਉਂਕਿ ਨੀਂਦ ਆਵੇਗੀ। ਥਕੇਵਾਂ ਲਾਹੁਣ ਲਈ ਜੇਕਰ ਇਕ ਵੱਖਰਾ ਕਮਰਾ ਮਿਲ ਜਾਵੇ, ਉਸ ਵਿਚ ਹੇਠਾਂ ਗਦੈਲੇ ਵਿਛੇ ਹੋਏ ਹੋਣ ਤੇ ਉਪਰ ਲੈਣ ਲਈ ਰਜਾਈਆਂ ਮਿਲ ਜਾਣ। ਇਸ ਤਰ੍ਹਾਂ ਦੇ ਨਾਲ ਮੈਂ ਇਹ ਸਾਰੇ ਸਵਾਲ ਇਕ ਕਾਗਜ਼ ਤੇ ਨੋਟ ਕਰ ਲਏ ਅਤੇ ਸਭ ਨੇ ਕਿਹਾ ਕਿ ਇਨ੍ਹਾਂ ਸਾਰੇ ਸਵਾਲਾਂ ਦਾ ਸਮਾਧਾਨ ਕਰਾਉਣਾ ਹੈ। ਇਕ ਹੋਰ ਪ੍ਰੇਮੀ ਭਾਈ ਕੁਲਦੀਪ ਸਿੰਘ ਵੀ ਨਾਲ ਸੀ, ਉਸ ਦੀ ਪਤਨੀ ਨੇ ਆਪਣੇ ਹੱਥਾਂ ਨਾਲ ਸੰਤ ਮਹਾਰਾਜ ਜੀ ਵਾਸਤੇ ਇਹ ਚਾਦਰ ਕੱਢੀ ਸੀ। ਉਸ ਨੇ ਵੀ ਕਿਹਾ ਕਿ ਸੰਤ ਮਹਾਰਾਜ ਜੀ ਇਸ ਚਾਦਰ ਆਪਣੇ ਬਿਸਤਰੇ ਤੇ ਵਿਛਵਾ ਲੈਣ ਤਾਂ ਮੇਰੀ ਭਾਵਨਾ ਵੀ ਪੂਰੀ ਜਾਵੇਗੀ। ਰੇਰੂ ਸਾਹਿਬ ਤੋਂ ਦੁਰਾਹੇ ਤਕ ਪਹੁੰਚਦਿਆਂ ਹਨ੍ਹੇਰਾ ਪੈ ਚੁਕਿਆ ਸੀ ਪਰੰਤੂ ਚੰਦ ਦੀ ਚਾਨਣੀ ਰਾਤ ਸੀ। ਮੈਂ ਸਾਰੇ ਪ੍ਰੇਮੀਆਂ ਨੂੰ ਦੁਰਾਹੇ ਰੱਜ ਕੇ ਦੁਧ ਪਿਆਇਆ ਤੇ ਜਦੋਂ ਰਾੜਾ ਸਾਹਿਬ ਦੇ ਨੇੜੇ ਪਹੁੰਚੇ ਤਾਂ ਮੈਂ ਸਾਰਿਆਂ ਨੂੰ ਕਿਹਾ ਕਿ ਆਪਾਂ ਨੂੰ ਦੁਰਾਹੇ ਦੇਰ ਲਗ ਗਈ ਹੈ, ਕਿਤੇ ਸੰਤ ਮਹਾਰਾਜ ਜੀ ਦੀਵਾਨ ਤੇ ਨਾ ਚਲੇ ਗਏ ਹੋਣ ਕਿਉਂਕਿ ਉਨ੍ਹਾਂ ਦੇ ਦੀਵਾਨ ਦਾ ਸਮਾਂ ਹੋ ਚੁਕਿਆ ਹੈ ਅਤੇ ਸੰਤ ਮਹਾਰਾਜ ਦੀਵਾਨ ਤੇ ਹਮੇਸ਼ਾ ਪੂਰੇ ਟਾਈਮ ਤੇ ਚਲੇ ਜਾਇਆ ਕਰਦੇ ਹਨ। ਪਰੰਤੂ ਮੇਰੇ ਮਨ ਵਿਚ ਇਹ ਪੂਰਾ ਵਿਸ਼ਵਾਸ ਸੀ ਕਿ ਉਹ ਸਾਡੀ ਇੰਤਜ਼ਾਰ ਕਰਕੇ ਹੀ ਦੀਵਾਨ ਤੇ ਜਾਣਗੇ। ਅਸੀਂ ਸਾਰੇ ਹੀ ਜਦੋਂ ਭੋਰੇ ਵਲ ਗਏ ਤਾਂ ਉਸ ਵੇਲੇ ਰਾਤ ਦੇ ਨੌਂ ਵੱਜ ਚੁਕੇ ਸਨ। ਸੇਵਾਦਾਰ ਨੇ ਪਹਿਲਾਂ ਹੀ ਦਰਵਾਜ਼ਾ ਖੋਲ੍ਹ ਦਿਤਾ ਅਤੇ ਕਿਹਾ ਕਿ ਸੰਤ ਮਹਾਰਾਜ ਜੀ ਤੁਹਾਡਾ ਇੰਤਜ਼ਾਰ ਕਰ ਰਹੇ ਹਨ। ਇਹ ਸੁਣ ਕੇ ਸਾਰੇ ਹੱਕੇ ਬੱਕੇ ਰਹਿ ਗਏ ਕਿ ਕਮਾਲ ਹੈ, ਉਹ ਤਾਂ ਸਭ ਜਾਣੀ ਜਾਣ ਹਨ। ਉਹ ਸਾਨੂੰ ਪਹਿਲਾਂ ਬਾਥਰੂਮ ਵੱਲ ਲੈ ਗਿਆ ਅਤੇ ਨਾਲ ਦੀ ਨਾਲ ਹੀ ਗਰਮ ਪਾਣੀ ਦੀਆਂ ਬਾਲਟੀਆਂ ਆ ਗਈਆਂ ਤੇ ਨਾਲ ਹੀ ਸਰੋਂ ਦਾ ਤੇਲ ਵੀ ਦੇ ਦਿਤਾ ਤੇ ਉਸ ਸੇਵਾਦਾਰ ਨੇ ਕਿਹਾ ਕਿ ਲਓ ਪ੍ਰੇਮੀਓ! ਹੁਣ ਤੁਸੀਂ ਪੰਜ ਇਸ਼ਨਾਨਾ ਕਰੋ। ਉਸ ਵੇਲੇ ਗਰਮਾ-ਗਰਮ ਦੁੱਧ ਦੀ ਬਾਲਟੀ ਭਰੀ ਹੋਈ ਆ ਗਈ ਤੇ ਗਲਾਸਾਂ ਵਿਚ ਪਾ ਕੇ ਕਹਿਣ ਲੱਗਿਆ, ਲਓ ਗਰਮ ਦੁਧ ਪੀਓ, ਤੁਹਾਡਾ ਥਕੇਵਾਂ ਲਹਿ ਜਾਵੇਗਾ। ਸੰਤ ਮਹਾਰਾਜ ਨੇ ਸਭ ਦੇ ਹਿਰਦਿਆਂ ਦੀ ਬੁੱਝ ਕੇ ਪਹਿਲਾਂ ਹੀ ਸਾਰਾ ਇੰਤਜ਼ਾਮ ਕਰ ਦਿਤਾ ਸੀ। ਅਸੀਂ ਸਾਰੇ ਦੁਧ ਪੀ ਕੇ ਸੰਤ ਮਹਾਰਾਜ ਜੀ ਨੂੰ ਨਮਸ਼ਕਾਰ ਕਰਕੇ ਬੈਠ ਗਏ ਅਤੇ ਮੈਂ ਜੇਬ ਵਿਚੋਂ ਉਹ ਕਾਗਜ਼ ਕੱਢ ਲਿਆ ਜਿਸ ਵਿਚ ਉਹ ਸਵਾਲ ਲਿਖੇ ਹੋਏ ਸਨ। ਸੰਤ ਮਹਾਰਾਜ ਜੀ ਨੇ ਉਹ ਕਾਗਜ਼ ਮੇਰੇ ਕੋਲੋਂ ਫੜ ਲਿਆ ਅਤੇ ਕਹਿਣ ਲੱਗੇ ਕਿ ਇਨ੍ਹਾਂ ਸਵਾਲਾਂ ਦੇ ਤਾਂ ਜਵਾਬ ਅਸੀਂ ਦੇ ਚੁਕੇ ਹਾਂ, ਕਿਸੇ ਨੇ ਹੋਰ ਕੋਈ ਕਰਨਾ ਹੈ ਤਾਂ ਕਰੋ, ਨਹੀਂ ਤਾਂ ਆਪਾਂ ਦੀਵਾਨ ਤੇ ਚਲੀਏ, ਲੇਟ ਹੋ ਰਹੇ ਹਾਂ। ਉਸ ਵੇਲੇ ਸੇਵਾਦਾਰ ਨੂੰ ਇਸ਼ਾਰਾ ਕੀਤਾ ਤੇ ਕਿਹਾ ਕਿ ਝੋਲੇ ਵਿਚੋਂ ਚਾਦਰ ਕੱਢ ਕੇ ਸਾਡੇ ਪਲੰਘ ਤੇ ਵਿਛਾ ਦਿਓ। ਇਹ ਸਾਰੇ ਪ੍ਰੇਮੀ ਵੱਖ ਵੱਖ ਸੰਪਰਦਾਵਾਂ ਵਾਲੇ ਸਨ ਅਤੇ ਕਈ ਤਾਂ ਸੰਤਾਂ ਉਤੇ ਤਰਕ ਕਰਨ ਵਾਲੇ ਵੀ ਸਨ, ਪਰੰਤੂ ਸਾਰਿਆਂ ਨੇ ਸੰਤ ਮਹਾਰਾਜ ਜੀ ਨੂੰ ਸੀਸ ਝੁਕਾ ਕੇ ਮਾਫੀ ਮੰਗੀ ਤੇ ਕਿਹਾ ਕਿ ਮਹਾਰਾਜ ਜੀ! ਅਸੀਂ ਆਪ ਦਾ ਬਹੁਤ ਸਮਾਂ ਲੈ ਲਿਆ ਹੈ, ਅਤੇ ਅਸੀਂ ਸਵੇਰੇ ਅੰਮ੍ਰਿਤ ਵੇਲੇ ਹੀ ਤੁਰ ਪੈਣਾ ਹੈ। ਸੰਤ ਮਹਾਰਾਜ ਜੀ ਨੇ ਸੇਵਾਦਾਰ ਨੂੰ ਕਿਹਾ ਕਿ ਇਨ੍ਹਾਂ ਨੂੰ ਕਮਰਾ ਦੇ ਦੇਵੋ ਅਤੇ ਹੇਠਾਂ ਗਦੈਲੇ ਵਿਛਾ ਦੇਣਾ ਅਤੇ ਉਪਰ ਵਾਸਤੇ ਰਜਾਈਆਂ ਦੇ ਦਿਓ। ਇਹ ਪ੍ਰੇਮੀ ਚੰਡੀਗੜ੍ਹ ਦੇ ਰਹਿਣ ਵਾਲੇ ਹਨ, ਬਹੁਤ ਸੋਹਲ ਹਨ, ਵਿਚਾਰੇ ਥੱਕੇ ਹੋਏ ਹਨ, ਇਨ੍ਹਾਂ ਨੂੰ ਚੰਗੀ ਤਰ੍ਹਾਂ ਨੀਂਦ ਆ ਜਾਵੇਗੀ। ਜਦੋਂ ਅਸੀਂ ਸੰਤ ਮਹਾਰਾਜ ਜੀ ਤੋਂ ਆਗਿਆ ਲੈ ਕੇ ਕਮਰੇ ਵਿਚ ਪਹੁੰਚੇ ਤਾਂ ਸਾਰੇ ਹੀ ਪ੍ਰੇਮੀ ਹੈਰਾਨ ਹੋ ਰਹੇ ਸਨ ਤੇ ਨਾਲ ਥੋੜੇ ਸ਼ਰਮਸ਼ਾਰ ਵੀ ਕਿ ਸਾਨੂੰ ਸੰਤਾਂ ਦਾ ਐਨਾ ਇਮਤਿਹਾਨ ਨਹੀਂ ਸੀ ਲੈਣਾ ਚਾਹੀਦਾ, ਸਾਥੋਂ ਭੁਲ ਹੋ ਗਈ। ਪਰ ਫੇਰ ਵੀ ਮਹਾਂਪੁਰਸ਼ ਕਿੰਨੇ ਦਿਆਲੂ ਹਨ, ਉਹਨਾਂ ਨੇ ਇਸ ਗੱਲ ਨੂੰ ਗੌਲਿਆ ਹੀ ਨਹੀਂ। ਸਾਡੇ ਔਗੁਣਾ ਨੂੰ ਚਿਤਾਰਿਆ ਹੀ ਨਹੀਂ, ਸਗੋਂ ਸਾਡੇ ਆਰਾਮ ਦਾ ਕਿੰਨਾ ਖਿਆਲ ਕੀਤਾ ਹੈ ਤੇ ਆਪ ਵੀ ਦੀਵਾਨ ਤੋਂ ਲੇਟ ਹੋ ਗਏ। ਸਾਰਿਆਂ ਦੇ ਨੇਤਰਾਂ ਵਿਚ ਪਛਤਾਵੇ ਦੇ ਅਥਰੂ ਸਨ ਕਿ ਹੈਰਾਨੀ ਦੀ ਗੱਲ ਹੈ ਕਿ ਐਨੀ ਵੱਡੀ ਪਦਵੀ ਦੇ ਮਾਲਕ ਆਪਣੇ ਆਪ ਨੂੰ ਬਿਲਕੁਲ ਹੀ ਨਹੀਂ ਦਰਸਾਉਂਦੇ ਅਤੇ ਗੁਪਤ ਹੀ ਵਰਤ ਰਹੇ ਹਨ।

***ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ॥***

***ਪੰਨਾ - 1385***



Sri Satguru Jagjit Singh Ji eLibrary NamdhariElibrary@gmail.com

## ਧਾਰਮਿਕ ਸੇਵਾ ਤੇ ਸਮਾਜ ਸੁਧਾਰ

ਚੰਡੀਗੜ੍ਹ ਵਿਚ ਰਹਿੰਦਿਆਂ ਹੋਇਆਂ ਬਾਬਾ ਜੀ ਜਿਥੇ ਆਪਣੇ ਸੰਪਰਕ ਵਿਚ ਆਉਣ ਵਾਲੇ ਪ੍ਰੇਮੀਆਂ ਨੂੰ ਗੁਰਬਾਣੀ ਨਾਲ ਜੋੜਦੇ ਸਨ, ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੇ ਦਰਸ਼ਨ ਤੇ ਉਨ੍ਹਾਂ ਦੀ ਸੰਗਤ ਦਾ ਸੁਭਾਗ ਬਖਸ਼ਦੇ ਸਨ, ਉਥੇ ਉਹ ਧਾਰਮਿਕ ਅਦਾਰਿਆਂ ਨਾਲ ਵੀ ਜੁੜੇ ਹੋਏ ਸਨ। ਇਹ ਗੱਲ ਉਸ ਵੇਲੇ ਦੀ ਹੈ ਜਦੋਂ ਆਪ ਗੁਰਦੁਆਰਾ ਸਿੰਘ ਸਭਾ, ਸੈਕਟਰ 19 ਦੇ ਸੈਕਟਰੀ ਸਨ। ਆਪ ਜੀ ਦੱਸਿਆ ਕਰਦੇ ਸਨ ਕਿ ਉਹ ਜਿੰਨਾਂ ਚਿਰ ਇਥੇ ਸੈਕਟਰੀ ਰਹੇ, ਓਨਾਂ ਚਿਰ ਉਥੇ ਧੜੇਬੰਦੀ ਨਹੀਂ ਹੋਣ ਦਿਤੀ ਅਤੇ ਸਰਬ ਸੰਮਤੀ ਨਾਲ ਜਿਹੜਾ ਪ੍ਰਧਾਨ ਸੇਵਾ ਕਰਕੇ ਅੱਗੇ ਹੁੰਦਾ ਸੀ ਉਸ ਨੂੰ ਹੀ ਪ੍ਰਧਾਨ ਬਣਾ ਦਿਤਾ ਜਾਂਦਾ ਸੀ। ਇਸ ਕਰਕੇ ਕਮੇਟੀ ਵਿਚ ਜਦ ਕਦੀ ਵੀ ਕੋਈ ਆਪਸੀ ਅਣਬਣ ਜਾਂ ਖਿਆਲਾਂ ਦਾ ਟਕਰਾਅ ਹੁੰਦਾ ਤਾਂ ਆਪ ਨੂੰ ਇਸ ਦਾ ਸਮਾਧਾਨ ਕਰਨ ਬਾਰੇ ਬੁਲਾਇਆ ਜਾਂਦਾ ਸੀ। ਉਹਨਾਂ ਦਿਨਾਂ ਵਿਚ ਇਕ ਰਾਗੀ ਜਥਾ ਗੁਰਦੁਆਰਾ ਸਾਹਿਬ ਵਿਚ ਦੋਵੇਂ ਟਾਈਮ (ਸਵੇਰ ਸ਼ਾਮ) ਕੀਰਤਨ ਕਰਿਆ ਕਰਦਾ ਸੀ ਜਿਨ੍ਹਾਂ ਦਾ ਕੀਰਤਨ ਬਹੁਤ ਰਸ ਭਿੰਨਾ ਅਤੇ ਸਰੋਤਿਆਂ ਦੇ ਮਨਾਂ ਨੂੰ ਭਾਇਆ ਕਰਦਾ ਸੀ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੇ ਆਪਸ ਵਿਚ ਸਲਾਹ ਕੀਤੀ ਕਿ ਇਨ੍ਹਾਂ ਰਾਗੀਆਂ ਨੂੰ ਸੇਵਾ ਨਵਿਰਤ ਕੀਤਾ ਜਾਵੇ ਕਿਉਂਕਿ ਉਨ੍ਹਾਂ ਦੇ ਖਿਲਾਫ ਇਕ ਅਜਿਹਾ ਅਪਰਾਧ ਕਰਨ ਦਾ ਸਬੂਤ ਸੀ ਜੋ ਕਿ ਉਨ੍ਹਾਂ ਦੀ ਇਮਾਨਦਾਰੀ ਤੇ ਪ੍ਰਸ਼ਨ ਚਿੰਨ੍ਹ ਬਣ ਗਿਆ ਸੀ। ਸਾਰਿਆਂ ਨੇ ਫੈਸਲਾ ਕੀਤਾ ਕਿ ਬੇਹਤਰ ਇਹ ਹੈ ਕਿ ਆਪਾਂ ਇਹ ਮਾਮਲਾ ਸੈਕਟਰੀ ਸਾਹਿਬ (ਸਰਦਾਰ ਵਰਿਆਮ ਸਿੰਘ ਜੀ) ਨੂੰ ਸੌਂਪੀਏ, ਉਹ ਇਸ ਮਾਮਲੇ ਦੀ ਜਾਂਚ ਪੜਤਾਲ ਕਰਕੇ ਜੋ ਫੈਸਲਾ ਲੈਣਗੇ, ਸਾਨੂੰ ਮਨਜ਼ੂਰ ਹੋਵੇਗਾ। ਬਾਬਾ ਜੀ ਨੂੰ ਬੁਲਾ ਕੇ ਰਾਗੀਆਂ ਦੀ ਉਸ ਹਰਕਤ ਬਾਰੇ ਦੱਸਿਆ ਗਿਆ ਕਿ ਉਹ ਰਾਤ ਨੂੰ ਗੁਰਦੁਆਰਾ ਸਾਹਿਬ ਦੇ ਪਿਛੇ ਹੀ ਕੁਆਟਰ ਵਿਚ ਰਹਿੰਦੇ ਹਨ ਅਤੇ ਗੁਰਦੁਆਰਾ ਸਾਹਿਬ ਦੀ ਚਾਬੀ ਉਨ੍ਹਾਂ ਕੋਲ ਹੀ ਹੁੰਦੀ ਹੈ ਅਤੇ ਰਾਤ ਨੂੰ ਮੌਕਾ ਪਾ ਕੇ ਉਹ ਗੋਲਕ ਵਿਚੋਂ ਮਾਇਆ ਕੱਢ ਲੈਂਦੇ ਹਨ। ਬਾਬਾ ਜੀ ਕਹਿਣ ਲੱਗੇ, ਗੋਲਕ ਨੂੰ ਤਾਂ ਤਾਲਾ ਲੱਗਿਆ ਹੁੰਦਾ ਹੈ ਤੇ ਨਾ ਹੀ ਇਸ ਵਿਚ ਹੱਥ ਪੈ ਸਕਦਾ ਹੈ, ਫੇਰ ਇਹ ਪ੍ਰੇਮੀ ਮਾਇਆ ਕਿਸ ਤਰ੍ਹਾਂ ਕੱਢ ਲੈਂਦੇ ਹਨ? ਕਮੇਟੀ ਦੇ ਮੈਂਬਰਾਂ ਨੇ ਦੱਸਿਆ ਕਿ ਸਾਨੂੰ ਪੂਰਾ ਸ਼ੱਕ ਹੈ ਕਿਉਂਕਿ ਜਦੋਂ ਅਸੀਂ ਗੋਲਕ ਗਿਣਦੇ ਹਾਂ, ਮਾਇਆ ਪਹਿਲਾਂ ਜਿੰਨੀ ਨਹੀਂ ਹੁੰਦੀ, ਜਦ ਕਿ ਸੰਗਤ ਦੀ ਹਾਜ਼ਰੀ ਪਹਿਲਾਂ ਨਾਲੋਂ ਵੀ ਵੱਧ ਹੁੰਦੀ ਹੈ। ਬਾਬਾ ਜੀ ਕਹਿਣ ਲੱਗੇ ਠੀਕ ਹੈ, ਇਹ ਕੰਮ ਤੁਸੀਂ ਮੇਰੇ ਤੇ ਛੱਡ ਦਿਓ, ਮੈਂ ਆਪ ਹੀ ਪੁਛ ਪੜਤਾਲ ਕਰਾਂਗਾ। ਬਾਬਾ ਜੀ ਨੇ ਉਹਨਾਂ ਰਾਗੀਆਂ ਨੂੰ ਇਕੱਲਿਆਂ ਹੀ ਬੁਲਾਇਆ, ਉਥੇ ਕਮੇਟੀ ਦਾ ਹੋਰ ਕੋਈ ਮੈਂਬਰ ਨਹੀਂ ਸੀ। ਪੁਛਿਆ ਕਿ ਪ੍ਰੇਮੀਓ! ਤੁਹਾਡੇ ਤੇ ਇਲਜ਼ਾਮ ਹੈ ਕਿ ਤੁਸੀਂ ਗੋਲਕ ਵਿਚੋਂ ਮਾਇਆ ਕੱਢਦੇ ਹੋ, ਕੀ ਇਹ ਸੱਚ ਹੈ? ਤਿੰਨਾਂ ਜਣਿਆਂ ਨੇ ਉਸ ਵੇਲੇ ਮੋਨ ਧਾਰ ਲਿਆ, ਕੋਈ ਜਵਾਬ ਨਾ ਦੇਣ। ਬਾਬਾ ਜੀ ਕਹਿਣ ਲੱਗੇ, ਪ੍ਰੇਮੀਓ! ਤੁਸੀਂ ਗੁਰੂ ਘਰ ਦੇ ਕੀਰਤਨੀਏ ਹੋ, ਧੁਰ ਕੀ ਬਾਣੀ ਜੋ ਗੁਰੂ ਸਾਹਿਬਾਨ ਰਾਹੀਂ ਉਚਾਰੀ ਗਈ ਹੈ, ਉਸ ਦਾ ਗਾਇਨ ਕਰਕੇ ਸੰਗਤਾਂ ਨੂੰ ਸਰਵਣ ਕਰਵਾਉਂਦੇ ਹੋ। ਇਹ ਬਾਣੀ ਸਤਿ ਹੈ ਤੇ ਇਸ ਦੇ ਗਾਇਨ ਕਰਨ ਵਾਲੇ ਵੀ ਸਤਿ ਦੇ ਧਾਰਨੀ ਹੋਣੇ ਚਾਹੀਦੇ ਹਨ। ਤੁਹਾਡੇ ਤੇ ਸ਼ੱਕ ਕਰਨ ਦਾ ਕਿਸੇ ਨੂੰ ਖਿਆਲ ਵੀ ਨਹੀਂ ਆਉਣਾ ਚਾਹੀਦਾ, ਪਰ ਤੁਹਾਡੇ ਤੇ ਇਹ ਇਲਜ਼ਾਮ ਲੱਗ ਰਿਹਾ ਹੈ ਕਿ ਤੁਸੀਂ ਗੋਲਕ ਦੀ ਮਾਇਆ ਚੋਰੀ ਕਰਦੇ ਹੋ। ਜੇਕਰ ਇਹ ਸੱਚ ਹੈ ਤਾਂ ਮੈਂ ਉਸ ਗੁਰੂ ਦਾ ਵਾਸਤਾ ਪਾ ਕੇ ਤੁਹਾਨੂੰ ਕਹਿੰਦਾ ਹਾਂ ਕਿ ਸੱਚ ਸੱਚ ਮੈਨੂੰ ਦੱਸ ਦਿਓ, ਨਹੀਂ ਤਾਂ ਤੁਸੀਂ ਗੁਰੂ ਦੇ ਕੀਰਤਨੀਏ ਕਹਿਲਾਉਣ ਦੇ ਹੱਕਦਾਰ ਨਹੀਂ ਹੋ। ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਤੁਹਾਡੇ ਨਾਲ ਬੇਇਨਸਾਫੀ ਨਹੀਂ ਹੋਵਗੀ ਜੇ ਤੁਸੀਂ ਸੱਚ ਸੱਚ ਸਾਰੀ ਗੱਲ ਮੈਨੂੰ ਦਸੋਗੇ, ਆਪਾਂ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠੇ ਹਾਂ। ਜਦੋਂ ਬਾਬਾ ਜੀ ਪਾਸੋਂ ਇਹੋ ਜਿਹੇ ਬਚਨ ਸੁਣੇ ਤਾਂ ਜੋ ਮੁਖੀ ਸੀ ਉਹ ਬੋਲ ਪਿਆ ਕਿ ਇਹ ਸੱਚ ਹੈ ਕਿ ਅਸੀਂ ਚੋਰੀ ਕਰਦੇ ਰਹੇ ਹਾਂ, ਗੋਲਕ ਵਿਚੋਂ ਮਾਇਆ ਕੱਢਦੇ ਰਹੇ ਹਾਂ। ਬਾਬਾ ਜੀ ਨੇ ਪੁਛਿਆ ਕਿ ਤੁਹਾਡੇ ਕੋਲ ਡੁਪਲੀਕੇਟ ਚਾਬੀ ਸੀ? ਕਹਿਣ ਲੱਗੇ, ਨਹੀਂ, ਅਸੀਂ ਤਾਂ ਸਲਾਈ ਨਾਲ ਕੱਢਿਆ ਕਰਦੇ ਸੀ। ਅਸੀਂ ਸਿਲਾਈ ਨੂੰ ਫਿਕਸੋ ਜਾਂ ਗੂੰਦ ਲਗਾ ਕੇ ਅੰਦਰ ਪਾ ਦਿੰਦੇ ਸੀ ਅਤੇ ਉਸ ਨਾਲ ਨੋਟ ਚਿੰਬੜ ਜਾਂਦੇ ਸੀ ਅਤੇ ਜਿੰਨੀ ਸਾਡੀ ਜ਼ਰੂਰਤ ਹੁੰਦੀ ਸੀ, ਅਸੀਂ ਕੱਢ ਲੈਂਦੇ ਸੀ। ਹੁਣ ਐਸੀ ਜ਼ਰੂਰਤ ਵੇਲੇ ਹੋਰ ਕੋਈ ਦਿੰਦਾ ਨਹੀਂ ਸੀ, ਅਸੀਂ ਸੋਚਿਆ ਕਿ ਗੁਰੂ ਸਾਹਿਬ ਦੀ ਮਾਇਆ ਹੈ, ਗੁਰੂ ਪਾਸੋਂ ਹੀ ਲੈ ਲਈਏ। ਬਾਬਾ ਜੀ ਨੇ ਕਿਹਾ ਕਿ ਮੈਨੂੰ ਖੁਸ਼ੀ ਹੈ ਤੁਸੀਂ ਸੱਚ ਸੱਚ ਦੱਸ ਦਿਤਾ ਹੈ ਪਰ ਇਹ ਮਾੜੀ ਗੱਲ ਹੈ, ਇਹ ਧੋਖਾ ਹੈ। ਜੇਕਰ ਤੁਹਾਡੀ ਤਨਖਾਹ ਘੱਟ ਸੀ, ਤੁਹਾਨੂੰ ਕਮੇਟੀ ਦੇ ਕਿਸੇ ਮੈਂਬਰ ਜਾਂ ਪ੍ਰਧਾਨ ਨਾਲ ਗਲ ਕਰਨੀ ਚਾਹੀਦੀ ਸੀ। ਕਹਿਣ ਲੱਗੇ ਕਿ ਅਸੀਂ ਇਕ ਵੇਰਾਂ ਉਨ੍ਹਾਂ ਨੂੰ ਦੱਸਣ ਦੀ ਕੋਸ਼ਿਸ਼ ਕੀਤੀ ਸੀ ਕਿ ਪਰ ਕਿਸੇ ਨੇ ਸੁਣਵਾਈ ਨਹੀਂ ਕੀਤੀ। ਅਸੀਂ ਸੋਚਿਆ ਕਿ ਜੇ ਦੁਬਾਰਾ ਕਿਹਾ ਤਾਂ ਕਿਤੇ ਸਾਨੂੰ ਨੌਕਰੀ ਤੋਂ ਨਾ ਕਢ ਦੇਣ। ਬਾਬਾ ਜੀ ਕਹਿਣ ਲੱਗੇ ਕਿ ਇਸ ਦਾ ਮਤਲਬ ਇਹ ਹੋਇਆ ਕਿ ਤੁਹਾਡਾ ਗੁਜ਼ਾਰਾ ਠੀਕ ਨਹੀਂ ਚਲਦਾ ਜਿਸ ਕਰਕੇ ਤੁਹਾਨੂੰ ਇਹ ਕੰਮ ਕਰਨਾ ਪੈ ਰਿਹਾ ਸੀ? ਕਹਿਣ ਲੱਗੇ, ਬਿਲਕੁਲ ਠੀਕ ਹੈ ਜੀ, ਇਸ ਕਰਕੇ ਹੀ ਅਸੀਂ ਇਹ ਹਰਕਤ ਕਰਨ ਵਾਸਤੇ ਮਜ਼ਬੂਰ ਹੋਏ ਸੀ। ਬਾਬਾ



Sri Satguru Jagjit Singh Ji eLibrary NamdhariElibrary@gmail.com

ਜੀ ਕਹਿਣ ਲੱਗੇ, ਜੇਕਰ ਤੁਹਾਡੀ ਤਨਖਾਹ ਵਧਾ ਦਿਤੀ ਜਾਵੇ ਫੇਰ ਤਾਂ ਤੁਸੀਂ ਇਸ ਤਰ੍ਹਾਂ ਨਹੀਂ ਕਰੋਗੇ? ਉਨ੍ਹਾਂ ਨੇ ਉਤਰ ਦਿਤਾ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਨੂੰ ਸਾਖਸ਼ੀ ਮੰਨ ਕੇ ਆਪ ਨਾਲ ਇਹ ਵਾਅਦਾ ਕਰ ਰਹੇ ਹਾਂ ਕਿ ਫੇਰ ਕਦੀ ਇਸ ਤਰ੍ਹਾਂ ਨਹੀਂ ਕਰਾਂਗੇ। ਬਾਬਾ ਜੀ ਨੇ ਕਿਹਾ, ਬਹੁਤ ਚੰਗੀ ਗੱਲ ਹੈ ਤੁਹਾਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ। ਇਸ ਬਾਰੇ ਥੋੜ੍ਹਾ ਹੋਰ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਤੁਹਾਡਾ ਸਿਧਾ ਸੰਪਰਕ ਸੰਗਤ ਨਾਲ ਗੁਰੂ ਮਹਾਰਾਜ ਜੀ ਦੀ ਬਾਣੀ ਰਾਹੀਂ ਹੁੰਦਾ ਹੈ। ਸੰਗਤ ਤੇ ਅਸਰ ਤਾਂ ਹੁੰਦਾ ਹੈ ਜੇਕਰ ਤੁਹਾਡਾ ਹਿਰਦਾ ਸ਼ੁਧ ਹੋਵੇਗਾ। ਜੇਕਰ ਗੁਰਬਾਣੀ ਦਾ ਗਾਇਨ ਕਰਦਿਆਂ ਤੁਹਾਡੇ ਮਨ ਵਿਚ ਪੈਸੇ ਜਾਂ ਮਾਇਆ ਦਾ ਲਾਲਚ ਵਸਿਆ ਰਹੇਗਾ ਤਾਂ ਸਾਰਾ ਕੁਝ ਉਤੋਂ ਉਤੋਂ ਦੀ ਲੰਘ ਜਾਇਆ ਕਰਦਾ ਹੈ ਕਿਉਂਕਿ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ ਕਿ -

*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥*
*ਪੰਨਾ - 669*

ਜਦੋਂ ਤੁਸੀਂ ਪ੍ਰਭੂ ਪ੍ਰੇਮ ਵਿਚ ਗਾਇਨ ਕਰੋਗੇ ਤਾਂ ਸੰਗਤ ਵਿਚ ਵੀ ਪ੍ਰੇਮ ਦੀਆਂ ਤਰੰਗਾਂ ਫੈਲਣਗੀਆਂ, ਸੁਣਨ ਦਾ ਅਨੰਦ ਪ੍ਰਾਪਤ ਹੋਵੇਗਾ। ਇਸ ਤਰ੍ਹਾਂ ਕਰਨ ਨਾਲ ਤੁਹਾਡਾ ਗਾਇਆ ਹੋਇਆ, ਤੁਹਾਡੀ ਸਿਫਤ ਕੀਤੀ ਹੋਈ ਅਤੇ ਸੰਗਤ ਦੀ ਸੁਣੀ ਹੋਈ, ਦੋਵਾਂ ਦਾ ਥਾਂ ਪੈ ਜਾਵੇਗਾ। ਇਸ ਤੋਂ ਵੀ ਹੋਰ ਉਪਰ ਦੀ ਗੱਲ ਹੈ ਕਿ ਜੋ ਗਾਇਨ ਕੀਤਾ ਜਾ ਰਿਹਾ ਹੈ ਤੇ ਸੁਣਿਆ ਜਾ ਰਿਹਾ ਹੈ, ਉਸ ਤੇ ਵਿਚਾਰ ਕਰਕੇ, ਸਤਿ ਕਰਕੇ ਮੰਨ ਲਿਆ ਜਾਵੇ ਤਾਂ ਸੋਨੇ ਉਤੇ ਸੁਹਾਗੇ ਵਾਲੀ ਗੱਲ ਹੋ ਜਾਇਆ ਕਰਦੀ ਹੈ। ਭਾਵੇਂ ਤੁਸੀਂ ਇਹ ਸੇਵਾ ਤਨਖਾਹ ਲੈ ਕੇ ਕਰਦੇ ਹੋ, ਪਰੰਤੂ ਇਸ ਤਰ੍ਹਾਂ ਕਰਨ ਨਾਲ ਸੇਵਾ ਥਾਂ ਪੈ ਜਾਵੇਗੀ ਕਿਉਂਕਿ ਤੁਸੀਂ ਸੰਗਤ ਨੂੰ ਗੁਰ ਸ਼ਬਦ ਨਾਲ ਜੋੜਨ ਦਾ ਕੰਮ ਕਰਦੇ ਹੋ। ਰਾਗੀ ਵੀਰਾਂ ਨੂੰ ਬਾਬਾ ਜੀ ਦੀ ਗੱਲ ਪੂਰੀ ਤਰ੍ਹਾਂ ਸਮਝ ਆ ਗਈ। ਉਧਰ ਕਮੇਟੀ ਮੈਂਬਰ ਵੀ ਉਡੀਕ ਰਹੇ ਸਨ ਕਿ ਬਾਬਾ ਜੀ ਆਪਣਾ ਫੈਸਲਾ ਸੁਣਾਉਣ ਕਿ ਇਨ੍ਹਾਂ ਦੀਆਂ ਸੇਵਾਵਾਂ ਰੱਖੀਆਂ ਜਾਣ ਜਾਂ ਇਹਨਾਂ ਨੂੰ ਸੇਵਾ ਤੋਂ ਮੁਕਤ ਕਰ ਦਿਤਾ ਜਾਵੇ। ਬਾਬਾ ਜੀ ਨੇ ਸਾਰੇ ਕਮੇਟੀ ਮੈਂਬਰਾਂ ਨੂੰ ਸੰਬੋਧਨ ਕਰਕੇ ਕਿਹਾ ਕਿ ਇਹਨਾਂ ਨੇ ਆਪਣਾ ਕਸੂਰ ਮੰਨ ਲਿਆ ਹੈ ਪਰੰਤੂ ਇਨ੍ਹਾਂ ਦੇ ਬਾਲ ਬੱਚੇ ਵੀ ਹਨ, ਘਰ ਦਾ ਖਰਚਾ ਪੂਰਾ ਨਹੀਂ ਹੁੰਦਾ। ਗ੍ਰਿਹਸਤੀਆਂ ਨੂੰ ਅਨੇਕ ਤਰ੍ਹਾਂ ਦੇ ਪਰਿਵਾਰਕ ਖਰਚ ਤੇ ਜ਼ਿੰਮੇਵਾਰੀਆਂ ਹੁੰਦੀਆਂ ਹਨ ਜੋ ਪੈਸੇ ਤੋਂ ਬਿਨਾਂ ਪੂਰੀਆਂ ਨਹੀਂ ਕੀਤੀਆਂ ਜਾ ਸਕਦੀਆਂ। ਇਸ ਲਈ ਸਾਡਾ ਫਰਜ਼ ਹੈ ਕਿ ਇਨ੍ਹਾਂ ਦੀ ਲੋੜ ਪੂਰੀ ਕਰੀਏ ਤੇ ਇਨ੍ਹਾਂ ਦੀ ਤਨਖਾਹ ਦੋ-ਦੋ ਸੌ ਰੁਪਿਆ ਹੋਰ ਵਧਾ ਦਿਤੀ ਜਾਵੇ। ਮਾਇਆ ਸੰਗਤ ਦੀ ਹੈ, ਇਹ ਕੀਰਤਨ ਦੁਆਰਾ ਸੰਗਤ ਨੂੰ ਹੀ ਨਿਹਾਲ ਕਰਦੇ ਹਨ, ਇਸ ਕਰਕੇ ਅਗਰ ਇਹਨਾਂ ਦੀ ਮਾਇਆ ਦੀ ਪੂਰਤੀ ਹੋ ਜਾਵੇਗੀ ਤਾਂ ਹੋਰ ਵਧੇਰੇ ਪਿਆਰ ਤੇ ਸ਼ਰਧਾ ਨਾਲ ਇਹ ਕੀਰਤਨ ਦੀ ਸੇਵਾ ਨਿਭਾ ਸਕਣਗੇ। ਮੇਰੀ ਬੇਨਤੀ ਹੈ ਕਿ ਆਪ ਸਾਰੇ ਇਨ੍ਹਾਂ ਦੀ ਪਿਛਲੀ ਗਲਤੀ ਨੂੰ ਮਾਫ ਕਰ ਦਿਓ ਕਿਉਂਕਿ ਗੁਰੂ ਘਰ ਵਿਚ ਕਿਸੇ ਦੇ ਔਗੁਣਾਂ ਨੂੰ ਨਾ ਚਿਤਾਰਦੇ ਹੋਏ ਉਸ ਨੂੰ ਖਿਮਾ ਕਰ ਦੇਣਾ, ਬਹੁਤ ਵੱਡਾ ਪੁੰਨ ਹੁੰਦਾ ਹੈ। ਅੱਗੇ ਵਾਸਤੇ ਇਨ੍ਹਾਂ ਦੀ ਉਜਰਤ ਵਧਾ ਕੇ ਇਨ੍ਹਾਂ ਨੂੰ ਹੋਰ ਸੇਵਾ ਦਾ ਮੌਕਾ ਦੇ ਕੇ ਕ੍ਰਿਤਾਰਥ ਕਰੋ। ਸਾਰੀ ਕਮੇਟੀ ਤੇ ਪ੍ਰਧਾਨ ਸਾਹਿਬ ਨੇ ਬਾਬਾ ਜੀ ਦੇ ਇਸ ਫੈਸਲੇ ਨੂੰ ਪ੍ਰਵਾਨਗੀ ਦੇ ਦਿਤੀ ਤੇ ਉਨ੍ਹਾਂ ਨੂੰ ਮੁੜ ਕੇ ਫਿਰ ਕੀਰਤਨ ਦੀ ਸੇਵਾ ਤੇ ਬਹਾਲ ਕਰ ਦਿਤਾ।

19 ਸੈਕਟਰ ਗੁਰਦੁਆਰਾ ਸਾਹਿਬ ਵਲੋਂ ਗੁਰੂ ਨਾਨਕ ਖਾਲਸਾ ਹਾਈ ਸਕੂਲ ਨੂੰ ਬਣਵਾਉਣ ਅਤੇ ਸੰਚਾਲਨ ਕਰਨ ਵਿਚ ਆਪ ਜੀ ਦਾ ਵੱਡਾ ਯੋਗਦਾਨ ਸੀ। ਪਹਿਲਾਂ ਕਈ ਕਮੇਟੀਆਂ ਆਈਆਂ ਪਰ ਸਕੂਲ ਵਿਚ ਟੀਚਰਾਂ ਦੀ ਕਮੀ ਤੇ ਹੋਰ ਸਹੂਲਤਾਂ ਦੀ ਕਮੀ ਕਰਕੇ ਇਸ ਦੀ ਕਾਰਗੁਜ਼ਾਰੀ ਠੀਕ ਨਹੀਂ ਸੀ। ਬਾਬਾ ਜੀ ਨੇ ਆਪ ਦਿਲਚਸਪੀ ਲੈ ਕੇ ਇਹ ਸੇਵਾ ਬੜੀ ਕਾਰਜ ਕੁਸ਼ਲਤਾ ਨਾਲ ਨਿਭਾਈ ਅਤੇ ਸਕੂਲ ਨੂੰ ਸੁਚਜੇ ਢੰਗ ਨਾਲ ਚਲਾ ਕੇ ਉਸ ਵਿਚ ਹਰ ਪੱਖੋਂ ਸੁਧਾਰ ਲਿਆਂਦਾ। ਅਜ ਕਲ ਇਹ ਸਕੂਲ 30 ਸੈਕਟਰ ਵਿਚ ਚਲ ਰਿਹਾ ਹੈ, ਉਸ ਵੇਲੇ ਇਹ ਗੁਰਦੁਆਰਾ ਸਾਹਿਬ ਦੀ ਇਮਾਰਤ ਦੇ ਨਾਲ ਲਗਦੇ ਕਮਰਿਆਂ ਵਿਚ ਚਲਿਆ ਕਰਦਾ ਸੀ। ਇਸੇ ਤਰ੍ਹਾਂ ਆਪ ਨੇ ਕਮੇਟੀ ਨੂੰ ਸੁਝਾਅ ਦਿਤਾ ਕਿ ਚੰਡੀਗੜ੍ਹ ਵਿਚ ਇਕ ਸਿਖ ਸੰਸਥਾ ਦਾ ਕਾਲਜ ਵੀ ਹੋਣਾ ਚਾਹੀਦਾ ਹੈ। ਸੁਝਾਅ ਤਾਂ ਸਭ ਨੇ ਮੰਨ ਲਿਆ ਪਰੰਤੂ ਇਸ ਵਾਸਤੇ ਲੋੜੀਂਦੇ ਫੰਡ ਨਹੀਂ ਸਨ ਜੋ ਕਿ ਇਕ ਬਹੁਤ ਵੱਡਾ ਮਸਲਾ ਸੀ। ਕੁਝ ਹਜ਼ਾਰ ਰੁਪਏ ਨਾਲ ਜਗ੍ਹਾ ਤਾਂ ਅਲਾਟ ਕਰਵਾ ਲਈ ਪਰੰਤੂ ਪੂਰੀ ਜਗ੍ਹਾ ਦੇ ਪੈਸੇ ਜੋ ਲੱਖਾਂ ਰੁਪਏ ਸਨ ਉਹ ਭਰਨੇ ਬਾਕੀ ਸਨ। ਉਸ ਤੋਂ ਬਾਅਦ ਬਿਲਡਿੰਗ ਵੀ ਬਣਨੀ ਸੀ ਜੋ ਇਕ ਬਹੁਤ ਕਠਿਨ ਸਮੱਸਿਆ ਸੀ। ਆਪ ਜੀ ਨੇ ਕਮੇਟੀ ਨੂੰ ਸੁਝਾਅ ਦਿਤਾ ਕਿ ਇਸ ਕਾਲਜ ਦਾ ਨਾਮ 'ਗੁਰੂ ਗੋਬਿੰਦ ਸਿੰਘ ਕਾਲਜ' ਰੱਖਿਆ ਜਾਵੇ, ਜੋ ਸਭ ਨੇ ਮਨਜ਼ੂਰ ਕੀਤਾ। ਆਪ ਜੀ ਨੇ ਕਿਹਾ ਕਿ ਇਸ ਵਿਚ ਆਪਾਂ ਸਾਰਿਆਂ ਨੂੰ ਇਕ ਜੁਟ ਹੋ ਕੇ ਸੇਵਾ ਕਰਨੀ ਪੈਣੀ ਹੈ। ਚੰਡੀਗੜ੍ਹ ਮੁਲਾਜ਼ਮਾਂ ਦਾ ਸ਼ਹਿਰ ਹੈ। ਆਪਾਂ ਸਾਰਿਆਂ ਨੇ ਪਰਉਕਾਰ ਦਾ ਕੰਮ ਕਰਨਾ ਹੈ ਜੋ ਕਿ ਬੱਚਿਆਂ ਦੀ ਪੜ੍ਹਾਈ ਦੇ ਨਮਿਤ ਹੈ, ਇਸ ਵਾਸਤੇ ਸਾਨੂੰ ਕਮਰ ਕੱਸੇ ਕਰਨੇ ਪੈਣਗੇ। ਗੁਰੂ ਦੀ ਸੇਵਾ ਲਈ ਘਰ ਘਰ ਜਾ ਕੇ ਦਸਤਕ ਦਿਆਂਗੇ, ਤਾਂ ਇਹ



Sri Satguru Jagjit Singh Ji eLibrary NamdhariElibrary@gmail.com

ਫੰਡ ਇਕੱਠਾ ਹੋ ਸਕੇਗਾ, ਕਿਉਂਕਿ ਸਭ ਤੋਂ ਪਹਿਲਾ ਮਸਲਾ ਤਾਂ ਸਟੇਟ ਆਫਿਸ ਵਿਚ ਜਗ੍ਹਾ ਵਾਸਤੇ ਕਈ ਲੱਖ ਰੁਪਿਆ ਜਮ੍ਹਾ ਕਰਵਾਉਣਾ ਹੈ। ਸਾਰੀ ਕਮੇਟੀ ਨੇ ਆਪ ਦੇ ਸੁਝਾਉ ਨੂੰ ਮੰਨ ਕੇ ਫੈਸਲਾ ਕੀਤਾ ਕਿ ਜੋ ਸੈਕਟਰੀ ਸਾਹਿਬ ਕਹਿ ਰਹੇ ਹਨ ਇਸੇ ਤਰ੍ਹਾਂ ਨਾਲ ਕਰਨਾ ਪਵੇਗਾ। ਆਪ ਜੀ ਦੱਸਿਆ ਕਰਦੇ ਸੀ ਕਿ ਅਸੀਂ ਪੰਜ ਦਸ ਬੰਦੇ ਗਰੁਪ ਬਣਾ ਕੇ ਘਰ-ਘਰ ਜਾਇਆ ਕਰਦੇ ਸੀ ਅਤੇ ਯਥਾਸ਼ਕਤ ਸਭ ਦੀ ਸੇਵਾ ਲੈ ਕੇ ਇਹ ਭਾਰੀ ਰਕਮ ਜੁਟਾਉਣ ਵਿਚ ਸਾਨੂੰ ਕਈ ਮਹੀਨੇ ਲੱਗ ਗਏ। ਰਕਮ ਜਮ੍ਹਾਂ ਕਰਵਾ ਦਿਤੀ, ਫੇਰ ਬਿਲਡਿੰਗ ਵੀ ਇਸੇ ਤਰ੍ਹਾਂ ਬਣਵਾਈ। ਆਖਰਕਾਰ ਮਹਾਰਾਜ ਦੀ ਕ੍ਰਿਪਾ ਨਾਲ, ਕਾਲਜ ਵਿਚ ਦਾਖਲਾ ਸ਼ੁਰੂ ਹੋਣਾ ਸੀ, ਜਿਸ ਵਾਸਤੇ ਪ੍ਰੋਫੈਸਰ, ਪ੍ਰਿੰਸੀਪਲ ਤੇ ਲੈਕਚਰਾਰ ਰੱਖਣੇ ਸਨ। ਉਸ ਵੇਲੇ ਸਿਫਾਰਸ਼ਾਂ ਆਉਣੀਆਂ ਸ਼ੁਰੂ ਹੋ ਗਈਆਂ। ਇਨ੍ਹਾਂ ਵਿਚ ਕਮੇਟੀ ਦੇ ਮੈਂਬਰਾਂ ਦੀਆਂ ਵੀ ਅਤੇ ਚੰਡੀਗੜ੍ਹ ਦੇ ਅਫਸਰਾਂ ਦੀਆਂ ਵੀ ਸਿਫਾਰਸ਼ਾਂ ਆਈਆਂ। ਮੈਂ ਸਾਰੀ ਕਮੇਟੀ ਦੀ ਮੀਟਿੰਗ ਬੁਲਾਈ ਅਤੇ ਸੁਝਾਅ ਦਿਤਾ ਕਿ ਦੇਖੋ ਪ੍ਰੇਮੀਓਂ! ਆਪਣਾ ਕੰਮ ਕਾਲਜ ਬਣਾਉਣ ਤੇ ਚਲਾਉਣ ਤਕ ਸੀ, ਹੁਣ ਆਪਾਂ ਇਹ ਕਾਲਜ ਪੜ੍ਹਿਆਂ ਲਿਖਿਆਂ ਦੀ ਕਮੇਟੀ ਬਣਾ ਕੇ, ਉਨ੍ਹਾਂ ਨੂੰ ਸੌਂਪ ਦੇਈਏ ਜਿਨ੍ਹਾਂ ਵਿਚ ਚੀਫ ਸੈਕਟਰੀ ਤੇ ਚੀਫ ਜਸਟਿਸ ਆਦਿ ਅਤੇ ਹੋਰ ਬੁਧੀਜੀਵੀ ਹਨ ਉਹ ਆਪਣੇ ਤਜਰਬੇ ਨਾਲ ਇਸ ਨੂੰ ਚਲਾਉਣਗੇ। ਦੂਜੀ ਗੱਲ ਇਹ ਹੈ ਕਿ ਸਿਫਾਰਸ਼ਾਂ ਆ ਰਹੀਆਂ ਹਨ, ਕੋਈ ਕਹਿੰਦਾ ਹੈ ਮੇਰਾ ਬੰਦਾ ਰੱਖੋ, ਕੋਈ ਕਹਿੰਦਾ ਮੇਰਾ ਬੰਦਾ ਰੱਖੋ ਅਤੇ ਸਿਫਾਰਸ਼ਾਂ ਵੀ ਸਾਡੇ ਆਪਣੇ ਵਿਚ ਵਾਲਿਆਂ ਦੀਆਂ ਹਨ। ਹੁਣ ਜੇ ਰੱਖਦੇ ਹਾਂ ਤਾਂ ਔਖਾ, ਜੇ ਨਹੀਂ ਰੱਖਦੇ ਤਾਂ ਵੀ ਔਖਾ ਮਸਲਾ ਹੈ। ਬੇਹਤਰ ਇਹ ਹੈ ਕਿ ਆਪਾਂ ਇਹ ਕੰਮ ਉਨ੍ਹਾਂ ਪੜ੍ਹਿਆਂ ਲਿਖਿਆਂ ਨੂੰ ਸੌਂਪ ਦੇਈਏ ਅਤੇ ਗੁਰੂ ਮਹਾਰਾਜ ਜੀ ਨੇ ਜੋ ਸਾਥੋਂ ਸੇਵਾ ਕਰਵਾਉਣੀ ਸੀ ਕਰਵਾ ਲਈ, ਹੁਣ ਉਹ ਜਾਨਣ ਤੇ ਉਨ੍ਹਾਂ ਦਾ ਕੰਮ ਜਾਣੇ। ਸਾਰੇ ਹੀ ਇਸ ਗੱਲ ਤੇ ਸਹਿਮਤ ਹੋ ਗਏ ਤੇ ਉਸ ਵੇਲੇ ਸਰਦਾਰ ਕਪੂਰ ਸਿੰਘ ਨੂੰ ਕਾਲਜ ਦਾ ਚੇਅਰਮੈਨ ਨਿਯੁਕਤ ਕਰਕੇ ਉਨ੍ਹਾਂ ਨੇ ਆਪਣੀ ਕਮੇਟੀ ਬਣਾ ਲਈ ਅਤੇ ਆਪਣੇ ਗਲੋਂ ਸਾਰਾ ਭਾਰ ਲਾਹ ਕੇ, ਸਭ ਕੁਝ ਬਣਵਾ ਕੇ ਉਨ੍ਹਾਂ ਨੂੰ ਸੌਂਪ ਦਿਤਾ।

ਇਸ ਤਰ੍ਹਾਂ ਕਹਿਣਾ ਤਾਂ ਸੌਖਾ ਹੈ, ਪਰ ਇਸ ਤੇ ਅਮਲ ਕਰਨਾ ਔਖਾ ਹੈ। ਇਹ ਓਹੀ ਕਰ ਸਕਦਾ ਹੈ ਜਿਸ ਵਿਚ ਪਕੜ ਨਾ ਹੋਵੇ। ਬਾਬਾ ਜੀ ਵਿਚ ਕੋਈ ਪਕੜ ਨਹੀਂ ਸੀ, ਉਨ੍ਹਾਂ ਨੇ ਆਪਣੇ ਸਾਥੀਆਂ ਨੂੰ ਵੀ ਇਸ ਦੇ ਯੋਗ ਬਣਾ ਦਿਤਾ ਕਿ ਉਹ ਵੀ ਇਸ ਪਕੜ ਤੋਂ ਦੂਰ ਰਹਿ ਸਕਣ। ਆਮ ਕਰਕੇ ਆਦਮੀ ਇਸ ਨੂੰ ਛੱਡ ਨਹੀਂ ਸਕਿਆ ਕਰਦਾ। ਮਨ ਵਿਚ ਆ ਜਾਂਦਾ ਹੈ ਕਿ ਦੇਖੋ, ਸੇਵਾ ਅਸੀਂ ਕੀਤੀ, ਘਰ ਘਰ ਜਾ ਕੇ ਮੰਗ ਕੇ ਫੰਡ ਅਸੀਂ ਇਕੱਠਾ ਕੀਤਾ ਤੇ ਸਾਂਭਣ ਵਾਲਾ ਕੋਈ ਹੋਰ ਹੀ ਆ ਗਿਆ। ਇਸ ਨੂੰ ਕਹਿੰਦੇ ਹਨ ਕਿ ਸੇਵਾ ਕਰਕੇ ਵੀ ਆਪਣੇ ਆਪ ਉਸ ਤੋਂ ਪਰ੍ਹੇ ਹੋ ਜਾਣਾ ਤੇ ਕਹਿਣਾ ਕਿ ਮੈਂ ਤਾਂ ਇਹ ਕੰਮ ਕੀਤਾ ਹੀ ਨਹੀਂ, ਕਰਵਾਉਣ ਵਾਲਾ ਤਾਂ ਵਾਹਿਗੁਰੂ ਹੈ; ਬੰਦੇ ਦੀ ਕੀ ਮਜਾਲ ਹੈ ਕਿ ਉਹ ਸੇਵਾ ਕਰ ਸਕੇ।

***ਸੇਵਾ ਕਰਤ ਹੋਇ ਨਿਹਕਾਮੀ॥***
***ਤਿਸ ਕਉ ਹੋਤ ਪਰਾਪਤਿ ਸੁਆਮੀ॥*** ***ਪੰਨਾ - 286***

## ਕਾਲੇ ਮੂੰਹ ਵਾਲੇ ਸੰਤ

ਚੰਡੀਗੜ੍ਹ ਵਿਚ ਰਹਿੰਦਿਆਂ ਹੋਇਆਂ ਆਪ ਜੀ ਦਾ ਮੇਲ ਮਿਲਾਪ ਮਨਿਸਟਰਾਂ ਤੋਂ ਲੈ ਕੇ ਵੱਡੇ ਸਰਕਾਰੀ ਅਫਸਰਾਂ ਨਾਲ ਰਿਹਾ ਹੈ ਕਿਉਂਕਿ ਕਿਸੇ ਤਰੀਕੇ ਨਾਲ ਆਪ ਦੇ ਰੂਹਾਨੀ ਕਿਰਦਾਰ ਦੀ ਸੁਗੰਧੀ ਉਨ੍ਹਾਂ ਤਕ ਪਹੁੰਚਦੀ ਹੀ ਰਹਿੰਦੀ ਸੀ। ਜਿਵੇਂ ਗੁਲਾਬ ਦਾ ਫੁਲ ਭਾਵੇਂ ਕੰਡਿਆਲੀ ਵਾੜ ਦੇ ਅੰਦਰ ਵੀ ਖਿੜਿਆ ਹੋਵੇ, ਉਸ ਦੀ ਸੁਗੰਧੀ ਹਰ ਲੰਘਣ ਵਾਲੇ ਰਾਹੀ ਨੂੰ ਮੋਹਿਤ ਕਰਦੀ ਹੈ। ਇਸੇ ਤਰ੍ਹਾਂ ਦੇ ਨਾਲ ਉਸ ਵੇਲੇ ਦੇ ਪੰਜਾਬ ਦੇ ਐਡਵੋਕੇਟ ਜਨਰਲ ਸਰਦਾਰ ਹਰਬੰਸ ਸਿੰਘ ਜੀ ਦੁਆਬੀਆ ਜੋ ਕਿ ਇਕ ਹਿੰਦੂ ਪਰਿਵਾਰ ਨਾਲ ਸੰਬੰਧ ਰੱਖਦੇ ਸਨ, ਪਰੰਤੂ ਸੰਤਾਂ ਦੀ ਸੰਗਤ ਦੁਆਰਾ ਅਤੇ ਗੁਰੂ ਦੀ ਬਾਣੀ ਦਾ ਅਧਿਐਨ ਕਰਕੇ, ਉਨ੍ਹਾਂ ਦੇ ਮਨ ਤੇ ਇੰਨਾ ਅਸਰ ਹੋਇਆ ਕਿ ਉਨ੍ਹਾਂ ਨੇ ਗੁਰਸਿਖੀ ਰਹਿਤ ਬਹਿਤ ਅਪਨਾਅ ਲਈ ਹੋਈ ਸੀ। ਬਾਬਾ ਜੀ ਨਾਲ ਉਨ੍ਹਾਂ ਦਾ ਬਹੁਤ ਪਿਆਰ ਸੀ ਅਤੇ ਇਨ੍ਹਾਂ ਦੀ ਸੰਗਤ ਕਰਕੇ ਉਨ੍ਹਾਂ ਨੇ ਗੁਰਮਤਿ ਦੇ ਅਨੇਕਾਂ ਪਹਿਲੂਆਂ ਤੇ ਸਿਧਾਂਤਾਂ ਨੂੰ ਭਲੀ ਭਾਂਤ ਜਾਣ ਲਿਆ ਸੀ। ਸ. ਐਚ. ਐਸ. ਦੁਆਬੀਆ ਸੰਤਾਂ ਦੇ ਬਹੁਤ ਖੋਜੀ ਸਨ। ਜਿਥੇ ਕਿਤੇ ਵੀ ਕਿਸੇ ਭੇਖ ਦਾ ਕੋਈ ਸੰਤ ਮਿਲਦਾ, ਉਸ ਬਾਰੇ ਚੰਗੀ ਜਾਣਕਾਰੀ ਪ੍ਰਾਪਤ ਕਰਨ ਲਈ ਉਤਸੁਕ ਰਿਹਾ ਕਰਦੇ ਸਨ ਕਿ ਇਸ ਸੰਤ ਨੇ ਭੇਖ ਕਿਉਂ ਧਾਰਨ ਕੀਤਾ ਹੋਇਐ? ਇਸ ਨੇ ਪ੍ਰਾਪਤੀ ਕਿਸ ਤਰ੍ਹਾਂ ਕੀਤੀ ਹੈ ਇਤਿਆਦਿਕ। ਇਸ ਤਰ੍ਹਾਂ ਦੇ ਹੀ ਇਕ ਸੰਤ ਬਾਰੇ ਇਨ੍ਹਾਂ ਨੇ ਬਾਬਾ ਜੀ ਨੂੰ ਦਸਿਆ ਸੀ ਕਿ ਕਾਲਕਾ ਦੇ ਉਪਰਲੇ ਪਾਸੇ ਪਹਾੜਾਂ ਦੇ ਵਿਚਕਾਰ ਜੰਗਲ ਵਿਚ ਇਕ ਸਾਧੂ ਰਿਹਾ ਕਰਦਾ ਸੀ, ਉਹ ਨਾ ਹੀ ਕਿਸੇ ਨੂੰ ਮਿਲਦਾ ਸੀ ਤੇ ਨਾ ਹੀ ਕਿਸੇ ਨਾਲ ਗਲ ਬਾਤ ਕਰਦਾ ਸੀ। ਬਸ ਆਉਂਦਿਆਂ ਜਾਂਦਿਆਂ, ਘੁੰਮਦੇ ਫਿਰਦੇ ਕਿਸੇ ਨੂੰ ਦਿਸ ਜਾਂਦਾ ਸੀ ਅਤੇ ਦੁਆਬੀਆ ਸਾਹਿਬ ਨੇ ਬਾਬਾ ਜੀ ਨੂੰ ਇਸੇ ਤਰ੍ਹਾਂ ਘੁੰਮਦੇ ਫਿਰਦੇ ਨੂੰ ਵਿਖਾਇਆ ਸੀ।

ਪਰੰਤੂ ਦੁਆਬੀਆ ਸਾਹਿਬ ਤਾਂ ਇਕ ਦਿਨ ਉਸ ਦੇ ਮਗਰ ਹੀ ਮਗਰ ਚਲਦੇ ਗਏ। ਉਹ ਆਪਣੀ ਕੁਟੀਆ ਵਿਚ ਚਲਾ ਗਿਆ ਤੇ ਇਹ ਵੀ ਬੈਠ ਗਏ ਤੇ ਗਲਬਾਤ



Sri Satguru Jagjit Singh Ji eLibrary NamdhariElibrary@gmail.com

ਕਰਨੀ ਸ਼ੁਰੂ ਕਰ ਦਿਤੀ। ਉਹ ਸੰਤ ਆਪਣਾ ਮੂੰਹ ਕਾਲਾ ਕਰਕੇ ਰੱਖਿਆ ਕਰਦਾ ਸੀ ਅਤੇ ਆਮ ਤੌਰ ਤੇ ਇਲਾਕੇ ਦੇ ਲੋਕ ਉਸ ਨੂੰ ਕਾਲੇ ਮੂੰਹ ਵਾਲਾ ਸੰਤ ਕਿਹਾ ਕਰਦੇ ਸਨ। ਉਹ ਹਰ ਵੇਲੇ ਇਹ ਤੁਕ ਮੂੰਹ ਵਿਚੋਂ ਬੋਲਦਾ ਰਹਿੰਦਾ ਸੀ ਕਿ 'ਜੈਸੇ ਕੋ ਤੈਸਾ' 'ਜੈਸੇ ਕੋ ਤੈਸਾ'। ਜਦੋਂ ਦੁਆਬੀਆ ਸਾਹਿਬ ਇਸ ਕੋਲ ਬੈਠੇ, ਉਸ ਵੇਲੇ ਉਹ ਇਹੀ ਤੁਕ ਗੁਨ-ਗੁਨਾ ਰਿਹਾ ਸੀ। ਉਨ੍ਹਾਂ ਨੇ ਗਲ ਤੋਰੀ ਕਿ ਸੰਤ ਜੀ ਤੁਸੀਂ ਇਹ ਤੁਕ ਹਰ ਵੇਲੇ ਕਿਉਂ ਬੋਲਦੇ ਰਹਿੰਦੇ ਹੋ, ਇਸ ਦਾ ਕੀ ਕਾਰਨ ਹੈ? ਸੰਤ ਕਹਿਣ ਲੱਗਿਆ, ਭਾਈ ਤੂੰ ਪੁਛ ਕੇ ਕੀ ਲੈਣਾ ਹੈ? ਤੂੰ ਜਾਹ, ਮੈਨੂੰ ਮੇਰੇ ਹਾਲ ਤੇ ਹੀ ਛੱਡ ਦੇਵੇਂ ਤਾਂ ਚੰਗਾ ਹੈ। ਦੁਆਬੀਆ ਸਾਹਿਬ ਕਹਿਣ ਲੱਗੇ ਨਹੀਂ ਮਹਾਰਾਜ! ਮੈਂ ਤਾਂ ਤੁਹਾਨੂੰ ਪੁਛੇ ਬਗੈਰ ਵਾਪਸ ਨਹੀਂ ਜਾਣਾ ਭਾਵੇਂ ਤੁਸੀਂ ਮੇਰੇ ਨਾਲ ਕਿੰਨਾ ਵੀ ਮਾੜਾ ਸਕੂਲ ਕਰੋ, ਮੈਂ ਤਾਂ ਇਸ ਦਾ ਮਤਲਬ ਜ਼ਰੂਰ ਪੁਛਣਾ ਹੈ। ਉਹ ਕਹਿਣ ਲੱਗਿਆ, ਸਰਦਾਰ ਜੀ! ਮੈਨੂੰ ਸੰਤ ਸ਼ਬਦ ਨਾਲ ਸੰਬੋਧਨ ਨਾ ਕਰ, ਮੈਂ ਕੋਈ ਸੰਤ ਨਹੀਂ ਹਾਂ ਮੈਂ ਤਾਂ ਪਾਪੀ ਹਾਂ, ਗੁਨਹਗਾਰ ਹਾਂ ਅਤੇ ਵਿਸ਼ਵਾਸਘਾਤੀ ਹਾਂ। ਦੁਆਬੀਆ ਸਾਹਿਬ ਕਹਿਣ ਲੱਗਿਆ ਕਿ ਮੈਂ ਲਿਖਾਰੀ ਹਾਂ, ਮੈਂ ਤੁਹਾਡੇ ਬਾਰੇ ਲੋਕਾਂ ਨੂੰ ਦੱਸਾਂਗਾ ਕਿ ਤੁਹਾਡੇ ਵਿਚ ਕੀ ਖੂਬੀਆਂ ਹਨ, ਕੀ ਚੰਗਿਆਈਆਂ ਹਨ ਤਾਂ ਕਿ ਸੰਸਾਰ ਨੂੰ ਸੇਧ ਮਿਲ ਸਕੇ। ਕਾਲੇ ਮੂੰਹ ਵਾਲਾ ਸੰਤ ਕਹਿਣ ਲੱਗਿਆ ਕਿ ਮੇਰੇ ਵਿਚ ਕੋਈ ਗੁਣ ਨਹੀਂ, ਕੋਈ ਚੰਗਿਆਈ ਨਹੀਂ, ਸਭ ਔਗੁਣ ਹੀ ਔਗੁਣ ਹਨ। ਪਰ ਜੇ ਤੁਸੀਂ ਲਿਖਣਾ ਹੈ ਤਾਂ ਮੈਂ ਦੱਸ ਦਿੰਦਾ ਹਾਂ ਕਿ ਕੋਈ ਮੇਰੇ ਵਰਗਾ ਵਿਸ਼ਵਾਸਘਾਤੀ ਨਾ ਬਣੇ, ਕਿਸੇ ਨੂੰ ਵਿਸ਼ਵਾਸ ਵਿਚ ਲਿਆ ਕੇ ਧੋਖਾ ਨਾ ਕਰੇ। ਜੇਕਰ ਕੋਈ ਇਸ ਤਰ੍ਹਾਂ ਕਰੇਗਾ ਤਾਂ ਮੇਰੇ ਵਰਗੀ ਸਜ਼ਾ ਮਿਲੇਗੀ। ਜਿਸ ਤਰ੍ਹਾਂ ਮੇਰੇ ਨਾਲ ਬੀਤ ਰਹੀ ਹੈ, ਉਸੇ ਤਰ੍ਹਾਂ ਉਹ ਦੁਖੀ ਹੋਵੇਗਾ ਜਿਹੜਾ ਵਿਸ਼ਵਾਸਘਾਤੀ ਹੈ। ਇਸ ਤਰ੍ਹਾਂ ਕਹਿੰਦਿਆਂ ਉਸ ਨੇ ਆਪਣੀ ਹੱਡ ਬੀਤੀ ਦੱਸਣੀ ਸ਼ੁਰੂ ਕਰ ਦਿਤੀ। ਕਹਿਣ ਲੱਗਿਆ ਕਿ ਮੈਂ ਇਕ ਸੇਠ ਦਾ ਮੁਨਸ਼ੀ ਸੀ ਜਿਸ ਦੀ ਇਕ ਬਹੁਤ ਵੱਡੀ ਸਰੀਆ ਵੇਲਣ ਵਾਲੀ (rolling mill) ਫੈਕਟਰੀ ਸੀ। ਮੈਂ ਉਸ ਦਾ ਵਿਸ਼ਵਾਸਪਾਤਰ ਸੀ, ਉਸ ਨੇ ਜਿਹੜਾ ਵੀ ਕੰਮ ਪੈਸੇ ਟਕੇ ਲੈਣ ਦੇਣ ਦਾ ਕਰਨਾ ਹੁੰਦਾ, ਜਾਂ ਪੈਸੇ ਬੈਂਕ ਵਿਚ ਜਮ੍ਹਾ ਕਰਵਾਉਣੇ ਹੁੰਦੇ ਜਾਂ ਕਢਵਾਉਣੇ ਹੁੰਦੇ, ਸਾਰਾ ਕੁਝ ਮੈਥੋਂ ਹੀ ਕਰਵਾਉਂਦਾ ਸੀ। ਮੈਂ ਤੇ ਮੇਰੇ ਘਰਵਾਲੀ ਅਸੀਂ ਇਕ ਵੱਖਰੇ ਮਕਾਨ ਵਿਚ ਰਹਿੰਦੇ ਸੀ ਜੋ ਸੇਠ ਨੇ ਕੰਪਨੀ ਵਲੋਂ ਲੈ ਕੇ ਦਿਤਾ ਹੋਇਆ ਸੀ। ਮੈਂ ਜਦੋਂ ਵੀ ਕੋਈ ਕਾਗਜ਼ ਪੱਤਰ ਸੇਠ ਕੋਲ ਦਸਖਤ ਕਰਵਾਉਣ ਵਾਸਤੇ ਲਿਜਾਂਦਾ ਤਾਂ ਸੇਠ ਬਗੈਰ ਪੜ੍ਹਨ ਤੋਂ ਹੀ ਦਸਖਤ ਕਰ ਦਿੰਦਾ ਸੀ। ਉਸ ਨੂੰ ਮੇਰੇ ਤੇ ਵਿਸ਼ਵਾਸ ਸੀ ਕਿ ਮੈਂ ਕਦੀ ਵੀ ਕੋਈ ਗਲਤ ਕਾਗਜ਼ ਤੇ ਦਸਖਤ ਨਹੀਂ ਕਰਵਾ ਸਕਦਾ। ਜਦੋਂ ਇਸ ਤਰ੍ਹਾਂ ਕਰਦਿਆਂ ਕਈ ਸਾਲ ਬੀਤ ਗਏ ਤੇ ਸੇਠ ਨੂੰ ਐਨਾ ਵਿਸ਼ਵਾਸ ਹੋ ਗਿਆ ਸੀ ਕਿ ਜੇ ਸੇਠ ਨੇ ਕਦੀ ਹਫਤਾ ਦਸ ਦਿਨ ਵਾਸਤੇ ਬਾਹਰ ਜਾਣਾ ਤਾਂ ਮਿੱਲ ਦਾ ਸਾਰਾ ਕੰਮ ਮੈਂ ਖੁਦ ਹੀ ਦੇਖਦਾ ਸੀ ਅਤੇ ਉਸ ਦੇ ਵਾਂਗ ਹੀ ਸਭ ਤੇ ਹੁਕਮ ਚਲਾਉਂਦਾ ਸੀ। ਮੈਂ ਆਪਣੀ ਪਤਨੀ ਨਾਲ ਗਲ ਕੀਤੀ ਕਿ ਸੇਠ ਮੇਰੇ ਤੇ ਐਨਾ ਵਿਸ਼ਵਾਸ ਕਰਦਾ ਹੈ ਕਿ ਕਿਸੇ ਕਾਗਜ਼ ਤੇ ਵੀ ਦਸਖਤ ਕਰਵਾਵਾਂ ਤਾਂ ਪੜ੍ਹਦਾ ਹੀ ਨਹੀਂ, ਝੱਟ ਦਸਖਤ ਕਰ ਦਿੰਦਾ ਹੈ। ਕਹਿਣ ਲੱਗਿਆ ਕਿ ਜੇਕਰ ਇਸ ਮੌਕੇ ਦਾ ਫਾਇਦਾ ਉਠਾ ਲਈਏ ਤਾਂ ਮਿੱਲ ਦੇ ਮਾਲਕ ਆਪਾਂ ਖੁਦ ਬਣ ਸਕਦੇ ਹਾਂ। ਉਸ ਨੇ ਵੀ ਹਾਂ ਵਿਚ ਹਾਂ ਮਿਲਾ ਦਿਤੀ। ਮੈਂ ਇਸ ਪਲਾਨ ਦੇ ਤਹਿਤ ਵਕੀਲ ਤੋਂ ਸਾਰੇ ਕਾਗਜ਼ਾਤ ਸਟੈਂਪ ਪੇਪਰ ਤੇ ਬਣਵਾ ਲਏ ਜਿਸ ਵਿਚ ਸੇਠ ਵਲੋਂ ਇਹ ਲਿਖਵਾਇਆ ਗਿਆ ਸੀ ਕਿ ਮੈਂ ਹੁਣ ਇਹ ਮਿੱਲ ਸੰਭਾਲ ਨਹੀਂ ਸਕਦਾ ਤੇ ਇਸ ਦਾ ਮਾਲਕ ਇਹ ਮੁਨਸ਼ੀ ਹੈ, ਮੇਰਾ ਇਸ ਤੇ ਕੋਈ ਹੱਕ ਨਹੀਂ ਹੈ। ਇਹ ਸਾਰਾ ਕੁਝ ਕਰਵਾ ਕੇ ਮੈਂ ਇਹ ਸਾਰੇ ਕਾਗਜ਼ ਸੇਠ ਕੋਲ ਲੈ ਗਿਆ ਤੇ ਉਸ ਨੇ ਪੁਛਿਆ ਕਿ ਇਹ ਕਿਸ ਚੀਜ਼ ਦੇ ਕਾਗਜ਼ ਹਨ ਤਾਂ ਮੈਂ ਐਵੇਂ ਝੂਠ ਬੋਲ ਦਿਤਾ ਕਿ ਸੇਠ ਜੀ ਇਹ ਤਾਂ ਮਿੱਲ ਵਾਸਤੇ ਜਿਹੜੀ ਜ਼ਮੀਨ ਖਰੀਦੀ ਸੀ ਉਸ ਦੀ ਰਜਿਸਟਰੀ ਦੇ ਕਾਗਜ਼ ਹਨ। ਸੇਠ ਨੇ ਬਗੈਰ ਦੇਖੇ ਦਸਖਤ ਕਰ ਦਿਤੇ। ਬਸ ਹੋਰ ਮੈਨੂੰ ਕੀ ਚਾਹੀਦਾ ਸੀ, ਮੈਂ ਤੇ ਮੇਰੀ ਘਰਵਾਲੀ ਬਹੁਤ ਖੁਸ਼ ਹੋਏ। ਮੇਰੇ ਮਨ ਵਿਚ ਅਭਿਮਾਨ ਆ ਗਿਆ ਤੇ ਇਸ ਪੈਸੇ ਦੇ ਮੱਦ ਨੇ ਮੇਰੀ ਅਕਲ ਮਾਰ ਦਿਤੀ ਕਿ ਮੈਂ ਤਾਂ ਹੁਣ ਮਿੱਲ ਦਾ ਮਾਲਕ ਹਾਂ। ਮੈਂ ਹੁਣ ਨੌਕਰੀ ਤੇ ਟਾਈਮ ਸਿਰ ਨਹੀਂ ਸੀ ਜਾਂਦਾ ਅਤੇ ਜਿਹੜਾ ਕੰਮ ਸੇਠ ਨੇ ਮੈਨੂੰ ਕਰਨ ਲਈ ਕਹਿਣਾ, ਮੈਂ ਟਾਲ ਮਟੋਲ ਕਰ ਦਿੰਦਾ ਅਤੇ ਹੀਲ ਹੁਜਤ ਕਰਨ ਲਗ ਪਿਆ ਕਿਉਂਕਿ ਮੈਂ ਤਾਂ ਮਨ ਵਿਚ ਇਹੋ ਸਮਝਣ ਲਗ ਪਿਆ ਕਿ ਮੈਂ ਹੁਣ ਸੇਠ ਦਾ ਨੌਕਰ ਨਹੀਂ ਸਗੋਂ ਸੇਠ ਮੇਰਾ ਨੌਕਰ ਹੈ। ਇਸੇ ਤਰ੍ਹਾਂ ਨਾਲ ਇਕ ਦਿਨ ਇਹੋ ਜਿਹਾ ਆਇਆ ਕਿ ਸੇਠ ਨੂੰ ਮੇਰੀਆਂ ਇਹ ਹਰਕਤਾਂ ਚੰਗੀਆਂ ਨਾ ਲੱਗੀਆਂ ਤੇ ਮੈਨੂੰ ਤਾੜ ਕੇ ਪੁਛਣ ਲਗ ਪਿਆ ਕਿ ਭਾਈ ਤੂੰ ਦੋ ਮਹੀਨੇ ਤੋਂ ਕੰਮ ਤੇ ਠੀਕ ਸਮੇਂ ਸਿਰ ਨਹੀਂ ਆਉਂਦਾ, ਨਾ ਹੀ ਚੰਗੀ ਤਰ੍ਹਾਂ ਕੰਮ ਕਰਦਾ ਹੈਂ ਤੇ ਆਪਣੀ ਮਰਜ਼ੀ ਨਾਲ ਹੀ ਬਿਨਾਂ ਦੱਸੇ ਘਰ ਨੂੰ ਚਲਿਆ ਜਾਂਦਾ ਹੈਂ। ਕੀ ਗੱਲ ਹੈ, ਤੂੰ ਨੌਕਰੀ ਨਹੀਂ ਕਰਨੀ ਤੇ ਜੇ ਇਸੇ ਤਰ੍ਹਾਂ ਤੇਰੇ ਚਾਲੇ ਰਹੇ, ਫਿਰ ਤੈਨੂੰ ਨੌਕਰੀ ਤੋਂ ਹੱਥ ਧੋਣਾ ਪਵੇਗਾ। ਸੇਠ ਦੀ ਇੰਨੀ ਗਲ ਸੁਣ ਕੇ ਮੈਂ ਲੋਹਾ ਲਾਖਾ ਹੋ ਗਿਆ ਤੇ ਕਿਹਾ, ਸੇਠ ਜੀ! ਨੌਕਰ ਮੈਂ ਨਹੀਂ, ਹੁਣ ਨੌਕਰ ਤੁਸੀਂ ਹੋ, ਮੇਰਾ ਜਦ ਜੀ ਚਾਹੇ ਮੈਂ ਕੱਢ ਸਕਦਾ ਹਾਂ। ਸੇਠ ਬੜਾ ਹੈਰਾਨ ਹੋਇਆ ਕਿ ਨੌਕਰ ਦੀ ਇਤਨੀ ਮਜ਼ਾਲ ਕਿ ਇਸ ਨੂੰ ਬੋਲਣ ਦੀ ਤਮੀਜ਼ ਵੀ ਨਹੀਂ ਰਹੀ।



Sri Satguru Jagjit Singh Ji eLibrary NamdhariElibrary@gmail.com

ਸੇਠ ਨੇ ਗੁਸੇ ਵਿਚ ਆ ਕੇ ਕਿਹਾ ਕਿ ਜਾਹ ਨਿਕਲ ਜਾ ਇਥੋਂ, ਮੈਂ ਤੈਨੂੰ ਹੁਣੇ ਨੌਕਰੀ ਤੋਂ ਬਰਖਾਸਤ ਕਰਦਾ ਹਾਂ। ਮੇਰੇ ਕੋਲ ਉਨ੍ਹਾਂ ਕਾਗਜ਼ਾਂ ਦੀ ਕਾਪੀ ਸੀ, ਮੈਂ ਸੇਠ ਨੂੰ ਦਿਖਾ ਕੇ ਕਿਹਾ ਕਿ ਸੇਠ ਜੀ, ਦੇਖੋ ਤੁਹਾਡੇ ਦਸਖਤ ਹੋਏ ਹੋਏ ਹਨ, ਇਸ ਵਿਚ ਲਿਖਿਆ ਹੈ ਕਿ ਇਸ ਮਿੱਲ ਦਾ ਮਾਲਕ ਮੈਂ ਹਾਂ, ਤੁਸੀਂ ਨਹੀਂ। ਹੁਣ ਤੁਸੀਂ ਸ਼ਰਾਫਤ ਨਾਲ ਬਾਹਰ ਨਿਕਲ ਜਾਵੋ ਨਹੀਂ ਤਾਂ ਮੈਂ ਧੱਕੇ ਮਰਵਾ ਕੇ ਬਾਹਰ ਕੱਢ ਦਿਆਂਗਾ। ਬਸ ਐਨਾ ਕਹਿਣ ਦੀ ਦੇਰ ਸੀ ਕਿ ਸੇਠ ਨੂੰ ਦਿਲ ਦਾ ਦੌਰਾ ਪਿਆ ਤੇ ਉਥੇ ਹੀ ਮਰ ਗਿਆ, ਉਸ ਨੇ ਪ੍ਰਾਣ ਤਿਆਗ ਦਿਤੇ ਤੇ ਇਸ ਸਦਮੇ ਨੂੰ ਸਹਿ ਨਹੀਂ ਸਕਿਆ। ਮੈਂ ਮਿਲ ਦਾ ਮਾਲਕ ਬਣ ਗਿਆ ਤੇ ਮੈਨੂੰ ਲੋਕੀ ਸੇਠ ਕਹਿ ਕੇ ਬੁਲਾਉਣ ਲੱਗ ਪਏ। ਮੇਰੇ ਕੋਈ ਔਲਾਦ ਨਹੀਂ ਸੀ ਅਤੇ ਸੇਠ ਦੇ ਮਰਨ ਤੋਂ ਇਕ ਸਾਲ ਬਾਅਦ ਸਾਡੇ ਘਰ ਇਕ ਲੜਕਾ ਪੈਦਾ ਹੋਇਆ। ਘਰ ਵਿਚ ਬਹੁਤ ਖੁਸ਼ੀ ਮਨਾਈ ਤੇ ਕਿਹਾ ਕਿ ਦੇਖੋ, ਔਲਾਦ ਵੀ ਹੋ ਗਈ ਤੇ ਮਿੱਲ ਦੇ ਮਾਲਕ ਵੀ ਅਸੀਂ ਬਣ ਗਏ। ਲੜਕਾ ਥੋੜ੍ਹਾ ਵੱਡਾ ਹੋਇਆ। ਜਦੋਂ ਸੱਤ-ਅੱਠ ਸਾਲ ਦਾ ਹੋਇਆ ਤਾਂ ਬਿਮਾਰ ਹੋ ਗਿਆ। ਬਥੇਰੇ ਇਲਾਜ ਕਰਵਾਏ, ਡਾਕਟਰਾਂ ਦੇ ਕੋਈ ਸਮਝ ਨਹੀਂ ਆਇਆ ਕਿ ਉਸ ਨੂੰ ਕੀ ਬੀਮਾਰੀ ਸੀ। ਉਸ ਦੀ ਬੀਮਾਰੀ ਤੇ ਪੈਸਾ ਪਾਨੀ ਵਾਂਗ ਵਹਾਇਆ ਪਰ ਇਲਾਜ਼ ਨਾ ਹੋ ਸਕਿਆ। ਫੇਰ ਵੱਡੇ ਡਾਕਟਰਾਂ ਨੇ ਸਲਾਹ ਦਿਤੀ ਕਿ ਇਸ ਨੂੰ ਇੰਗਲੈਂਡ ਲੈ ਕੇ ਜਾਵੋ, ਇਸ ਬੀਮਾਰੀ ਦਾ ਇਲਾਜ ਇਥੇ ਨਹੀਂ ਹੋ ਸਕਦਾ, ਬਾਹਰ ਹੀ ਹੋ ਸਕਦਾ ਹੈ। ਮੈਂ ਉਸ ਨੂੰ ਇੰਗਲੈਂਡ ਲੈ ਕੇ ਗਿਆ ਅਤੇ ਉਸ ਦੀ ਬੀਮਾਰੀ ਦਾ ਇਲਾਜ਼ ਕਰਵਾਉਣ ਵਾਸਤੇ ਮੈਨੂੰ ਮਿੱਲ ਵੇਚਣੀ ਪਈ। ਬਾਹਰ ਵੀ ਟੱਕਰਾਂ ਮਾਰ ਕੇ ਵਾਪਸ ਹਿੰਦੋਸਤਾਨ ਆ ਗਿਆ, ਉਥੇ ਦੇ ਡਾਕਟਰਾਂ ਨੇ ਵੀ ਜਵਾਬ ਦੇ ਦਿਤਾ। ਹੁਣ ਘਰ ਦੀ ਹਾਲਤ ਇਹ ਹੋ ਗਈ ਕਿ ਘਰ ਦਾ ਖਰਚਾ ਚਲਾਉਣਾ ਵੀ ਮੁਸ਼ਕਲ ਹੋ ਗਿਆ ਸਗੋਂ ਸਿਰ ਤੇ ਕਰਜ਼ਾ ਚੜ੍ਹ ਚੁਕਿਆ ਸੀ। ਲੜਕਾ ਜਦੋਂ ਦਾ ਬੀਮਾਰ ਹੋਇਆ ਸੀ, ਉਹ ਨਾ ਹੀ ਕਦੀ ਹੱਸਿਆ ਸੀ ਤੇ ਨਾ ਹੀ ਕਦੀ ਬੋਲਿਆ ਸੀ। ਇਕ ਦਿਨ ਦੀ ਗਲ ਕਿ ਅਸੀਂ ਦੋਵੇਂ ਜਣੇ ਉਸ ਦੇ ਮੰਜੇ ਕੋਲ ਬੈਠੇ ਸੀ, ਸਾਨੂੰ ਦੇਖ ਕੇ ਉਹ ਖਿੜਖਿੜਾ ਕੇ ਹੱਸਿਆ। ਅਸੀਂ ਥੋੜ੍ਹੇ ਖੁਸ਼ ਹੋਏ ਕਿ ਅੱਜ ਹੱਸਿਆ ਹੈ ਤੇ ਨਾਲ ਪਿਤਾ ਜੀ ਕਹਿ ਕੇ ਬੁਲਾਇਆ, ਕਹਿਣ ਲੱਗਿਆ, ਪਿਤਾ ਜੀ! ਮੈਂ ਤੁਹਾਥੋਂ ਇਕ ਗੱਲ ਪੁਛਣੀ ਹੈ, ਸੱਚ ਸੱਚ ਦੱਸਣਾ। ਮੈਂ ਕਿਹਾ, ਬੇਟਾ ਪੁਛੋ, ਮੈਂ ਸੱਚ ਸੱਚ ਦਸਾਂਗਾ। ਕਹਿਣ ਲੱਗਿਆ, ਪਿਤਾ ਜੀ! ਉਹ ਮਿੱਲ ਤੁਹਾਡੀ ਸੀ ਜਾਂ ਕਿਸੇ ਹੋਰ ਦੀ? ਮੈਂ ਚੁਪ ਕਰ ਗਿਆ। ਕਹਿਣ ਲੱਗਿਆ, ਸੱਚ ਸੱਚ ਦੱਸੋ, ਝੂਠ ਨਾ ਬੋਲਿਓ। ਠੀਕ ਠੀਕ ਦੱਸੋ ਤੁਹਾਨੂੰ ਉਹ ਮਿੱਲ ਕਿਵੇਂ ਪ੍ਰਾਪਤ ਹੋਈ ਸੀ ਤੇ ਤੁਸੀਂ ਸੇਠ ਕਿਵੇਂ ਬਣੇ ਸੀ? ਬੱਚਾ ਸੁੱਕ ਕੇ ਤੀਲ੍ਹੇ ਵਰਗਾ ਹੋ ਚੁਕਿਆ ਸੀ ਤੇ ਮੇਰੀ ਜ਼ਮੀਰ ਨੇ ਕਿਹਾ ਕਿ ਇਸ ਦਾ ਕੋਈ ਪਤਾ ਨਹੀਂ ਕਿੰਨੇ ਚਿਰ ਦਾ ਮਹਿਮਾਨ ਹੈ, ਮੈਂ ਸਭ ਕੁਝ ਇਸ ਨੂੰ ਦੱਸ ਦਿਆਂ। ਮੈਂ ਸਾਰਾ ਕੁਝ ਦੱਸ ਦਿਤਾ ਤੇ ਕਹਿਣ ਲੱਗਿਆ, ਹੁਣ ਤੁਹਾਡੇ ਕੋਲ ਕਿੰਨਾ ਕੁ ਪੈਸਾ ਜਮ੍ਹਾਂ ਹੈ? ਮੈਂ ਕਿਹਾ ਹੁਣ ਤਾਂ ਮੈਂ ਲੱਖਾਂ ਰੁਪਏ ਦਾ ਕਰਜ਼ਾਈ ਹਾਂ। ਫੇਰ ਹੱਸ ਪਿਆ, ਕਹਿਣ ਲੱਗਿਆ, ਤੁਹਾਨੂੰ ਪਤਾ ਹੈ, ਉਹ ਸੇਠ ਕੌਣ ਸੀ? ਮੈਂ ਕਿਹਾ, ਤੈਨੂੰ ਪਤਾ ਹੈ? ਕਹਿੰਦਾ ਹਾਂ। ਮੈਂ ਆਖਿਆ ਦੱਸ। ਕਹਿਣ ਲੱਗਿਆ, ਪਿਤਾ ਜੀ! ਮੈਂ ਓਹੀ ਸੇਠ ਹਾਂ ਤੇ ਤੁਹਾਡਾ ਪੁਤਰ ਬਣ ਕੇ ਤੁਹਾਥੋਂ ਬਦਲਾ ਲੈਣ ਵਾਸਤੇ ਆਇਆ ਹਾਂ, ਜਿਸ ਵਾਸਤੇ ਮੈਂ ਤੁਹਾਡੇ ਘਰ ਜਨਮ ਲਿਆ ਹੈ। ਹੁਣ ਮੇਰਾ ਕੰਮ ਹੋ ਚੁਕਿਆ ਹੈ, ਅੱਗੇ ਤੋਂ ਕਿਸੇ ਨਾਲ ਇਸ ਤਰ੍ਹਾਂ ਧੋਖਾ ਤੇ ਵਿਸ਼ਵਾਸਘਾਤ ਨਾ ਕਰਨਾ। ਬੱਸ ਇੰਨੀ ਗੱਲ ਕਹਿ ਕੇ ਉਸ ਨੇ ਸੁਆਸ ਤਿਆਗ ਦਿਤੇ। ਉਸ ਦੀ ਮਰਗਦ ਤੇ ਸਾਰੇ ਰਿਸ਼ਤੇਦਾਰ ਆਏ, ਸਾਰੇ ਅਫਸੋਸ ਕਰ ਰਹੇ ਸਨ ਪਰ ਮੈਂ ਚੁਪ ਸੀ ਕਿਉਂਕਿ ਮੈਨੂੰ ਤਾਂ ਆਪਣੀ ਕਰਤੂਤ ਦਾ ਪਤਾ ਸੀ। ਜਦੋਂ ਸਾਰੇ ਵਿਦਾ ਹੋਣ ਲੱਗੇ, ਮੈਂ ਆਪਣੇ ਹੱਥ ਗਿੱਲੇ ਕਰਕੇ ਚੁਲ੍ਹੇ ਕੋਲ ਗਿਆ ਤੇ ਹੱਥਾਂ ਨੂੰ ਸੁਆਹ ਮਲ ਕੇ ਆਪਣੇ ਮੂੰਹ ਤੇ ਫੇਰ ਕੇ, ਮੂੰਹ ਕਾਲਾ ਕਰ ਲਿਆ ਤੇ ਸਾਰਿਆਂ ਨੂੰ ਉਚੀ ਆਵਾਜ਼ ਵਿਚ ਕਿਹਾ ਕਿ ਅਫਸੋਸ ਨਾ ਕਰੋ, ਇਹ ਮੇਰੇ ਕੀਤੇ ਦਾ ਹੀ ਫਲ ਹੈ। ਮੈਂ ਪਾਪੀ ਹਾਂ, ਮੈਂ ਜਿਸ ਤਰ੍ਹਾਂ ਦੀ ਕਰਨੀ ਕੀਤੀ, ਇਸੇ ਜਨਮ ਵਿਚ ਮੈਂ ਉਸ ਦਾ ਫਲ ਭੁਗਤ ਲਿਆ ਹੈ। ਤੁਸੀਂ ਵੀ ਕਿਸੇ ਨਾਲ ਵਿਸ਼ਵਾਸਘਾਤ ਤੇ ਧੋਖਾ ਨਾ ਕਰਿਓ। ਮੈਂ ਬੱਸ ਇਹੀ ਕਹਿਣ ਲੱਗ ਪਿਆ ਕਿ 'ਜੈਸੇ ਕੋ ਤੈਸਾ' ਭਾਵ ਜਿਹੋ ਜਿਹਾ ਕਰਮ ਮੈਂ ਬੀਜਿਆ, ਮੈਂ ਉਸੇ ਤਰ੍ਹਾਂ ਨਾਲ ਉਸ ਦਾ ਫਲ ਭੁਗਤਿਆ ਹੈ। ਮੈਨੂੰ ਸਾਰੇ ਪਾਗਲ ਪਾਗਲ ਕਹਿਣ ਲੱਗ ਪਏ ਪਰ ਮੈਂ ਸਾਰੇ ਪਰਿਵਾਰ ਵਿਚੋਂ ਉਸੇ ਤਰ੍ਹਾਂ ਕਾਲਾ ਮੂੰਹ ਕਰਕੇ ਜਿਧਰ ਨੂੰ ਮੇਰਾ ਮੂੰਹ ਸੀ ਉਧਰ ਨੂੰ ਹੀ ਭੱਜ ਪਿਆ ਤੇ ਕਾਲਕਾ ਦੇ ਇਨ੍ਹਾਂ ਪਹਾੜਾਂ ਵਿਚ ਆ ਕੇ ਲੁਕਿਆ ਹੋਇਆ ਹਾਂ, ਪਛਤਾਵਾ ਕਰ ਰਿਹਾ ਹਾਂ ਅਤੇ ਲੋਕ ਮੈਨੂੰ ਕਾਲੇ ਮੂੰਹ ਵਾਲਾ ਸੰਤ ਕਹਿੰਦੇ ਹਨ। ਲੋਕਾਂ ਤੋਂ ਤਾਂ ਮੈਂ ਦੂਰ ਹੀ ਰਹਿੰਦਾ ਹਾਂ। ਜਿਹੜਾ ਵੀ ਮੇਰੇ ਪਾਸ ਕਦੀ ਆ ਜਾਵੇ, ਉਸ ਨੂੰ ਕਹਿੰਦਾ ਹਾਂ ਕਿ ਕਿਸੇ ਨਾਲ ਮਾੜਾ ਕਰਮ ਨਾ ਕਰੀਂ ਭਾਈ, ਨਹੀਂ ਤਾਂ ਦਰਗਾਹ ਵਿਚ ਮੂੰਹ ਕਾਲਾ ਕੀਤਾ ਜਾਵੇਗਾ। ਮੈਨੂੰ ਪਤਾ ਹੈ ਕਿ ਦਰਗਾਹ ਵਿਚ ਮੇਰਾ ਮੂੰਹ ਕਾਲਾ ਹੋਵੇਗਾ ਪਰ ਮੈਂ ਪਸ਼ਚਾਤਾਪ ਕਰਨ ਲਈ ਜੀਉਂਦੇ ਜੀਅ ਆਪਣਾ ਮੂੰਹ ਆਪ ਹੀ ਕਾਲਾ ਕਰਕੇ ਰੱਖਦਾ ਹਾਂ ਤਾਂ ਕਿ ਲੋਕ ਸਮਝ ਲੈਣ ਕਿ ਮੈਂ ਪਾਪੀ ਹਾਂ, ਦੋਸ਼ੀ ਹਾਂ, ਗੁਨਹਗਾਰ ਹਾਂ। ਇਹ ਮੇਰੇ ਮਾੜੇ ਕਰਮਾਂ ਦਾ ਦੋਸ਼ ਹੈ।

***ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥***

***ਪੰਨਾ – 134***



Sri Satguru Jagjit Singh Ji eLibrary NamdhariElibrary@gmail.com

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥***
***ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥***
***ਪੰਨਾ - 433***

ਇਸ ਕਰਕੇ ਮਨੁਖ ਨੂੰ ਸਾਵਧਾਨ ਰਹਿਣਾ ਚਾਹੀਦਾ ਹੈ ਤੇ ਪਤਾ ਹੋਣਾ ਚਾਹੀਦਾ ਹੈ ਕਿ ਮੈਂ ਕਿਹੋ ਜਿਹੇ ਕਰਮ ਬੀਜ ਰਿਹਾ ਹਾਂ ਕਿਉਂਕਿ ਇਸ ਦਾ ਫਲ ਅਵਸ਼ਯ ਹੀ ਭੁਗਤਣਾ ਪੈਂਦਾ ਹੈ।

***ਭੋਗੇ ਬਿਨ ਭਾਗੈ ਨਹੀ ਕਰਮ ਗਤੀ ਬਲਵਾਨ॥***

ਸੋ ਇਹ ਬਾਬਾ ਜੀ ਦੀ ਅੱਖੀਂ ਦੇਖੀ ਜ਼ਿੰਦਾ ਮਿਸਾਲ ਹੈ ਕਿ ਕਿਵੇਂ ਪ੍ਰਭੂ ਦੀ ਦਰਗਾਹ ਵਿਚ ਕਰਮਾਂ ਦਾ ਲੇਖਾ ਜੋਖਾ ਹੁੰਦਾ ਹੈ। ਉਹ ਇਨਸਾਨ ਜੋ ਧੋਖੇ ਫਰੇਬ ਨਾਲ ਦੂਜੇ ਦੀ ਦੌਲਤ ਹੜੱਪ ਕਰਕੇ ਲੱਖਪਤੀ ਬਣਨਾ ਚਾਹੁੰਦਾ ਸੀ, ਉਹ ਕੁਝ ਸਾਲਾਂ ਵਿਚ ਕੰਗਾਲ ਬਣ ਗਿਆ ਅਤੇ ਉਹ ਦੌਲਤ ਉਸ ਨੂੰ ਵਫਾ ਨਹੀਂ ਕਰ ਸਕੀ। ਉਸ ਦੰਪਤੀ ਦੇ ਮਨਾਂ ਦੀ ਸ਼ਾਂਤੀ ਭੰਗ ਕਰਕੇ ਉਨ੍ਹਾਂ ਨੂੰ ਦਰ ਦਰ ਦੀਆਂ ਠੋਕਰਾਂ ਖਾਣ ਲਈ ਮਜ਼ਬੂਰ ਕਰ ਦਿਤਾ। ਮਨ ਦੀ ਸ਼ਾਂਤੀ ਲਈ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ ਕਿ ਆਪਣੀ ਨੇਕ ਕਮਾਈ ਵਿਚੋਂ ਦਾਨ ਦੇਣਾ ਚਾਹੀਦਾ ਹੈ ਤੇ ਹੱਥੋਂ ਦੇ ਕੇ ਭਲਾ ਮਨਾਉਣਾ ਚਾਹੀਦਾ ਹੈ।

***ਘਾਲਿ ਖਾਇ ਕਿਛੁ ਹਥਹੁ ਦੇਇ॥***
***ਨਾਨਕ ਰਾਹੁ ਪਛਾਣਹਿ ਸੇਇ॥ ਪੰਨਾ - 1245***

## ਰਾਮਾ ਕ੍ਰਿਸ਼ਨਾ ਮਿਸ਼ਨ ਵਿਚ ਲੈਕਚਰ

ਜਦੋਂ ਬਾਬਾ ਜੀ ਇਥੇ ਚੰਡੀਗੜ੍ਹ ਨਿਵਾਸ ਰੱਖਦੇ ਸੀ ਤਾਂ ਰਾਮਾ ਕ੍ਰਿਸ਼ਨ ਮਿਸ਼ਨ ਦੇ ਮੁਖੀ ਸੁਆਮੀ ਜੀ ਨੇ ਚਾਹਿਆ ਕਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪ੍ਰਕਾਸ਼ ਉਤਸਵ ਮਨਾਇਆ ਜਾਵੇ ਅਤੇ ਇਸ ਸੰਬੰਧ ਵਿਚ ਉਨ੍ਹਾਂ ਨੇ ਬਹੁਤ ਪੜ੍ਹੇ ਲਿਖੇ ਵਿਦਵਾਨ ਪ੍ਰੋਫੈਸਰ ਤੇ ਬੁਧੀਜੀਵੀਆਂ ਨੂੰ ਬੁਲਾ ਕੇ ਲੈਕਚਰ ਕਰਵਾਏ ਜਾਣ ਦਾ ਪ੍ਰਬੰਧ ਕੀਤਾ ਤਾਂ ਕਿ ਉਨ੍ਹਾਂ ਦੇ ਅਨੁਆਈਆਂ ਨੂੰ ਵੀ ਗੁਰੂ ਮਹਾਰਾਜ ਜੀ ਦੇ ਪਰਮ ਪਵਿੱਤਰ ਮਹਾਨ ਜੀਵਨ ਬਾਰੇ ਹੋਰ ਵਧੇਰੇ ਜਾਣਕਾਰੀ ਮਿਲ ਸਕੇ। ਇਸ ਦਾ ਆਯੋਜਨ ਲਾਲਾ ਲਾਜਪਤ ਰਾਏ ਭਵਨ, ਸੈਕਟਰ 15 ਵਿਚ ਕੀਤਾ ਗਿਆ ਸੀ। ਇਸ ਵਿਚ ਹਰਬੰਸ ਸਿੰਘ ਦੁਆਬੀਆ ਜੀ ਨੇ ਵੀ ਲੈਕਚਰ ਦੇਣਾ ਸੀ। ਬਾਬਾ ਜੀ ਦਸਿਆ ਕਰਦੇ ਸਨ ਕਿ ਦੁਆਬੀਆ ਸਾਹਿਬ ਨੇ ਕਿਹਾ ਕਿ ਤੁਸੀਂ ਹੀ ਮੇਰਾ ਲੈਕਚਰ ਲਿਖ ਕੇ ਮੈਨੂੰ ਦੇ ਦਿਓ ਜੋ ਮੈਂ ਉਥੇ ਪੜ੍ਹ ਕੇ ਸੁਣਾ ਦਿਆਂਗਾ। ਇਸੇ ਤਰ੍ਹਾਂ ਹੋਇਆ, ਹੋਰ ਬਕਤਾਵਾਂ ਨੇ ਆਪਣੇ ਆਪਣੇ ਲੈਕਚਰ ਦਸ਼ਮੇਸ਼ ਪਿਤਾ ਜੀ ਬਾਰੇ ਦਿਤੇ ਤੇ ਫੇਰ ਦੁਆਬੀਆ ਸਾਹਿਬ ਦਾ ਨਾਮ ਸਟੇਜ਼ ਤੇ ਬੋਲਿਆ ਗਿਆ। ਉਸ ਵੇਲੇ ਉਸ ਨੂੰ ਪਤਾ ਨਹੀਂ ਕੀ ਹੋਇਆ, ਉਸ ਨੇ ਸਟੇਜ਼ ਤੇ ਜਾ ਕੇ ਮੇਰਾ ਹੀ ਨਾਮ ਲੈ ਦਿਤਾ ਤੇ ਕਿਹਾ ਕਿ ਮੈਂ ਵੀ ਉਨ੍ਹਾਂ ਪਾਸੋਂ ਹੀ ਲਿਖਵਾਇਆ ਹੈ। ਬੇਹਤਰ ਤਾਂ ਇਹ ਹੀ ਹੈ ਕਿ ਉਹ ਖੁਦ ਹੀ ਇਹ ਲੈਕਚਰ ਦੇਣ। ਇਸ ਤਰ੍ਹਾਂ ਅਚਾਨਕ ਹੀ, ਬਗੈਰ ਕਿਸੇ ਤਿਆਰੀ ਤੇ ਬਾਬਾ ਜੀ ਨੂੰ ਸਟੇਜ਼ ਤੇ ਲੈਕਚਰ ਦੇਣ ਲਈ ਬੁਲਾ ਲਿਆ ਗਿਆ। ਬਾਬਾ ਜੀ ਨੇ ਸਟੇਜ਼ ਤੇ ਖੜ੍ਹੇ ਹੁੰਦੇ ਸਾਰ ਹੀ ਇਹ ਬੋਲ ਕੇ ਲੈਕਚਰ ਸ਼ੁਰੂ ਕੀਤਾ ਕਿ 'ਰਾਜ ਕਰੇਗਾ ਖਾਲਸਾ'। ਬੱਸ ਇੰਨਾਂ ਕਹਿਣ ਦੀ ਦੇਰ ਸੀ ਕਿ ਸਾਰਿਆਂ ਦੇ ਕੰਨ ਖੜ੍ਹੇ ਹੋ ਗਏ ਤੇ ਸਾਰੇ ਹੈਰਾਨ ਸਨ ਕਿ ਹੁਣ ਪਤਾ ਨਹੀਂ ਅੱਗੇ ਕਿਸ ਤਰ੍ਹਾਂ ਨਾਲ ਬੋਲਣਗੇ ਜੇ ਸ਼ੁਰੂਆਤ ਹੀ 'ਰਾਜ ਕਰੇਗਾ ਖਾਲਸਾ' ਨਾਲ ਕੀਤੀ ਹੈ। ਬਾਬਾ ਜੀ ਨੇ ਆਪਣਾ ਲੈਕਚਰ ਜਾਰੀ ਰੱਖਦਿਆਂ ਦੱਸਿਆ ਕਿ ਆਪ ਨੂੰ ਕਿਸੇ ਤੌਖਲੇ ਦੀ ਲੋੜ ਨਹੀਂ, ਇਹ 'ਸਤਿ' ਬਾਤ ਹੈ। ਖਾਲਸਾ ਆਦਿ ਕਾਲ ਤੋਂ ਰਾਜ ਕਰਦਾ ਆਇਆ ਹੈ ਤੇ ਰਾਜ ਕਰਦਾ ਰਹੇਗਾ। ਪਰੰਤੂ ਇਸ ਖਾਲਸੇ ਨੂੰ ਪੂਰਨ ਸਰੂਪ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਤਸ਼ਾਹ ਜੀ ਨੇ ਦਿਤਾ ਜਿਨ੍ਹਾਂ ਦਾ ਪ੍ਰਕਾਸ਼ ਉਤਸਵ ਮਨਾਉਣ ਲਈ ਆਪਾਂ ਸਾਰੇ ਇਥੇ ਇਕੱਠੇ ਹੋਏ ਹਾਂ। ਦਸ਼ਮੇਸ਼ ਪਿਤਾ ਜੀ ਨੇ ਖਾਲਸੇ ਨੂੰ ਬਹੁਤ ਬਚਿਤਰ ਬਣਾਇਆ ਹੈ ਅਤੇ ਗੁਰੂ ਤੇ ਚੇਲੇ ਵਿਚ ਕੋਈ ਅੰਤਰ ਨਹੀਂ ਰਹਿਣ ਦਿਤਾ। ਦੇਸ਼ ਭਰ ਦੇ ਚਾਰੇ ਵਰਨਾਂ ਤੇ ਜਾਤੀਆਂ ਦੇ ਲੋਕਾਂ ਵਿਚੋਂ ਪੰਜ ਨੂੰ ਚੁਣਿਆਂ ਜੋ ਭਾਰਤਵਰਸ਼ ਦੇ ਵੱਖ-ਵੱਖ ਹਿੱਸਿਆਂ ਨਾਲ ਸੰਬੰਧ ਰੱਖਦੇ ਸਨ। ਉਨ੍ਹਾਂ ਦੇ ਸੀਸ, ਧੜ ਤੋਂ ਅਲੱਗ ਕਰਕੇ, ਫੇਰ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕੀਤਾ। ਜਦੋਂ ਗੁਰੂ ਮਹਾਰਾਜ ਅੰਮ੍ਰਿਤ ਤਿਆਰ ਕਰ ਰਹੇ ਸੀ ਤਾਂ ਦੋ ਬੂੰਦਾਂ ਹੇਠਾਂ ਡਿਗ ਪਈਆਂ ਜੋ ਦੋ ਚਿੜੀਆਂ ਨੇ ਪੀ ਲਈਆਂ। ਦੋਵਾਂ ਨੇ ਇਤਨਾਂ ਯੁਧ ਕੀਤਾ ਕਿ ਵਿਚ ਲਹੂ ਲੁਹਾਨ ਹੋ ਗਈਆਂ। ਸਿੰਘਾਂ ਨੇ ਮਾਤਾ ਜੀ ਨੂੰ ਦੱਸਿਆ ਕਿ ਗੁਰੂ ਦਸ਼ਮੇਸ਼ ਪਿਤਾ ਜੀ ਬੜੇ ਕਰਾਰੇ ਤੇਜ ਵਾਲਾ ਅੰਮ੍ਰਿਤ ਤਿਆਰ ਕਰ ਰਹੇ ਹਨ ਤਾਂ ਮਾਤਾ ਜੀ ਨੇ ਇਸ ਅੰਮ੍ਰਿਤ ਵਿਚ ਪਤਾਸ਼ੇ ਪਾ ਕੇ ਇਸ ਨੂੰ ਮਿਠਾ ਬਣਾਇਆ ਤਾਂ ਕਿ ਸਿੰਘਾਂ ਵਿਚ ਮਿਠਾਸ ਵੀ ਬਣੀ ਰਹੇ। ਜਦੋਂ ਅੰਮ੍ਰਿਤ ਤਿਆਰ ਹੋ ਗਿਆ ਤਾਂ ਗੁਰੂ ਮਹਾਰਾਜ ਜੀ ਨੇ ਪੰਜਾਂ ਦੇ ਧੜਾਂ ਨਾਲ ਸਿਰ ਜੋੜ ਕੇ, ਅੰਮ੍ਰਿਤ ਦਾ ਛਿੱਟਾ ਮਾਰਿਆ ਤੇ ਸੁਰਜੀਤ ਕਰ ਦਿਤਾ। ਉਸ ਵੇਲੇ ਔਰੰਗਜ਼ੇਬ ਨੇ ਇਕ ਆਪਣਾ ਖਾਸ ਜਸੂਸ ਅਬਦੁਲ ਤੁਲਾਨੀ ਭੇਜਿਆ ਹੋਇਆ ਸੀ, ਉਸ ਨੇ ਲਿਖਿਆ ਹੈ ਕਿ ਉਸ ਨੂੰ ਇਹ ਪਤਾ ਨਹੀਂ ਲਗ ਸਕਿਆ ਕਿ ਜਿਸ ਦਾ ਧੜ ਸੀ, ਉਸੇ ਦਾ ਸਿਰ ਜੋੜਿਆ। ਪਰ ਮੈਨੂੰ ਲਗਦਾ ਹੈ, ਧੜ ਕਿਸੇ ਹੋਰ ਦਾ ਸੀ ਤੇ ਸਿਰ ਕਿਸੇ ਹੋਰ ਦਾ ਸੀ। ਪੰਜਾਂ ਨੂੰ ਗੁਰੂ ਮਹਾਰਾਜ ਜੀ ਨੇ ਖੰਡੇ ਬਾਟੇ ਦਾ ਅੰਮ੍ਰਿਤ ਛਕਾਇਆ, ਫੇਰ ਉਨ੍ਹਾਂ ਤੋਂ ਆਪ ਅੰਮ੍ਰਿਤ ਛਕਿਆ। ਸੋ ਇਸ ਤਰ੍ਹਾਂ ਨਾਲ ਇਹ ਖਾਲਸਾ ਪ੍ਰਗਟ ਕੀਤਾ ਤੇ ਇਸ ਨੂੰ ਇਹ ਨਾਅਰਾ ਤੇ ਜੈਕਾਰਾ ਦਿਤਾ - 'ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ


Sri Satguru Jagjit Singh Ji eLibrary NamdhariElibrary@gmail.com

ਫਤਹਿ॥' ਭਾਵ ਇਹ ਖਾਲਸਾ ਵਾਹਿਗੁਰੂ ਜੀ ਦਾ ਹੈ ਅਤੇ ਇਸ ਦੀ ਫਤਹਿ ਭਾਵ ਜਿਤ ਵੀ ਵਾਹਿਗੁਰੂ ਦੀ ਹੈ। ਇਸ ਨੇ ਆਤਮ ਰਸ ਦਾ ਅਨੰਦ ਮਾਣਦੇ ਹੋਏ, ਆਪਣੇ ਆਪ ਨੂੰ ਪੂਰਨ ਤੌਰ ਤੇ ਪ੍ਰਭੂ ਵਿਚ ਲੀਨ ਕਰ ਦੇਣਾ ਹੈ। ਦੂਜੇ ਪਾਸੇ ਉਥੇ ਕਿਸੇ ਨਾਲ ਅਨਿਆਂ, ਧੱਕਾ ਜਾਂ ਜ਼ੁਲਮ ਨਹੀਂ ਹੋਣ ਦੇਣਾ, ਇਸ ਨੇ ਗਰੀਬਾਂ ਦੀ ਰੱਖਿਆ ਕਰਨੀ ਹੈ, ਨਿਤਾਣਿਆਂ ਦਾ ਤਾਣ ਬਣਨਾ ਹੈ, ਗੁਰੂ ਦੀ ਦੱਸੀ ਹੋਈ ਮਾਣ ਮਰਯਾਦਾ ਵਿਚ ਰਹਿ ਕੇ ਸਭ ਦੀ ਸਹਾਇਤਾ ਕਰਨੀ ਹੈ। ਇਸ ਨੇ ਆਪਣਾ ਕਰੈਕਟਰ ਬਹੁਤ ਉਚਾ ਰਖਣਾ ਹੈ ਕਿਉਂਕਿ ਇਹ ਅਕਾਲ ਪੁਰਖ ਦੀ ਫੌਜ ਹੈ।

*ਖਾਲਸਾ ਅਕਾਲ ਪੁਰਖ ਕੀ ਫੌਜ॥*
*ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ॥*

*(ਸਰਬ ਲੌਹ ਗ੍ਰੰਥ)*

ਜਦੋਂ ਤੱਕ ਇਸ ਦੇ ਅੰਦਰ ਨਾਮ ਸ਼ਕਤੀ ਸਮਾਈ ਰਹੇਗੀ ਤੇ ਇਹ ਆਤਮ ਰਸ ਮਾਣਦਾ ਹੋਇਆ ਪ੍ਰਭੂ ਵਿਚ ਅਭੇਦਤਾ ਵਤ ਰਹੇਗਾ ਤਾਂ ਇਸ ਦੀ ਹਰ ਮੈਦਾਨ ਵਿਚ ਜਿਤ ਹੋਵੇਗੀ, ਭਾਵੇਂ ਉਹ ਆਰਥਿਕ ਹੈ, ਰਾਜਸੀ ਹੈ, ਭਾਈਚਾਰਕ ਹੈ, ਰੂਹਾਨੀ ਹੈ। ਇਹ ਸਭ ਕੁਝ ਇਸ ਗੱਲ ਤੇ ਅਧਾਰਿਤ ਹੈ ਕਿ ਉਹ ਸਚਮੁਚ ਹੀ ਵਾਹਿਗੁਰੂ ਨਾਲ ਅਭੇਦ ਅਵਸਥਾ ਵਿਚ ਇਕ ਮਿਕ ਹੋ ਕੇ ਵਰਤਦਾ ਹੋਵੇ ਅਤੇ ਉਸ ਨੂੰ ਦਿਬਯ ਨੇਤਰਾਂ ਰਾਹੀਂ ਘਟ ਘਟ ਵਿਚ ਪ੍ਰਭੂ ਦੇ ਪ੍ਰਤੱਖ ਝਲਕਾਰੇ ਮਸਤ ਕਰਦੇ ਹੋਣ। ਅਜਿਹੇ ਖਾਲਸੇ ਨੂੰ ਕਦੀ ਵੀ ਹਾਰ ਦਾ ਮੂੰਹ ਨਹੀਂ ਵੇਖਣਾ ਪੈਂਦਾ ਕਿਉਂਕਿ ਸਰਬਤ ਦੇ ਭਲੇ ਲਈ ਫੈਲਿਆ ਹੋਇਆ ਓਹਾ ਹਰ ਕਿਸੇ ਨੂੰ ਆਪਣੇ ਪਿਆਰ ਦੇ ਕਲਾਵੇ ਵਿਚ ਲੈ ਕੇ, ਪ੍ਰੇਮ ਤੇ ਅਪਣੱਤ ਦੀਆਂ ਤਰੰਗਾਂ ਰਾਹੀਂ ਆਪਣਾ ਬਣਾ ਲੈਂਦਾ ਹੈ। ਐਸਾ ਖਾਲਸਾ ਸਰਬਤ ਦਾ ਸਾਂਝਾ ਹੋਣ ਕਰਕੇ, ਸਭ ਦਾ ਸੇਵਾਦਾਰ ਹੁੰਦਾ ਹੈ। ਇਸ ਲਈ ਅੰਮ੍ਰਿਤ ਦੀ ਸ਼ਕਤੀ ਦੇ ਨਾਲ ਨਾਲ ਇਸ ਵਿਚ ਭਗਤੀ ਦਾ ਅੰਸ ਵੀ ਗੁਰੂ ਮਹਾਰਾਜ ਨੇ ਕੁਟ ਕੁਟ ਕੇ ਭਰਿਆ ਹੋਇਆ ਹੈ।

*ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥*

*(ਸਰਬ ਲੋਹ ਗ੍ਰੰਥ)*

ਖਾਲਸਾ ਪਦ ਦੇ ਪੰਜ ਪਿਆਰਿਆਂ ਰਾਹੀਂ ਬਾਣੀ ਦੀ ਸ਼ਕਤੀ ਦੇ ਨਾਲ ਤਿਆਰ ਕੀਤੀ ਪਾਹੁਲ, ਸ਼ਕਤੀ ਦਾ ਭੰਡਾਰ ਹੋਇਆ ਕਰਦਾ ਹੈ। ਜਿਸ ਨੇ ਪੰਜ ਪਿਆਰਿਆਂ ਦੀ ਪਵਿੱਤਰ ਰਸਨਾ ਤੋਂ ਗੁਰਮੰਤਰ ਦੀ ਗੁੰਜਾਰ ਸੁਣ ਕੇ ਅੰਦਰ ਵਸਾ ਲਈ, ਉਸ ਦੇ ਅੰਦਰੋਂ ਨਾਮ ਧੁਨ ਅਲੋਪ ਨਹੀਂ ਹੋਇਆ ਕਰਦੀ। ਗੁਰਮੰਤਰ ਦੀ ਸ਼ਕਤੀ ਉਸ ਦੇ ਰੋਮ ਰੋਮ ਵਿਚ ਸਮਾਅ ਜਾਇਆ ਕਰਦੀ ਹੈ ਅਤੇ ਮੰਤਰ ਬਲ ਕਰਕੇ, ਜਪ ਕਰਕੇ, ਸਾਧਨਾ ਕਰਕੇ ਉਹ ਉਸ ਅੰਮ੍ਰਿਤ ਕੁੰਡ ਤਕ ਪਹੁੰਚ ਜਾਂਦੀ ਹੈ ਤੇ ਫਿਰ ਉਹ ਪ੍ਰਭੂ ਦੇ ਰੰਗ ਵਿਚ ਮਸਤ ਹੋ ਕੇ ਜੀਉਂਦਾ ਹੈ ਤੇ ਵਡਭਾਗਾ ਬਣ ਜਾਂਦਾ ਹੈ। ਉਹ ਹਰ ਵਕਤ ਉਸ ਅੰਮ੍ਰਿਤ ਦਾ ਸਵਾਦ ਅੰਤਰ ਆਤਮੇ ਚਖਦਾ ਰਹਿੰਦਾ ਹੈ ਤੇ ਤ੍ਰਿਪਤ ਹੋ ਜਾਂਦਾ ਹੈ, ਜਿਸ ਬਾਰੇ ਫੁਰਮਾਨ ਹੈ -

*ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ॥*
*ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ॥*
*ਪ੍ਰਭੁ ਪਾਇਆ ਸੁਖਦਾਈਆ ਮਿਲਿਆ ਸੁਖ ਭਾਇ॥*
*ਸਹਜਿ ਸਮਾਨਾ ਭੀਤਰੇ ਛੋਡਿਆ ਨਹ ਜਾਇ॥*
*ਜਰਾ ਮਰਾ ਨਹ ਵਿਆਪਈ ਫਿਰਿ ਦੂਖੁ ਨ ਪਾਇਆ॥*
*ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰੁ ਕਰਾਇਆ॥*
*ਸੋ ਜਾਨੈ ਜਿਨਿ ਚਾਖਿਆ ਹਰਿ ਨਾਮੁ ਅਮੋਲਾ॥*
*ਕੀਮਤਿ ਕਹੀ ਨ ਜਾਈਐ ਕਿਆ ਕਹਿ ਮੁਖਿ ਬੋਲਾ॥*
*ਸਫਲ ਦਰਸੁ ਤੇਰਾ ਪਾਰਬ੍ਰਹਮ ਗੁਣ ਨਿਧਿ ਤੇਰੀ ਬਾਣੀ॥*
*ਪਾਵਉ ਧੂਰਿ ਤੇਰੇ ਦਾਸ ਕੀ ਨਾਨਕ ਕੁਰਬਾਣੀ॥*

*ਪੰਨਾ - 809*

ਸੋ ਇਸ ਤਰ੍ਹਾਂ ਨਾਲ ਇਹ ਖਾਲਸਾ ਪਦਵੀ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਬਖਸ਼ੀ ਤੇ ਖਾਲਸੇ ਨੂੰ ਸੰਸਾਰ ਦੀ ਸੇਵਾ ਲਈ ਪੈਦਾ ਕੀਤਾ ਹੈ। ਇਸ ਕਰਕੇ ਜੋ pure man ਹੈ ਉਸ ਨੂੰ ਖਾਲਸਾ ਕਹਿੰਦੇ ਹਨ, ਉਹ ਹਮੇਸ਼ਾ ਹੀ ਰਾਜ ਕਰਦਾ ਆਇਆ ਹੈ। ਆਪ ਸਾਰੇ ਹੈਰਾਨ ਹੋ ਗਏ ਸੀ ਜਦੋਂ ਮੈਂ ਕਿਹਾ ਸੀ ਕਿ 'ਰਾਜ ਕਰੇਗਾ ਖਾਲਸਾ'। ਇਹ ਖਾਲਸਾ ਤਾਂ ਪਹਿਲਾਂ ਵੀ ਰਾਜ ਕਰਦਾ ਆਇਆ ਹੈ ਕਿਉਂਕਿ ਪੂਰਨ ਬ੍ਰਹਮਗਿਆਨੀ ਤੇ ਤੱਤਬੇਤੇ ਪੁਰਸ਼ ਨੂੰ ਹੀ ਖਾਲਸਾ ਆਖਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਨੇਕਾਂ ਮਿਸਾਲਾਂ ਐਸੇ ਭਗਤਾਂ ਦੀਆਂ ਹਨ ਜਿਨ੍ਹਾਂ ਦਾ ਰਾਜ ਸਾਰੀ ਸ੍ਰਿਸ਼ਟੀ ਤੇ ਚਲਦਾ ਸੀ ਕਿਉਂਕਿ ਉਹ ਆਤਮ ਪਦਵੀ ਦੇ ਮਾਲਕ ਸਨ। ਗੁਰੂ ਘਰ ਵਿਚ ਅਨੇਕਾਂ ਐਸੇ ਗੁਰਸਿਖ ਤੇ ਮਹਾਤਮਾ ਹੋਏ ਹਨ ਜਿਨ੍ਹਾਂ ਦਾ ਰਾਜ ਸ੍ਰਿਸ਼ਟੀ ਤੇ ਚਲਦਾ ਸੀ। ਉਸ ਵਿਚ ਭਗਤ ਨਾਮਦੇਵ ਜੀ ਨੇ 24 ਘੰਟੇ ਦੀ ਮਰੀ ਹੋਈ ਗਊ ਨੂੰ ਜ਼ਿੰਦਾ ਕਰਕੇ ਬਛਰੇ ਨੂੰ ਦੁਧ ਪਿਆਇਆ ਤੇ ਗਊ ਦਾ ਦੁਧ ਚੋਇਆ। ਬਾਬਾ ਅਟੱਲ ਰਾਇ ਜੀ ਨੇ ਪਿਤ ਲੈਣ ਦੇ ਬਦਲੇ ਮੋਹਨ ਨੂੰ ਜੀਵਤ ਕਰ ਦਿਤਾ। ਬਾਬਾ ਗੁਰਦਿਤਾ ਜੀ ਨੇ ਸ਼ੇਰ ਦੇ ਭੁਲੇਖੇ ਗਊ ਮਰੀ ਹੋਣ ਕਰਕੇ ਉਸ ਗਊ ਨੂੰ ਜ਼ਿੰਦਾ ਕਰ ਦਿਤਾ। ਗੁਰੂ ਸਤਵੇਂ ਪਾਤਸ਼ਾਹ ਜੀ ਨੇ ਇਕ ਪੰਡਤ ਦੇ ਮਰੇ ਹੋਏ ਲੜਕੇ ਨੂੰ ਜ਼ਿੰਦਾ ਕੀਤਾ ਪਰੰਤੂ ਉਸਦੇ ਬਦਲੇ ਭਾਈ ਜੀਵਨ ਨੂੰ ਆਪਣਾ ਸਰੀਰ ਛੱਡਣਾ ਪਿਆ। ਸੂਫੀ ਫਕੀਰ ਸ਼ਮਸ਼ਤਬਰੇਜ਼ ਨੇ ਨਵਾਬ ਦੇ ਮਰੇ ਹੋਏ ਲੜਕੇ ਨੂੰ ਇਹ ਕਹਿ ਕੇ ਜ਼ਿੰਦਾ ਕਰ ਦਿਤਾ ਕਿ 'ਐ ਲੜਕੇ! ਦਰਵੇਸ਼ ਕੇ ਹੁਕਮ ਸੇ ਖੜ੍ਹਾ ਹੋ ਜਾ'। ਗੁਰੂ ਨਾਨਕ ਪਾਤਸ਼ਾਹ ਜੀ ਨੇ ਦਿਲੀ ਵਿਚ ਜਮੁਨਾ ਦੇ ਕੰਢੇ ਜਿਥੇ ਗੁਰਦੁਆਰਾ ਮਜਨੂੰ ਟਿੱਲਾ ਹੈ, ਉਥੇ ਮਹਾਵਤ ਦੇ ਇਕ ਮਰੇ ਹੋਏ ਹਾਥੀ ਨੂੰ ਜ਼ਿੰਦਾ ਕਰ ਦਿਤਾ, ਪਰੰਤੂ ਨਵਾਬ ਦੇ ਜ਼ਿਦ ਕਰਨ ਤੇ ਜਦੋਂ ਮਹਾਰਾਜ ਨੇ ਕਿਹਾ, ਇਹ ਤਾਂ ਮਰਿਆ ਹੋਇਆ ਹੀ ਹੈ, ਹਾਥੀ ਫੇਰ



Sri Satguru Jagjit Singh Ji eLibrary NamdhariElibrary@gmail.com

ਧੜੰਮ ਕਰਕੇ ਡਿਗ ਪਿਆ ਤੇ ਸਰੀਰ ਛੱਡ ਗਿਆ। ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲਿਆਂ ਨੇ ਅਟਕ ਦਰਿਆ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਦੇ ਲੰਘਣ ਵਾਸਤੇ ਰੋਕ ਦਿਤਾ ਤੇ ਅਟਕ ਗਿਟੇ ਗਿਟੇ ਪਾਣੀ ਹੋ ਕੇ ਚੱਲਣ ਲੱਗ ਪਿਆ। ਦੂਸਰੀ ਪਾਤਸ਼ਾਹੀ ਦੇ ਇਕ ਸਿਖ ਭਾਈ ਪਾਰੋ ਪਰਮਹੰਸ ਜੀ ਵਿਚ ਇੰਨੀ ਸ਼ਕਤੀ ਸੀ ਕਿ ਉਹ ਇਕ ਦਫਾ ਜਾ ਰਹੇ ਸਨ ਤੇ ਦਰਿਆ ਬਿਆਸ ਚੜ੍ਹਿਆ ਹੋਇਆ ਸੀ ਅਤੇ ਕਿਨਾਰੇ ਤੇ ਬੈਠਾ ਲਹੌਰ ਦੇ ਨਵਾਬ ਦਾ ਫੌਜਦਾਰ ਉਡੀਕ ਰਿਹਾ ਸੀ ਕਿ ਪਾਣੀ ਉਤਰੇ ਪਰੰਤੂ ਉਹ ਹੈਰਾਨ ਹੋ ਗਿਆ ਕਿ ਭਾਈ ਪਾਰੋ, ਸਣੇ ਘੋੜੇ ਪਾਣੀ ਉਤੋਂ ਦੀ ਇਸ ਤਰ੍ਹਾਂ ਪਾਰ ਹੋ ਗਏ ਜਿਵੇਂ ਧਰਤੀ ਉਤੋਂ ਦੀ ਜਾਈਦਾ ਹੈ। ਗੁਰੂ ਤੀਸਰੇ ਪਾਤਸ਼ਾਹ ਜੀ ਗੁਰਿਆਈ ਮਿਲਣ ਤੋਂ ਪਹਿਲਾਂ ਗੁਰੂ ਅੰਗਦ ਸਾਹਿਬ ਵਾਸਤੇ ਹਰ ਰੋਜ਼ ਖਿਚੜੀ ਬਣਾ ਕੇ ਲਿਆਇਆ ਕਰਦੇ ਸਨ। ਇਕ ਦਿਨ ਹਨ੍ਹੇਰੀ ਆ ਗਈ, ਅੱਗ ਨਹੀਂ ਬਲਦੀ ਤੇ ਆਪ ਨੇ ਕਿਹਾ ਕਿ ਥੋੜ੍ਹੀ ਦੇਰ ਠਹਿਰ ਜਾ ਤਾਂ ਹਨ੍ਹੇਰੀ ਰੁਕ ਗਈ ਸੀ। ਬਾਦਸ਼ਾਹ ਇਬਰਾਹੀਮ ਆਦਮ ਨੇ ਕਬੀਰ ਸਾਹਿਬ ਕੋਲ ਰਹਿ ਕੇ ਸੇਵਾ ਕੀਤੀ ਤੇ ਪਰਮ ਪਦ ਦੀ ਪ੍ਰਾਪਤੀ ਕਰ ਲਈ ਤੇ ਵਾਪਸ ਬੁਖਾਰੇ ਆ ਗਿਆ ਤੇ ਰਾਜ ਭਾਗ ਛੱਡ ਜੰਗਲ ਵਿਚ ਦਰਿਆ ਦੇ ਕੰਢੇ ਕੁੱਲੀ ਪਾ ਲਈ ਤੇ ਨਾਮ ਜਪਣ ਲਗ ਪਿਆ। ਉਸ ਦਾ ਲੜਕਾ ਲੈਣ ਵਾਸਤੇ ਆਇਆ, ਉਸ ਨੇ ਕਿਹਾ, ਬੇਟਾ ਤੇਰਾ ਰਾਜ ਤਾਂ ਛੋਟਾ ਹੈ, ਮੇਰਾ ਰਾਜ ਸਾਰੀ ਸ੍ਰਿਸ਼ਟੀ ਤੇ ਹੈ। ਮੈਂ ਆਹ ਸੂਈ ਦਰਿਆ ਵਿਚ ਸੁਟਦਾ ਹਾਂ, ਕੱਢ ਕੇ ਲਿਆ। ਪਰ ਉਸ ਤੋਂ ਨਾ ਹੋ ਸਕਿਆ। ਇਬਰਾਹੀਮ ਆਦਮ ਨੇ ਪਾਣੀ ਨੂੰ ਕਿਹਾ ਤਾਂ ਕੰਢੇ ਤੇ ਲਿਆ ਕੇ ਸੁਟ ਦਿਤੀ ਤੇ ਚਿੜੀ ਨੂੰ ਕਿਹਾ ਕਿ ਚੁਕ ਲਿਆ। ਉਸ ਨੇ ਲੜਕੇ ਨੂੰ ਕਿਹਾ, ਦੇਖ ਮੇਰਾ ਹੁਕਮ ਪੰਛੀ ਵੀ ਮੰਨਦੇ ਹਨ-

***ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥***

***ਪੰਨਾ - 707***

ਇਸ ਤਰ੍ਹਾਂ ਨਾਲ ਖਾਲਸੇ ਦਾ ਰਾਜ, ਬ੍ਰਹਮਗਿਆਨੀ ਦਾ ਰਾਜ ਤਾਂ ਹਮੇਸ਼ਾ ਤੋਂ ਹੀ ਚਲਿਆ ਆ ਰਿਹਾ ਹੈ ਕਿਉਂਕਿ ਉਹ ਆਪਣੇ ਹੁਕਮ ਨਾਲ ਮਾਇਆ ਨੂੰ ਵੀ ਫੇਰ ਦਿਆ ਕਰਦਾ ਹੈ, ਉਹ ਖੁਦ ਹੀ ਪ੍ਰਭੂ ਦਾ ਰੂਪ ਬਣਿਆ ਹੁੰਦਾ ਹੈ। ਉਸ ਵਿਚ ਤੇ ਪ੍ਰਭੂ ਵਿਚ ਕੋਈ ਭੇਦ ਨਹੀਂ ਹੁੰਦਾ। ਪਉਣ, ਪਾਣੀ, ਅਗਨੀ, ਚੰਦ, ਸੂਰਜ ਸਾਰੇ ਉਸ ਦਾ ਹੁਕਮ ਮੰਨਦੇ ਹਨ।

***ਗਿਰਿ ਤਰ ਜਲੁ ਜੁਆਲਾ ਭੈ ਰਾਖਿਓ ਰਾਜਾ ਰਾਮਿ ਮਾਇਆ ਫੇਰੀ॥***

***ਪੰਨਾ - 1165***

ਸੋ ਬਾਬਾ ਜੀ ਆਪਣਾ ਲੈਕਚਰ ਕਰ ਰਹੇ ਸਨ ਤੇ ਪੰਦਰਾਂ ਮਿੰਟ ਦਾ ਸਮਾਂ ਸੀ। ਜੋ ਰਾਮਾ ਕ੍ਰਿਸ਼ਨਾ ਮਿਸ਼ਨ ਦੇ ਮੁਖੀ ਸੁਆਮੀ ਜੀ ਸਨ, ਉਨ੍ਹਾਂ ਨੇ ਉਠ ਕੇ ਕਿਹਾ ਕਿ ਪੰਦਰਾਂ ਮਿੰਟ ਹੋਰ ਬੋਲੋ। ਜਦੋਂ ਫੇਰ ਖਤਮ ਕਰਨ ਲੱਗੇ, ਕਹਿਣ ਲੱਗੇ ਪੰਦਰਾਂ ਮਿੰਟ ਹੋਰ ਸਮਾਂ ਲਗਾਓ। ਸਾਰੇ ਹੈਰਾਨ ਸਨ ਕਿ ਸੁਆਮੀ ਬਾਰ ਬਾਰ ਇਕ ਬੁਲਾਰੇ ਨੂੰ continue ਕਰਨ ਵਾਸਤੇ ਕਿਉਂ ਕਹਿ ਰਹੇ ਹਨ। ਖੈਰ ਬਾਬਾ ਜੀ ਨੇ ਹੁਕਮ ਮੰਨਦਿਆਂ ਹੋਇਆਂ ਲੈਕਚਰ ਜਾਰੀ ਰੱਖਿਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪ੍ਰਕਾਸ਼ ਭਾਰਤਵਰਸ਼ ਵਿਚ ਉਸ ਵੇਲੇ ਹੋਇਆ ਜਦੋਂ ਹਰ ਪਾਸੇ ਜ਼ੁਲਮ ਦੀ ਹਨ੍ਹੇਰੀ ਪੂਰੇ ਜ਼ੋਰ ਤੇ ਚਲ ਰਹੀ ਸੀ। ਵਿਦੇਸ਼ੀ ਹਾਕਮਾਂ ਨੇ, ਮੁਗਲ ਜਰਵਾਣਿਆਂ ਨੇ ਭਾਰਤ ਦੀ ਸੰਸਕ੍ਰਿਤੀ ਤੇ ਸਭਿਆਚਾਰ ਦੀਆਂ ਧੱਜੀਆਂ ਉਡਾ ਦਿਤੀਆਂ ਸਨ। ਹਰ ਪਾਸੇ ਝੂਠ ਤੇ ਪਾਪ ਦਾ ਹੀ ਵਰਤਾਰਾ ਸੀ। ਹਿੰਦੂਆਂ ਨੂੰ ਜ਼ਬਰਦਸਤੀ ਇਸਲਾਮ ਵਿਚ ਲਿਆਂਦਾ ਜਾ ਰਿਹਾ ਸੀ, ਮੰਦਰ ਢਾਹ ਕੇ ਮਸਜਿਦਾਂ ਉਸਾਰੀਆਂ ਜਾ ਰਹੀਆਂ ਸਨ। ਜਨਤਾ ਵਿਚ ਸਾਹ-ਸਤ ਬਾਕੀ ਨਹੀਂ ਸੀ ਰਿਹਾ। ਇਕ ਤਰ੍ਹਾਂ ਉਸ ਵੇਲੇ ਹਿੰਦੂ ਜਨਤਾ ਦੀ ਹਾਲਤ ਭੇਡਾਂ ਬਕਰੀਆਂ ਵਰਗੀ ਸੀ ਕਿ ਜਿਸ ਦਾ ਵੀ ਜੀ ਚਾਹੇ, ਉਧਰ ਨੂੰ ਹੀ ਹੱਕ ਲਵੇ। ਧੀਆਂ, ਬੇਟੀਆਂ ਦੀ ਇਜ਼ਤ ਲੁਟੀ ਜਾ ਰਹੀ ਸੀ, ਅਣਖ ਤੇ ਬਾਹੂਬਲ ਛਿਥੇ ਪੈ ਚੁਕੇ ਸਨ। ਇਹ ਇਹੋ ਜਿਹੀ ਅਧੋਗਤੀ ਦਾ ਸਮਾਂ ਸੀ ਕਿ ਹਿੰਦੂ ਸਮਾਜ ਵਿਚ ਜਾਤ ਪਾਤ, ਊਚ ਨੀਚ, ਛੂਤ ਅਛੂਤ ਦੇ ਬਹੁਤ ਸਾਰੇ ਵਖੇਵੇਂ ਸਨ ਜਿਸ ਕਰਕੇ ਆਪਸ ਵਿਚ ਵੀ ਅਡੋ ਪਾਟੀ ਹੋਏ ਪਏ ਸਨ। ਇਕ ਪ੍ਰਭੂ ਨੂੰ ਮੰਨਣ ਦੀ ਬਜਾਇ ਬਹੁ ਦੇਵ ਪੂਜਾ ਤੇ ਜਾਦੂ ਟੂਣਿਆਂ ਵਿਚ ਫਸੇ ਪਏ ਸਨ। ਐਸੇ ਸਮੇਂ ਵਿਚ ਗੁਰੂ ਮਹਾਰਾਜ ਜੀ ਦਾ ਪ੍ਰਕਾਸ਼ ਹੋਇਆ ਤੇ ਉਨ੍ਹਾਂ ਨੇ ਆਪਣੀ ਕਥਾ ਵਿਚ ਆਪ ਹੀ ਲਿਖਿਆ ਹੈ ਕਿ ਮੈਨੂੰ ਪ੍ਰਭੂ ਜੀ ਨੇ ਹੁਕਮ ਦਿਤਾ ਕਿ ਸੰਸਾਰ ਵਿਚ ਜਾ ਕੇ ਧਰਮ ਦੀ ਰੱਖਿਆ ਕਰੋ ਤੇ ਦੁਸ਼ਟਾਂ ਨੂੰ ਸਜ਼ਾ ਦਿਓ। ਪਰੰਤੂ ਮੇਰੀ ਪ੍ਰਭੂ ਚਰਨਾਂ ਵਿਚ ਸੁਰਤੀ ਲੀਨ ਹੋਈ ਹੋਈ ਸੀ ਤੇ ਮੇਰਾ ਸੰਸਾਰ ਤੇ ਆਉਣ ਨੂੰ ਜੀਅ ਨਹੀਂ ਸੀ ਕਰਦਾ।

***ਚਿਤ ਨ ਭਇਓ ਹਮਰਾ ਆਵਨ ਕੈ***
***ਚੁਭੀ ਰਹੀ ਸੁਰਤ ਪ੍ਰਭ ਚਰਨਨ ਮਹਿ॥***

ਸੰਨ 1666 ਈਸਵੀ ਵਿਚ ਪਟਨਾ ਸਾਹਿਬ ਵਿਖੇ ਜਦੋਂ ਆਪ ਦਾ ਪ੍ਰਕਾਸ਼ ਹੋਇਆ ਤਾਂ ਉਚੀ ਉਡਾਰੀ ਵਾਲਿਆਂ ਨੇ ਇਸ ਅਲੌਕਿਕ ਪ੍ਰਕਾਸ਼ ਨੂੰ ਅਨੁਭਵ ਕੀਤਾ ਜਿਨ੍ਹਾਂ ਵਿਚ ਘੁੜਾਮ ਦੇ ਰਹਿਣ ਵਾਲਾ ਇਕ ਪੀਰ ਭੀਖਨਸ਼ਾਹ ਵੀ ਸੀ। ਉਸ ਨੇ ਇਕ ਇਲਹਾਮ ਸੁਣਿਆ ਕਿ ਸੰਸਾਰ ਨੂੰ ਸਹੀ ਰਾਹ ਦਿਖਾਉਣ ਵਾਲਾ ਅਕਾਲ ਪੁਰਖ ਦਾ ਭੇਜਿਆ ਹੋਇਆ ਪੈਗੰਬਰ ਆ ਗਿਆ ਹੈ। ਇਸ ਇਲਹਾਮ ਦੇ ਬਾਰੇ ਹਜ਼ਰਤ ਈਸਾ ਨੂੰ 1600 ਸਾਲ ਪਹਿਲਾਂ ਹੀ ਹੋ ਚੁਕਿਆ ਸੀ ਤੇ ਉਨ੍ਹਾਂ ਨੇ ਅੰਜੀਲ ਵਿਚ ਇਸ ਤਰ੍ਹਾਂ ਲਿਖਿਆ ਸੀ ਕਿ ਮੈਂ ਖੁਲ੍ਹੇ ਅਸਮਾਨ ਵਿਚ ਦੇਖਦਾ ਹਾਂ ਕਿ ਇਕ ਸਫੇਦ ਘੋੜੇ ਤੇ ਸਵਾਰ ਇਕ ਰੂਹਾਨੀ ਸ਼ਕਤੀ ਆ ਰਹੀ ਹੈ, ਉਸ ਦੇ ਸਿਰ ਤੇ ਤਾਜ ਹੈ, ਤੀਰ ਕਮਾਨ



Sri Satguru Jagjit Singh Ji eLibrary NamdhariElibrary@gmail.com

ਪਹਿਨਿਆਂ ਹੋਇਆ ਹੈ, ਸਿਰ ਤੇ ਕਲਗੀ ਹੈ ਅਤੇ ਫਤਿਹ ਕਰਦਾ ਹੋਇਆ ਜਾ ਰਿਹਾ ਹੈ। ਉਸ ਨੂੰ ਸੱਚਾ ਪਾਤਸ਼ਾਹ ਕਿਹਾ ਕਰਨਗੇ।

ਪੀਰ ਭੀਖਨ ਸ਼ਾਹ ਮੰਜ਼ਲੋ ਮੰਜ਼ਲ ਪਟਨੇ ਪਹੁੰਚ ਗਿਆ ਤੇ ਮਨ ਵਿਚ ਇਹ ਫੁਰਨਾ ਸੀ ਕਿ ਮੈਂ ਵੇਖਾਂ ਕਿ ਇਹ ਪੀਰ ਹਿੰਦੂਆਂ ਦਾ ਹੈ ਜਾਂ ਇਸਲਾਮ ਵਾਲਿਆਂ ਦਾ ਹੋਵੇਗਾ। ਦੋ ਕੁੱਜੀਆਂ ਮਠਿਆਈ ਦੀਆਂ ਭਰ ਕੇ ਬਾਲ ਗੋਬਿੰਦ ਜੀ ਦੇ ਅੱਗੇ ਰੱਖ ਦਿਤੀਆਂ ਅਤੇ ਸਿਜਦਾ ਕੀਤਾ। ਮਹਾਰਾਜ ਜੀ ਨੇ ਆਪਣੇ ਦੋਵੇਂ ਕੋਮਲ ਹੱਥ ਦੋਵਾਂ ਕੁੱਜੀਆਂ ਤੇ ਰੱਖ ਦਿਤੇ ਤੇ ਨਾਲ ਹੀ ਮੁਸਕਰਾ ਪਏ। ਪੀਰ ਨੇ ਭੇਦ ਸਮਝ ਲਿਆ, ਕਹਿਣ ਲੱਗਾ ਕਿ ਇਹ ਤਾਂ ਦੋਵਾਂ ਦੀ ਹੀ ਰੱਖਿਆ ਕਰੇਗਾ, ਕਿਸੇ ਨਾਲ ਇਸ ਦਾ ਵਿਰੋਧ ਨਹੀਂ। ਵਿਸਮਾਦ ਵਿਚ ਆ ਕੇ ਉਸ ਦੇ ਨੇਤਰ ਸੇਜਲ ਹੋ ਗਏ। ਕਹਿਣ ਲੱਗੇ, "ਓ ਅੱਲਾ ਪਾਕ ਤੂੰ ਧੰਨ ਹੈਂ।" ਇਹ ਪੈਗੰਬਰ ਸਭ ਦਾ ਸਹਾਈ ਹੋਵੇਗਾ।

ਦਸ਼ਮੇਸ਼ ਪਿਤਾ ਜੀ ਦੇ ਬਚਪਨ ਦੇ ਕੌਤਕ ਨਿਰਾਲੇ ਹੀ ਸਨ। ਗੰਗਾ ਦੇ ਕੰਢੇ ਪੰਡਤ ਹਰਦਿਆਲ ਬੈਠਿਆ ਕਰਦਾ ਸੀ, ਪੂਜਾ ਕਰਿਆ ਕਰਦਾ ਸੀ। ਬਾਲ ਗੋਬਿੰਦ, ਬਾਲਕਾਂ ਨਾਲ ਖੇਡਣ ਜਾਇਆ ਕਰਦੇ ਸਨ। ਉਸ ਦੇ ਮਨ ਵਿਚ ਆਇਆ ਕਿ ਜੇਕਰ ਸੱਚਮੁਚ ਇਹ ਗੋਬਿੰਦ ਹਨ ਤਾਂ ਮੈਨੂੰ ਸ੍ਰੀ ਰਾਮ ਚੰਦਰ ਦੇ ਰੂਪ ਵਿਚ ਦਰਸ਼ਨ ਦੇਣ ਤਾਂ ਮੈਂ ਮੰਨਾਂਗਾ। ਇਕ ਦਿਨ ਪੰਡਤ ਜੀ ਅੱਖਾਂ ਮੀਟ ਕੇ ਬੈਠੇ ਸਨ, ਬਾਲ ਗੋਬਿੰਦ ਜੀ ਨੇ ਪਿਛੋਂ ਦੋਵਾਂ ਹੱਥਾਂ ਨਾਲ ਅੱਖਾਂ ਮੀਟ ਕੇ ਕਿਹਾ, ਝਾਤ ਦਾਦਾ ਜੀ! ਤੇ ਇਕ ਦਮ ਸਾਹਮਣੇ ਆ ਕੇ ਖਲੋ ਗਏ ਤੇ ਉਸ ਨੂੰ ਬਾਲ ਗੋਬਿੰਦ ਦੀ ਥਾਂ ਤੇ ਸ੍ਰੀ ਰਾਮ ਚੰਦਰ ਜੀ ਦੇ ਦਰਸ਼ਨ ਹੋਏ ਤੇ ਉਸਨੇ ਡੰਡਵਤ ਪ੍ਰਨਾਮ ਕੀਤੀ। ਥੋੜ੍ਹੀ ਦੇਰ ਬਾਅਦ ਦੇਖਿਆ ਕਿ ਬਾਲ ਗੋਬਿੰਦ ਹੀ ਹਨ।

ਆਪ ਜੀ ਨੌ ਸਾਲ ਦੇ ਸਨ ਕਿ ਕਸ਼ਮੀਰ ਦੇ ਬ੍ਰਾਹਮਣ ਪੰਡਤ ਕਿਰਪਾ ਰਾਮ ਦੀ ਅਗਵਾਈ ਹੇਠ ਆਪ ਦੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਸ ਪਹੁੰਚੇ ਤੇ ਆਪ ਨੇ ਸਤਿਗੁਰੂ ਜੀ ਨੂੰ ਪੁਛਿਆ ਕਿ ਇਹ ਉਦਾਸ ਕਿਉਂ ਹਨ। ਮਹਾਰਾਜ ਜੀ ਨੇ ਕਿਹਾ ਕਿ ਔਰੰਗਜ਼ੇਬ ਇਨ੍ਹਾਂ ਦਾ ਧਰਮ ਜ਼ਬਰਦਸਤੀ ਤਬਦੀਲ ਕਰਕੇ ਇਸਲਾਮੀਅਤ ਦੇ ਧਾਰਨੀ ਬਣਾ ਰਿਹਾ ਹੈ ਤੇ ਇਹ ਸਹਾਇਤਾ ਵਾਸਤੇ ਆਏ ਹਨ। ਇਨ੍ਹਾਂ ਦੇ ਦੁਖ ਨੂੰ ਤੇ ਜ਼ਾਲਮ ਦੇ ਜ਼ੁਲਮ ਨੂੰ ਠੱਲ੍ਹ ਪਾਉਣ ਲਈ ਇਕ ਮਹਾਨ ਪੁਰਸ਼ ਦੇ ਬਲੀਦਾਨ ਦੀ ਲੋੜ ਹੈ। ਬਾਲ ਗੋਬਿੰਦ ਜੀ ਨੇ ਕਿਹਾ ਕਿ ਪਿਤਾ ਜੀ! ਐਸ ਵੇਲੇ ਆਪ ਤੋਂ ਵੱਡਾ ਕਿਹੜਾ ਮਹਾਂਪੁਰਸ਼ ਹੈ? ਆਪ ਬਲੀਦਾਨ ਦੇ ਕੇ ਇਨ੍ਹਾਂ ਦੇ ਕਸ਼ਟ ਦੀ ਨਵਿਰਤੀ ਕਰੋ। ਬਾਲ ਗੋਬਿੰਦ ਦੇ ਮੁਖਾਰਬਿੰਦ ਤੋਂ ਇਹ ਬਚਨ ਸਰਵਣ ਕਰਕੇ ਗੁਰੂ ਮਹਾਰਾਜ ਪ੍ਰਸੰਨ ਹੋਏ ਤੇ ਸ਼ਹੀਦੀ ਲਈ ਚਾਲੇ ਪਾ ਦਿਤੇ ਤੇ ਦਿਲੀ ਵਿਚ ਚਾਂਦਨੀ ਚੌਕ ਵਿਖੇ ਆਪਣੇ ਸੀਸ ਦਾ ਬਲੀਦਾਨ ਦਿਤਾ।

***ਤਿਲਕ ਜੰਞੂ ਰਾਖਾ ਪ੍ਰਭ ਤਾਕਾ।***
***ਕੀਨੋ ਬਡੋ ਕਲੂ ਮਹਿ ਸਾਕਾ।***

***(ਬਚਿਤ੍ਰ ਨਾਟਕ ਪਾ: ੧੦ ਚੋਂ)***

ਬਾਲ ਗੋਬਿੰਦ ਜੀ ਦਾ ਹਿਰਦਾ ਇੰਨਾਂ ਕੋਮਲ ਸੀ ਕਿ ਦੁਖੀਆਂ ਦੇ ਜਖਮਾਂ ਤੇ ਮਲ੍ਹਮ ਲਾਉਣ ਲਈ ਪਿਤਾ ਦੀ ਆਹੂਤੀ ਦੇ ਦਿਤੀ, ਆਪਣੇ ਯਤੀਮ ਹੋਣ ਦੀ ਕੋਈ ਪਰਵਾਹ ਨਹੀਂ ਕੀਤੀ। ਬਾਲ ਗੋਬਿੰਦ ਨਿਰੇ ਪਿਆਰ ਦੀ ਮੂਰਤ ਸਨ ਤੇ ਚੇਹਰੇ ਤੇ ਨੂਰ ਡੁੱਲ੍ਹ ਡੁੱਲ੍ਹ ਪੈਂਦਾ ਸੀ। ਆਪ ਜੀ ਨੇ ਜਿਤਨੇ ਵੀ ਯੁੱਧ ਜੰਗ ਕੀਤੇ, ਸਭ ਧਰਮ ਦੀ ਰੱਖਿਆ ਵਾਸਤੇ ਹੀ ਸਨ। ਆਪ ਨੇ ਕਦੇ ਵੀ ਕਿਸੇ ਤੇ ਆਕ੍ਰਮਣ ਨਹੀਂ ਕੀਤਾ ਤੇ ਨਾ ਹੀ ਕਿਸੇ ਦੀ ਇਕ ਇੰਚ ਜ਼ਮੀਨ ਤੇ ਕਬਜ਼ਾ ਕੀਤਾ ਸੀ। ਆਪ ਨੇ ਤਾਂ ਕੇਵਲ ਜਾਬਰਾਂ ਤੇ ਧਰਮਹੀਣ ਸ਼ਾਸ਼ਕਾਂ ਨੂੰ ਹੀ ਸਬਕ ਸਿਖਾਇਆ ਅਤੇ ਸਭ ਨੂੰ ਅਣਖ ਨਾਲ ਜਿਊਣ ਦਾ ਰਾਹ ਦਿਖਾਇਆ। ਜਿਥੇ ਹਿੰਦੂ ਆਪ ਨੂੰ ਆਪਣਾ ਗੁਰੂ ਮੰਨਦੇ ਸਨ ਤੇ ਆਦਰ ਕਰਦੇ ਸਨ, ਉਥੇ ਇਸਲਾਮ ਨੂੰ ਮੰਨਣ ਵਾਲੇ ਵੀ ਆਪ ਨੂੰ ਪੀਰ ਸਮਝਦੇ ਸਨ। ਇਸੇ ਕਰਕੇ ਆਪ ਦੇ ਮਨ ਅੰਦਰ ਕਿਸੇ ਮਜ਼੍ਹਬ ਲਈ ਵਿਤਕਰਾ ਨਹੀਂ ਸੀ। ਜਿਥੇ ਭਾਈ ਨੰਦ ਲਾਲ ਜੀ ਵਰਗੇ ਆਪ ਦੇ ਬਵੰਜਾ ਕਵੀਆਂ ਦੀ ਸ਼ਾਨ ਸਨ, ਉਥੇ ਪੀਰ ਬੁੱਧੂ ਸ਼ਾਹ ਵਰਗੇ ਆਪ ਨੂੰ ਪਿਆਰ ਕਰਨ ਤੇ ਆਪਾ ਵਾਰਨ ਵਾਲੇ ਵੀ ਸਨ ਜਿਨ੍ਹਾਂ ਨੇ ਭੰਗਾਣੀ ਦੇ ਯੁਧ ਵਿਚ ਆਪਣੇ ਦੋ ਪੁਤਰ ਤੇ 500 ਮੁਰੀਦ ਸ਼ਹੀਦ ਕਰਵਾ ਦਿਤੇ ਸੀ। ਇਕ ਦਿਨ ਦਸ਼ਮੇਸ਼ ਪਿਤਾ ਜੀ ਕੇਸਾਂ ਨੂੰ ਕੰਘਾ ਕਰ ਰਹੇ ਸੀ। ਪੀਰ ਜੀ ਹੱਥ ਜੋੜ ਕੇ ਕਹਿਣ ਲੱਗੇ, ਮਹਾਰਾਜ ਜੀ! ਜੇ ਤਰੁਠੇ ਹੋ ਤਾਂ ਇਹ ਆਪਣਾ ਕੰਘਾ ਸਣੇ ਕੇਸੀਂ ਬਖਸ਼ਸ਼ ਕਰ ਦਿਓ। ਜਦੋਂ ਅਨੰਦਪੁਰ ਸਾਹਿਬ ਨੂੰ ਔਰੰਗਜ਼ੇਬ ਦੀ ਕਈ ਲੱਖ ਫੌਜ ਨੇ ਘੇਰਾ ਪਾ ਲਿਆ ਤਾਂ ਸਿੰਘਾਂ ਨੇ ਡੱਟ ਕੇ ਮੁਕਾਬਲਾ ਕੀਤਾ ਤੇ ਸ਼ਾਹੀ ਫੌਜਾਂ ਤੇ ਪਹਾੜੀ ਰਾਜਿਆਂ ਦੀਆਂ ਫੌਜਾਂ ਸਿਠਿਆ ਗਈਆਂ। ਉਨ੍ਹਾਂ ਨੇ ਸੋਚਿਆ ਕਿ ਹੁਣ ਜ਼ੋਰ ਨਾਲ ਗੱਲ ਨਹੀਂ ਬਣਨੀ, ਸਗੋਂ ਗੁਰੂ ਸਾਹਿਬ ਨਾਲ ਫਰੇਬ ਕਰਦੇ ਹਾਂ। ਇਸਲਾਮ ਵਾਲੇ ਕੁਰਾਨ ਸ਼ਰੀਫ ਲੈ ਕੇ ਆਪ ਜੀ ਕੋਲ ਆਏ ਕਿ ਸਾਨੂੰ ਇਸ ਦੀ ਕਸਮ ਹੈ ਤੇ ਹਿੰਦੂ ਮੱਤ ਵਾਲੇ ਆਟੇ ਦੀ ਗਊ ਬਣਾ ਕੇ, ਲੈ ਕੇ ਆਏ ਕਿ ਬੇਨਤੀ ਹੈ ਕਿ ਆਪ ਕਿਲਾ ਖਾਲੀ ਕਰ ਦਿਓ। ਕੋਈ ਤੁਹਾਡਾ ਵਾਲ ਵਿੰਗਾ ਨਹੀਂ ਕਰੇਗਾ। ਗੁਰੂ ਮਹਾਰਾਜ ਸਭ ਜਾਣਦੇ ਸਨ ਕਿ ਇਹ ਇਹਨਾਂ ਦੀ ਚਾਲ ਹੈ ਪਰੰਤੂ ਉਸ ਵੇਲੇ ਆਪ ਨੇ ਇਸਲਾਮ ਦੀ ਧਾਰਮਿਕ ਪੁਸਤਕ ਦਾ ਆਦਰ ਕੀਤਾ



Sri Satguru Jagjit Singh Ji eLibrary NamdhariElibrary@gmail.com

ਕਿਉਂਕਿ ਇਸ ਦਾ ਵਾਸਤਾ ਪਾਇਆ ਜਾ ਰਿਹਾ ਸੀ। ਆਪ ਦਾ ਕਿਸੇ ਨਾਲ ਵੈਰ ਵਿਰੋਧ ਨਹੀਂ ਸੀ, ਆਪ ਦੇ ਲਈ ਮਸਜਿਦ ਤੇ ਮੰਦਰ ਵਿਚ ਕੋਈ ਫਰਕ ਨਹੀਂ ਸੀ।

***ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ,***
***ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥***

***(ਅਕਾਲ ਉਸਤਤਿ)***

ਇਸ ਲਈ ਆਪ ਨੇ ਕਿਲਾ ਖਾਲੀ ਕਰ ਦਿਤਾ। ਅਜੇ ਥੋੜ੍ਹੀ ਦੂਰ ਹੀ ਫੌਜਾਂ ਗਈਆਂ ਸਨ ਕਿ ਦੁਸ਼ਮਨਾਂ ਨੇ ਵਿਸ਼ਵਾਸਘਾਤ ਕਰਕੇ ਹਮਲਾ ਕਰ ਦਿਤਾ। ਸਰਸਾ ਨਦੀ ਦੇ ਕੰਢੇ ਪਰਿਵਾਰ ਦਾ ਵਿਛੋੜਾ ਪੈ ਗਿਆ। ਅਨੇਕਾਂ ਸਿੰਘ ਸ਼ਹੀਦ ਹੋ ਗਏ। ਬਹੁਤ ਸਾਰਾ ਲਿਟਰੇਚਰ ਜੋ ਆਪ ਨੇ 52 ਕਵੀਆਂ ਤੋਂ ਲਿਖਵਾਇਆ ਸੀ, ਸਾਰਾ ਸਰਸਾ ਦੀ ਭੇਟ ਹੋ ਗਿਆ। ਇਸ ਯੁਧ ਵਿਚ ਵੱਡੇ ਸਾਹਿਬਜ਼ਾਦੇ ਚਮਕੌਰ ਵਿਚ ਸ਼ਹੀਦ ਹੋਏ ਤੇ ਛੋਟੇ ਸਾਹਿਬਜ਼ਾਦੇ ਤੇ ਮਾਤਾ ਜੀ ਸਰਹੰਦ ਵਿਚ ਸ਼ਹੀਦ ਹੋ ਗਏ। ਚਮਕੌਰ ਦੀ ਗੜ੍ਹੀ ਵਿਚ ਆਪ ਨੇ ਪੰਜ ਸਿੰਘਾਂ ਦਾ ਹੁਕਮ ਮੰਨ ਕੇ ਉਥੋਂ ਕਾਲੀ ਬੋਲੀ ਹਨ੍ਹੇਰੀ ਰਾਤ ਵਿਚ ਤਾਲੀ ਵਜਾ ਕੇ ਕਿਹਾ ਕਿ 'ਪੀਰੇ ਹਿੰਦ ਰਾਫਤ' ਭਾਵ ਹਿੰਦ ਦਾ ਪੀਰ ਜਾ ਰਿਹਾ ਹੈ, ਜਿਸ ਦੀ ਤਾਕਤ ਹੈ ਰੋਕ ਲਵੇ। ਮਾਛੀਵਾੜੇ ਦੇ ਜੰਗਲਾਂ ਵਿਚ ਆਪ ਨੇ ਟਿੰਡ ਦਾ ਸਰ੍ਹਾਣਾ ਲੈ ਕੇ ਵਿਸਰਾਮ ਕੀਤਾ। ਆਪ ਦਾ ਜਾਮਾ ਲੀਰੋ ਲੀਰ ਸੀ ਤੇ ਪੈਰਾਂ ਵਿਚ ਕੰਡੇ ਚੁਭੇ ਹੋਣ ਕਰਕੇ ਜ਼ਖਮੀ ਸਨ ਪਰੰਤੂ ਉਥੇ ਵੀ ਆਪ ਨੇ ਵਾਹਿਗੁਰੂ ਦੀ ਰਜ਼ਾਅ ਵਿਚ ਰਹਿ ਕੇ ਪਿਆਰੇ ਦਾ ਸ਼ੁਕਰ ਕੀਤਾ ਕਿਉਂਕਿ ਆਪ ਤਾਂ ਸੰਸਾਰ ਉਤੇ ਬਚਿਤਰ ਨਾਟਕ ਕਰਨ ਆਏ ਸਨ। ਜੇ ਆਪ ਸ਼ਕਤੀ ਵਰਤਣੀ ਚਾਹੁੰਦੇ ਤਾਂ ਇਕ ਅੱਖ ਦੇ ਫੁਲਕਾਰੇ ਵਿਚ ਸਭ ਨੂੰ ਮਲੀਆਮੇਟ ਕਰ ਸਕਦੇ ਸਨ ਪਰੰਤੂ ਆਪ ਨੇ ਉਥੇ ਵੀ ਇਹੋ ਉਚਾਰਨ ਕੀਤਾ-

***ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ॥***

***(ਖਿਆਲ ਪਾਤਿਸ਼ਾਹੀ ੧੦, 640)***

ਇਥੇ ਇਸਲਾਮ ਨੂੰ ਮੰਨਣ ਵਾਲੇ ਦੋ ਭਰਾ ਗਨੀ ਖਾਂ ਤੇ ਨਬੀ ਖਾਂ ਨੇ ਆਪ ਦੀ ਸੇਵਾ ਕੀਤੀ ਤੇ ਉਸ ਇਲਾਕੇ ਦੇ ਮੰਨੇ ਪਰਮੰਨੇ ਇਸਲਾਮ ਦੇ ਪੀਰਾਂ ਨੇ ਆਪ ਨੂੰ ਮੁਗਲ ਫੌਜਾਂ ਦੇ ਘੇਰੇ ਵਿਚੋਂ ਉਚ ਦਾ ਪੀਰ ਕਹਿ ਕੇ ਕੱਢਿਆ ਅਤੇ ਆਪ ਰਾਏ ਕੱਲ੍ਹੇ ਕੋਲ ਹੁੰਦੇ ਹੋਏ ਸਾਬੋ ਕੀ ਤਲਵੰਡੀ ਪਹੁੰਚੇ। ਉਥੇ ਪਹੁੰਚ ਕੇ ਫੇਰ ਦੁਬਾਰਾ ਸਿੰਘਾਂ ਨੂੰ ਇਕੱਤਰ ਕੀਤਾ, ਸੰਗਠਤ ਕੀਤਾ। ਜਿਹੜੇ ਸਿੰਘ ਅਨੰਦਪੁਰ ਸਾਹਿਬ ਵਿਖੇ ਬੇਦਾਵਾ ਦੇ ਆਏ ਸਨ, ਉਨ੍ਹਾਂ ਨੇ ਮੁਕਤਸਰ ਵਿਖੇ ਯੁੱਧ ਵਿਚ ਸ਼ਹੀਦੀਆਂ ਪਾਈਆਂ ਤੇ ਆਪ ਨੇ ਬੇਦਾਵਾ ਪਾੜ ਕੇ ਮਾਲਵੇ ਦੀ ਟੁਟੀ ਗੰਢੀ। ਸੋ ਆਪ ਐਸੇ ਦਿਆਲੂ ਕ੍ਰਿਪਾਲੂ ਸਨ।

ਔਰੰਗਜ਼ੇਬ ਨੂੰ ਭਾਈ ਦਯਾ ਸਿੰਘ ਜੀ ਦੇ ਹੱਥ ਜਫਰਨਾਮਾ ਭਿਜਵਾਇਆ ਤੇ ਜਦੋਂ ਭਾਈ ਦਯਾ ਸਿੰਘ ਜੀ ਪਹੁੰਚੇ ਤਾਂ ਔਰੰਗਜ਼ੇਬ ਨੇ ਕਿਹਾ ਕਿ ਤੁਹਾਡੇ ਵਿਚ ਸ਼ਕਤੀ ਵੀ ਹੈ? ਉਹ ਕਹਿਣ ਲੱਗੇ ਕਿ ਗੁਰੂ ਘਰ ਦੇ ਤਾਂ ਕੁਤਿਆਂ ਵਿਚ ਵੀ ਸ਼ਕਤੀ ਹੁੰਦੀ ਹੈ। ਉਥੇ ਇਕ ਕੁੱਤਾ ਲਿਆਂਦਾ ਗਿਆ, ਉਹ ਬੋਲਣ ਲੱਗ ਪਿਆ ਤੇ ਔਰੰਗਜ਼ੇਬ ਨੂੰ ਬੰਦਿਆਂ ਵਾਂਗ ਬੋਲ ਕੇ ਕਹਿਣ ਲੱਗ ਪਿਆ ਕਿ ਤੂੰ ਵੀ ਸਾਡੇ ਵਰਗਾ ਹੀ ਹੈਂ, ਕੁੱਤਿਆਂ ਵਾਲੇ ਕੰਮ ਕਰਦਾ ਹੈਂ। ਉਹ ਬੜਾ ਸ਼ਰਮਿੰਦਾ ਹੋਇਆ। ਔਰੰਗਜ਼ੇਬ ਨੂੰ ਅਹਿਸਾਸ ਹੋਇਆ ਕਿ ਮੈਂ ਜੋ ਕੁਝ ਵੀ ਕੀਤਾ ਹੈ, ਗਲਤ ਕੀਤਾ ਹੈ ਪਰ ਹੁਣ ਉਹ ਬੁੱਢਾ ਹੋ ਚੁਕਿਆ ਸੀ। ਉਹ ਗੁਰੂ ਮਹਾਰਾਜ ਦੇ ਦਰਸ਼ਨ ਕਰਨਾ ਚਾਹੁੰਦਾ ਸੀ। ਉਸ ਨੇ ਹੁਕਮਨਾਮੇ ਭਿਜਵਾ ਦਿਤੇ ਕਿ ਗੁਰੂ ਸਾਹਿਬ ਜਿਥੇ ਮਰਜ਼ੀ ਜਾਣ, ਉਨ੍ਹਾਂ ਨੂੰ ਕੋਈ ਨਾ ਰੋਕੇ ਤੇ ਹਰ ਕੋਈ ਸਤਿਕਾਰ ਕਰੇ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨਿਰਵੈਰ ਤੇ ਨਿਰਾਲੇ ਸਤਿਗੁਰੂ ਜੀ ਸਨ। ਔਰੰਗਜ਼ੇਬ ਦੇ ਇੰਨਾਂ ਕੁਝ ਕਰਨ ਦੇ ਬਾਵਜੂਦ ਵੀ ਆਪ ਨੇ ਮਨ ਤੇ ਕੋਈ ਗੱਲ ਨਹੀਂ ਲਿਆਂਦੀ ਤੇ ਬਹਾਦਰ ਸ਼ਾਹ ਦੀ ਮੱਦਦ ਕਰਕੇ ਉਸ ਨੂੰ ਦਿੱਲੀ ਦਾ ਤਖਤ ਦਿਵਾ ਦਿਤਾ।

ਫੇਰ ਆਪ ਜੀ ਨੰਦੇੜ, ਦੱਖਣ ਵਿਚ ਪਹੁੰਚ ਗਏ। ਉਥੇ ਬੰਦਾ ਸਿੰਘ ਬਹਾਦਰ ਨੂੰ ਸਿੰਘ ਸਜਾ ਕੇ ਪੰਜਾਬ ਭੇਜਿਆ ਜਿਸ ਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਕੇ ਦੁਸ਼ਮਨਾਂ ਤੋਂ ਬਦਲੇ ਲਏ ਤੇ ਉਨ੍ਹਾਂ ਦੇ ਕੀਤੇ ਦੀ ਸਜ਼ਾ ਦਿਤੀ। ਇਥੇ ਹੀ ਆਪ ਜੀ ਨੇ ਆਪਣਾ ਅੰਤਮ ਕੌਤਕ ਰਚਾਇਆ। ਵਜ਼ੀਰ ਖਾਨ ਨੇ ਦੋ ਪਠਾਨ ਭਰਾਵਾਂ ਨੂੰ ਇਥੇ ਭੇਜਿਆ ਹੋਇਆ ਸੀ ਤੇ ਕਿਹਾ ਹੋਇਆ ਸੀ ਕਿ ਮੌਕਾ ਪਾ ਕੇ ਵਾਰ ਕਰ ਕੇ ਗੁਰੂ ਸਾਹਿਬ ਦਾ ਬੱਧ ਕਰ ਦੇਣਾ। ਇਕ ਦਿਨ ਗੁਰੂ ਸਾਹਿਬ ਆਪਣੇ ਤੰਬੂ ਵਿਚ ਇਕੱਲੇ ਸੀ, ਕੋਈ ਪਹਿਰੇਦਾਰ ਨੇੜੇ ਨਹੀਂ ਸੀ, ਇਨ੍ਹਾਂ ਨੇ ਮੌਕਾ ਪਾ ਕੇ ਸੁੱਤੇ ਪਏ ਸਤਿਗੁਰਾਂ ਤੇ ਵਾਰ ਕੀਤਾ ਪਰੰਤੂ ਗੁਰੂ ਮਹਾਰਾਜ ਜੀ ਨੇ ਦੋਵਾਂ ਦਾ ਕੰਮ ਤਮਾਮ ਕੀਤਾ। ਛੁਰੇ ਦਾ ਜਖਮ ਛਾਤੀ ਵਿਚ ਗਹਿਰਾ ਸੀ। ਇਲਾਜ ਕੀਤਾ ਗਿਆ, ਜਖਮ ਠੀਕ ਹੋ ਗਿਆ। ਇਕ ਦਿਨ ਕੋਈ ਕਾਰੀਗਰ ਗੁਰੂ ਮਹਾਰਾਜ ਜੀ ਨੂੰ ਤੀਰ ਕਮਾਨ ਭੇਟ ਕਰਨ ਆਇਆ ਤਾਂ ਉਥੇ ਬੈਠੇ ਹੋਏ ਕਿਸੇ ਰਾਜੇ ਨੇ ਕਿਹਾ ਜੋ ਦਰਸ਼ਨ ਕਰਨ ਆਇਆ ਸੀ ਕਿ ਇਸ ਦਾ ਚਿਲਾ ਤਾਂ ਹੁਣ ਕੋਈ ਚੜ੍ਹਾ ਨਹੀਂ ਸਕਦਾ। ਗੁਰੂ ਮਹਾਰਾਜ ਜੀ ਨੇ ਉਸੇ ਵੇਲੇ ਕਮਾਨ ਮੰਗਵਾਇਆ ਤੇ ਚਿਲਾ ਚਾੜ੍ਹ ਦਿੱਤਾ। ਜ਼ੋਰ ਲੱਗਣ ਨਾਲ ਛਾਤੀ ਦਾ ਜ਼ਖ਼ਮ ਫਟ ਗਿਆ ਤੇ ਮਹਾਰਾਜ ਜੀ ਨੇ ਸਿੰਘਾਂ ਨੂੰ ਕਿਹਾ ਕਿ ਹੁਣ ਅਸੀਂ ਜਾਣਾ ਹੈ। ਸਿੰਘਾਂ ਨੇ ਵੈਰਾਗ ਕੀਤਾ। ਮਹਾਰਾਜ ਜੀ ਤੰਬੂ ਤੋਂ ਬਾਹਰ ਆਏ। ਭਾਈ ਸੰਤੋਖ ਸਿੰਘ ਜੀ ਨੇ ਲੱਤਾਂ ਨੂੰ ਜੱਫਾ ਮਾਰਨਾ ਚਾਹਿਆ ਕਿ ਹੁਣ ਮਹਾਰਾਜ ਜੀ ਨੂੰ ਅੰਦਰ ਚਿਖਾ ਵਾਲੇ ਤੰਬੂ 'ਚ ਨਹੀਂ ਜਾਣ ਦੇਣਾ ਪਰ ਉਹ ਹੈਰਾਨ ਹੋ ਗਿਆ ਕਿ ਹੱਥ ਛਾਤੀ ਨਾਲ ਲੱਗ ਗਏ, ਗੁਰੂ ਮਹਾਰਾਜ ਜੀ ਨੂੰ ਫੜ ਨਹੀਂ ਸਕਿਆ। ਮਹਾਰਾਜ ਕਹਿਣ ਲੱਗੇ ਕਿ



Sri Satguru Jagjit Singh Ji eLibrary NamdhariElibrary@gmail.com

ਹੁਣ ਅਸੀਂ ਇਸ ਸਰੀਰ ਨਾਲ ਆਪਣੇ ਖਾਲਸੇ ਵਿਚ ਵਿਚਰਿਆ ਕਰਾਂਗੇ, ਮੈਂ ਹਰ ਵੇਲੇ ਤੁਹਾਡੇ ਕੋਲ ਹੀ ਹਾਂ; ਜਦੋਂ ਯਾਦ ਕਰੋਗੇ, ਤੁਹਾਡੀ ਸਹਾਇਤਾ ਕਰਾਂਗਾ ਕਿਉਂਕਿ–

***ਪੰਥ ਖਾਲਸਾ ਖੇਤੀ ਮੇਰੀ॥***
***ਕਰਹੁੰ ਸਭਾਲ ਮੈਂ ਤਿਸ ਕੇਰੀ॥***

ਤੁਸੀਂ ਆਪਣੀ ਰਹਿਤ ਵਿਚ ਪੂਰੇ ਰਹਿਣਾ। ਆਤਮ ਰਸ ਨੂੰ ਨਹੀਂ ਭੁਲਣਾ ਅਤੇ ਆਪਣਾ ਨਿਆਰਾਪਨ ਨਹੀਂ ਛੱਡਣਾ ਤੇ ਤੁਸੀਂ ਇਨ੍ਹਾਂ ਰਹਿਤਾਂ ਨੂੰ ਵਿਸਾਰਨਾ ਨਹੀਂ।

***ਜਬ ਲਗ ਖਾਲਸਾ ਰਹੇ ਨਿਆਰਾ॥***
***ਤਬ ਲਗ ਤੇਜ ਦੀਉ ਮੈਂ ਸਾਰਾ॥***

***(ਸਰਬ ਲੋਹ ਗ੍ਰੰਥ 'ਚੋਂ)***

ਇਸ ਤਰ੍ਹਾਂ ਦਾ ਉਪਦੇਸ਼ ਦਿੰਦੇ ਹੋਏ ਮਹਾਰਾਜ ਤੰਬੂ ਵਿਚ ਚਲੇ ਗਏ। ਮਨਮਾੜ ਦੇ ਕਿਲੇ ਵਿਚ ਦੋ ਰਾਜੇ ਬਾਲਾ ਰਾਉ ਤੇ ਉਸ ਦਾ ਭਰਾ ਕੈਦ ਸਨ। ਉਨ੍ਹਾਂ ਨੇ ਅਰਦਾਸ ਕੀਤੀ ਤਾਂ ਮਹਾਰਾਜ ਜੀ ਉਥੇ ਸਣੇ ਘੋੜੇ ਉਤਰੇ ਤੇ ਦੋਵਾਂ ਭਰਾਵਾਂ ਨੂੰ ਕਿਲੇ ਤੋਂ ਆਜ਼ਾਦ ਕਰਵਾਇਆ। ਉਹ ਦੋਵੇਂ ਭਰਾ ਨੰਦੇੜ ਪਹੁੰਚੇ ਤੇ ਸੰਗਤਾਂ ਨੂੰ ਦੱਸਿਆ ਕਿ ਗੁਰੂ ਸਾਹਿਬ ਨੇ ਤਾਂ ਸਾਨੂੰ ਕਿਲੇ ਵਿਚੋਂ ਆਜ਼ਾਦ ਕਰਾਇਆ ਹੈ। ਸੋ ਉਹ ਸਤਿਗੁਰੂ ਜੀ ਹਾਜ਼ਰ ਨਾਜ਼ਰ ਹਨ, ਕਿਤੇ ਗਏ ਨਹੀਂ, ਉਹ ਸਾਨੂੰ ਹਰ ਪਲ, ਹਰ ਛਿੰਨ ਦੇਖ ਰਹੇ ਹਨ।

ਜਦੋਂ ਆਪ ਦਾ ਲੈਕਚਰ ਖਤਮ ਹੋਇਆ ਤਾਂ ਰਾਮਾ ਕ੍ਰਿਸ਼ਨਾ ਮਿਸ਼ਨ ਦੇ ਮੁਖੀ ਸੁਆਮੀ ਨਿਤਾਨੰਦ ਜੀ ਸਟੇਜ ਤੇ ਆਏ ਤੇ ਬਾਬਾ ਜੀ ਨੂੰ ਜੱਫੀ ਵਿਚ ਲੈ ਲਿਆ ਤੇ ਕਿਹਾ ਕਿ ਮੈਂ ਗੁਰੂ ਗੋਬਿੰਦ ਸਿੰਘ ਜੀ ਦੀ ਫੋਟੋ ਰਾਮਾ ਕ੍ਰਿਸ਼ਨਾ ਮਿਸ਼ਨ ਵਿਚ ਲਾਉਣੀ ਹੈ ਤੇ ਅੱਜ ਤਕ ਉਹ ਫੋਟੋ ਉਥੇ ਲੱਗੀ ਹੋਈ ਹੈ। ਇਹ ਵੀ ਕਿਹਾ ਕਿ ਮੈਂ ਅਨੰਦਪੁਰ ਸਾਹਿਬ ਦੇ ਦਰਸ਼ਨ ਕਰਨੇ ਹਨ। ਬਾਬਾ ਜੀ ਦੱਸਿਆ ਕਰਦੇ ਸੀ ਕਿ ਜਦੋਂ ਉਹ ਅਨੰਦਪੁਰ ਸਾਹਿਬ ਗਿਆ, ਜਿਥੋਂ ਗੁਰਦੁਆਰਾ ਸਾਹਿਬ ਦਾ ਕਲਸ਼ ਦਿਖਾਈ ਦਿਤਾ, ਉਥੋਂ ਨੰਗੇ ਪੈਰੀਂ ਤੁਰ ਕੇ ਗਿਆ। ਡੰਡਵਤ ਕਰਦਾ ਸੀ ਤੇ ਉਥੋਂ ਦੀ ਮਿੱਟੀ ਵਿਚ ਲਿਟਦਾ, ਮੂੰਹ ਤੇ ਮਲਦਾ ਸੀ। ਕਹਿੰਦਾ ਸੀ ਕਿ ਇਸ ਮਿਟੀ ਵਿਚ ਗੁਰੂ ਗੋਬਿੰਦ ਸਿੰਘ ਦੇ ਘੋੜੇ ਦੀਆਂ ਟਾਪਾਂ ਦੀ ਆਵਾਜ਼ ਸੁਣਾਈ ਦਿੰਦੀ ਹੈ, ਇਸ ਵਿਚੋਂ ਸੁਗੰਧੀ ਆ ਰਹੀ ਹੈ। ਸੋ ਬਾਬਾ ਜੀ ਦੇ ਇਸ ਲੈਕਚਰ ਨੇ ਉਸ ਨੂੰ ਗੁਰੂ ਮਹਾਰਾਜ ਦਾ ਸ਼ਰਧਾਲੂ ਬਣਾ ਦਿਤਾ।



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਜੇਲ੍ਹ ਚਿੱਠੀਆਂ

***ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ***

ਰਸਤਾ ਬੜਾ ਹੀ ਰਮਣੀਕ ਸੁੰਦਰ ਕੁਦਰਤੀ ਨਜ਼ਾਰਿਆਂ ਵਾਲਾ ਸੀ। ਚਾਰ ਚੌਫੇਰੇ ਕੋਸਾਂ ਤਕ ਚਾਲੀ ਮੀਲ ਦੇ ਪੰਧ ਅੰਦਰ ਸੰਘਣਾ ਜੰਗਲ ਹੀ ਜੰਗਲ ਸੀ ਜਿਸ ਵਿਚ ਜੰਗਲੀ ਜਾਨਵਰ ਰੋਝ, ਰਿੱਛ, ਸ਼ੇਰ, ਬਾਘ ਆਦਿ ਦਾ ਵਾਸਾ ਹੈਸੀ। ਅੱਧ ਵਿਚ ਪੜਾਉ ਜਿਹਾ ਆਇਆ, ਜਿਥੇ ਪੰਜ ਕੁ ਮਿੰਟ ਲਈ ਹਲਟ (ਠਹਿਰ) ਹੋਈ। ਅਸਾਂ ਰੱਜ ਕੇ ਜਲ ਸ਼ਰਦੌਨੇ ਛਕੇ ਹੋਏ ਸਨ। ਸਾਰਿਆਂ ਨੂੰ ਸ਼ੌਰਿਆਂ ਦਾ ਜ਼ੋਰ ਪਿਆ ਹੋਇਆ ਸੀ ਪਰੰਤੂ ਸਾਨੂੰ ਸ਼ੌਰਾ ਛੱਡਣ ਲਈ ਮੋਟਰ ਤੋਂ ਉਤਰਨ ਨ ਦੇਣ। ਕਹਿਣ ਬੜੇ ਸਾਹਿਬ ਤੋਂ ਪੁੱਛ ਲਵੋ। ਬੜੇ ਸਾਹਿਬ ਦੀ ਮੋਟਰ ਸਭ ਤੋਂ ਪਿੱਛੇ ਸੀ ਅਸੀਂ ਉਸਨੂੰ ਸਦ ਬੁਲਾਇਆ। ਦੇਖੀਏ ਤਾਂ ਬੜਾ ਸਾਹਿਬ ਗੋਰਾ ਸ਼ੋਹ ਪਰ ਪੁੱਠੀ ਟੋਪੀ ਵਾਲਾ ਪੰਜਾਬੀ ਹੈ। ਪਿਛੋਂ ਪੁਛਣ ਤੇ ਪਤਾ ਲੱਗਾ ਕਿ ਇਹ ਦੇਸੀ ਸਾਹਿਬ ਜੇਲ੍ਹਾਂ ਦਾ ਇਨਸਪੈਕਟਰ ਜਨਰਲ ਹੈ ਅਤੇ ਇਸ ਦਾ ਨਾਂ ਬਾਵਾ ਜੀਵਨ ਸਿੰਘ ਹੈ ਜੋ ਵਲਾਇਤ ਜਾ ਕੇ ਮੂੰਹ ਸਿਰ ਮੁਨਾ ਕੇ ਬਿਗੜ ਪੰਥੀ ਹੋ ਗਿਆ ਹੈ। ਸਾਰਾ ਅਖਤਿਆਰ ਤੇ ਜ਼ੁੰਮੇਵਾਰੀ ਏਸ ਦੀ ਹੀ ਸੀ। ਏਸੇ ਦੀ ਜ਼ੁੰਮੇਵਾਰੀ ਤੇ ਹੀ ਅਸੀਂ ਏਥੇ ਬੁਲਾਏ ਗਏ ਸੀ। ਇੰਡੇਮਾਨ ਵਾਲੇ ਤਾਂ ਹੋਰ ਪੰਜਾਬੀ ਪੁਲੀਟੀਕਲ ਲੈਣੋਂ ਨਾਂਹ ਕਰ ਚੁੱਕੇ ਸਨ। ਪਹਿਲੇ ਮੁਕੱਦਮਾ ਸਾਜ਼ਸ਼ ਦੇ ਪੁਲੀਟੀਕਲ ਕੈਦੀ ਲੈ ਕੇ ਹੀ ਉਹ ਤੰਗ ਆ ਗਏ ਸਨ. ਓਹੀ ਪਹਿਲਾ ਜੱਥਾ ਭੀ ਓਨ੍ਹਾਂ ਤੋਂ ਨਹੀਂ ਸਾਂਭਿਆ ਜਾਂਦਾ ਸੀ। ਇਸ ਕਰਕੇ ਇੰਡੇਮਾਨੀ ਜੇਲ੍ਹ ਅਫਸਰਾਂ ਨੇ ਜਵਾਬ ਦੇ ਦਿਤਾ ਕਿ ਅਸੀਂ ਹੋਰ ਪੰਜਾਬੀ ਪੁਲੀਟੀਕਲ ਨਹੀਂ ਲਵਾਂਗੇ। ਇੰਡੇਮਾਨ ਤੋਂ ਜਵਾਬ ਲੈ ਕੇ ਪੰਜਾਬ ਗਵਰਨੰਿਟ ਨੇ ਹਿੰਦੁਸਤਾਨ ਦੀਆਂ ਸਾਰੀਆਂ ਸੂਬਕ ਗਵਰਨਮਿੰਟਾਂ ਨਾਲ ਅਸਾਡੇ ਸਾਂਭ ਲੈਣ ਪ੍ਰਥਾਇ ਲਿਖਤਾਂ ਪੜਤਾਂ ਕੀਤੀਆਂ ਪ੍ਰੰਤੂ ਕਿਸੇ ਸੂਬਕ ਗਵਰਨਮਿੰਟ ਨੇ ਅਸਾਡੇ ਸਾਂਭਣ ਦੀ ਹਾਮੀ ਨਾ ਭਰੀ। ਬਿਹਾਰ ਉੜੀਸਾ ਦੀ ਗਵਰਨਮਿੰਟ ਦੇ ਪਾਸ ਜਦ ਮਾਮਲਾ ਪੇਸ਼ ਹੋਇਆ ਤਾਂ ਉਨ੍ਹਾਂ ਆਪਣੇ ਇਸ ਜੇਲ੍ਹ ਅਫਸਰ ਬਾਵੇ ਦੀ ਰਾਇ ਪੁੱਛੀ ਤਾਂ ਇਸ ਨੇ ਹਾਮੀ ਭਰੀ ਕਿ ਪੰਜਾਬੀ ਸਿੱਖ ਪੁਲੀਟੀਕਲਾਂ ਨੂੰ ਮੈਂ ਸਾਂਭੂੰਗਾ। ਪ੍ਰੰਤੂ ਇਸ ਸ਼ਰਤ ਉਤੇ ਕਿ ਪੰਜਾਬ ਗਵਰਨਮਿੰਟ ਉਹਨੂੰ ਪੂਰੇ ਪੁਲੀਟੀਕਲ ਹਕੂਕ ਵਾਲੇ ਖਰਚ ਅਖਰਾਜਾਤ ਦੇਣ ਦਾ ਜ਼ਿੰਮਾਂ ਲਵੇ। ਪੰਜਾਬ ਗਵਰਨਮਿੰਟ ਨੇ ਬਾਵਾ ਜੀਵਨ ਸਿੰਘ ਦੀਆਂ ਸਭ ਸ਼ਰਤਾਂ ਮੰਨੀਆਂ ਅਤੇ ਦੋ ਰੁਪਏ ਰੋਜ਼ ਫੀ ਆਦਮੀ ਖਰਚਾ ਦੇਣਾ ਕਬੂਲ ਕੀਤਾ। ਇਸ ਤਰ੍ਹਾਂ ਸਾਨੂੰ ਹਜ਼ਾਰੀ ਬਾਗ ਭੇਗਣ ਦੀ ਸਕੀਮ ਬੱਝੀ। ਚਾਹੇ ਪੁਲਿਸੀ ਜਰਨੈਲ ਆਦਿਕ ਹੋਰ ਬੜੇ ਬੜੇ ਅਫਸਰ ਭੀ ਅਸਾਡੇ ਨਾਲ ਹੈਸਨ, ਪ੍ਰੰਤੂ ਪੁੱਛਗਿੱਛ ਇੰਤਜ਼ਾਮੀ ਅਖਤਿਆਰ ਸਾਰਾ ਬਾਵੇ ਦਾ ਹੀ ਸੀ।

ਸਾਡੇ ਸਾਹਮਣੇ ਜਦ ਉਹਦੀ ਮੋਟਰ ਆਈ ਤਾਂ ਮੈਂ ਸਮਝਿਆ ਕਿ ਕੋਈ ਯੂਰਪੀਨ ਗੋਰਾ ਅਫਸਰ ਹੀ ਹੈ। ਅੰਗਰੇਜ਼ੀ ਵਿਚ ਗਿਟ ਮਿਟ ਕਰ ਕੇ ਮੈਂ ਉਸ ਨੂੰ ਪੁਛਿਆ ਕਿ ਸਭ ਸਿੰਘ ਸ਼ੌਰਾ ਛੱਡਣ ਤੋਂ ਤੰਗ ਬੈਠੇ ਹਨ। ਤਾਂ ਓਸਾ ਆਖਿਆ, ਧੁਰ ਜਾ ਕੇ ਹੀ ਇਜਾਜ਼ਤ ਮਿਲੇਗੀ। ਮੈਥੋਂ ਆਮੁਹਾਰੇ ਆਪਣੀ ਬੋਲੀ ਵਿਚ ਹੀ ਮੂੰਹੋਂ ਇਹ ਨਿਕਲ ਗਿਆ ਕਿ ਤਦ ਤਕ ਬੜਾ ਜ਼ੁਲਮ ਹੈ। ਉਸ ਆਖਿਆ, ਜ਼ੁਲਮ ਨਹੀਂ ਇਹ ਇੰਤਜ਼ਾਮ ਹੈ। ਮੈਂ ਆਖਿਆ, ਇੰਤਜ਼ਾਮ ਨਹੀਂ ਇਹ ਇੰਤਕਾਮ ਹੈ। ਨਾਲੇ ਬੜੀ ਭਾਰੀ ਤੁਹਾਡੀ ਕਾਇਰਤਾ ਹੈ। ਓਸ ਆਖਿਆ, ਕਾਇਰਤਾ ਕਿਉਂ ਹੈ? ਮੈਂ ਆਕਿਆ ਸਾਥੋਂ ਦੁੱਗਣੇ ਚੌਗਣੇ ਤੁਹਾਡੇ ਪਾਸ ਸੰਗੀਨੀ ਪਹਿਰੇ ਹਨ। ਹਥਕੜੀਆਂ ਅਤੇ ਡੰਡੇ ਬੇੜੀਆਂ ਵਿਚ ਅਸੀਂ ਜਕੜੇ ਹੋਏ ਹਾਂ ਅਤੇ ਸੜਕ ਉਤੇ ਥਾਉਂ ਥਾਈਂ ਫਰਲਾਂਗ ਫਰਲਾਂਗ ਦੇ ਫਾਸਲੇ ਪਰ ਤੁਹਾਡੀਆਂ ਮਿਲਟਰੀ ਗਾਰਦਾਂ ਖੜ੍ਹੀਆਂ ਹਨ। ਫੇਰ ਤੁਹਾਨੂੰ ਸਾਡੇ ਭੱਜ ਜਾਣ ਦਾ ਖਤਰਾ ਹੈ? ਇਹ ਤੁਹਾਡੀ ਕਾਇਰਤਾ ਨਹੀਂ ਤਾਂ ਹੋਰ ਕੀ ਹੈ? ਉਹ ਤਾਂ ਚੁੱਪ ਹੋ ਗਿਆ। ਪਾਸੋਂ ਪੁਲਿਸੀ ਜਰਨੈਲ ਬੋਲਿਆ ਕਿ ਮੋਟਰਾਂ ਵਿਚ ਖੜ੍ਹੇ ਖੜੋਤੇ ਹੀ ਪਿਸ਼ਾਬ ਕਰ ਲਵੋ, ਤਾਂ ਮੈਂ ਉਨ੍ਹਾਂ ਦੀ ਅੰਗਰੇਜ਼ੀ ਬੋਲੀ ਵਿਚ ਹੀ ਉਸ ਨੂੰ ਉਤਰ ਦਿਤਾ ਕਿ ਇਹ ਤੁਹਾਡੀ ਮਗਰਬੀ ਤਹਿਜ਼ੀਬ ਹੈ।

ਗੱਲ ਕੀ ਅਸਾਂ ਨੂੰ ਨਾ ਹੀ ਸ਼ੌਰੇ ਛੱਡਣ ਦਿਤੇ। ਅਸੀਂ ਬੜੇ ਔਖੇ ਹੋਏ ਅਤੇ ਘੁਟੇ ਘੁਟਾਏ ਫਸੇ ਫਸਾਏ ਬੈਠੇ ਰਹੇ। ਹੋਰ ਕਰੀਏ ਭੀ ਕੀ 'ਕਹਿਰੇ ਦਰਵੇਸ਼ ਬਰ ਜਾਨੇ ਦਰਵੇਸ਼।' ਹਜ਼ਾਰੀ ਬਾਗ ਪਹੁੰਚਦਿਆਂ ਨੂੰ ਰਾਤ ਪੈ ਗਈ। ਅਸਾਂ ਨੂੰ ਸਣੇ ਮੋਟਰੀਂ ਜੇਲ੍ਹ ਅੰਦਰ ਦਾਖਲ ਕੀਤਾ ਗਿਆ। ਜੇਲ੍ਹ ਅੰਦਰ ਸਾਨੂੰ ਵਾੜ ਕੇ ਜਰਨੈਲ ਹੋਰੀਂ ਸਾਡੇ ਪਾਸ ਆਏ ਅਤੇ ਆਉਂਦੇ ਹੀ ਮੈਨੂੰ ਮੁਖਾਤਬ ਹੋ ਕੇ ਕਿਹਾ ਕਿ 'ਅਬ ਜ਼ੁਲਮ ਨਹੀਂ ਹੋਵੇਗਾ। ਖਾਤਰ ਜਮਈ ਰੱਖੋ। ਚਲੋ! ਪਹਿਲਾਂ ਪਿਸ਼ਾਬ ਕਰੋ। ਉਹ ਬੜਾ ਨਾਦਮ ਅਤੇ ਸ਼ਰਮਿੰਦਾ ਹੋਇਆ ਪ੍ਰਤੀਤ ਹੁੰਦਾ ਸੀ ਅਤੇ ਸਾਨੂੰ ਭੀ ਇਹ ਪਤਾ ਕਰਕੇ ਕਿ ਉਹ ਸਾਡਾ ਪੰਜਾਬੀ ਭਰਾ ਹੀ ਹੈ, ਉਸ ਦਾ ਕੁਛ ਲਿਹਾਜ਼ ਹੀ ਕਰਨਾ ਬਣਿਆ। ਜਾਂਦਿਆਂ ਨੂੰ ਸਭ ਸਾਮਾਨ ਤਿਆਰ, ਅੱਡੋ ਅਡੀ ਕੋਠੜੀਆਂ ਵਿਚ ਜਲ ਦੀਆਂ ਬਾਲਟੀਆਂ ਇਸ਼ਨਾਨ ਲਈ ਭਰੀਆਂ ਪਈਆਂ ਅਤੇ ਦੋ ਦੋ ਜੇਲ੍ਹ ਪੁਸ਼ਾਕਾਂ ਕੋਰੀਆਂ ਅਤੇ ਨਵੀਆਂ ਨੁੱਕ ਸਭ ਦੀਆਂ ਸੀਟਾਂ ਉਤੇ ਧਰੀਆਂ ਪਈਆਂ। ਇਕ ਇਕ ਪਰਨਾ ਭੀ ਕਛਹਿਰੇ ਬਦਲਣ ਨੂੰ ਧਰਿਆ ਪਿਆ। ਸਰਬ ਲੋਹ ਦੇ ਬਾਟੇ ਥਾਲੀਆਂ ਅਤੇ ਇਕ ਇਕ ਕੋਰੀ ਸੁਰਾਹੀ ਜਲ ਭਰਨ ਲਈ ਸਭ ਦੀ ਕੋਠੀ ਵਿਚ ਮਉਜੂਦ ਪਈ। ਸੋਲਾਂ ਕੋਠੀਆਂ ਦੇ ਤਿੰਨ ਬਲਾਕ ਅੱਗੜ ਪਿੱਛੜ ਲਾਗੋ ਲਾਗੀ ਸਨ। ਤੇਹਾਂ ਵਿਚ



Sri Satguru Jagjit Singh Ji eLibrary NamdhariElibrary@gmail.com

ਹੀ ਸਾਨੂੰ ਵੰਡਿਆ ਗਿਆ।

ਹਜ਼ਾਰੀ ਬਾਗ ਆਉਣ ਸਾਰ ਹੀ ਰੁੱਤ ਹੋਰ ਦੀ ਹੋਰ ਹੋ ਗਈ। ਮਾਨੋ ਸਾਨੂੰ ਭਖਦੇ ਭੱਠਾਂ ਵਿਚੋਂ ਕੱਢ ਕੇ ਠੰਡੇ ਠਾਰ ਬਰਫਾਨੀ ਗੁਫਿਆਂ ਵਿਚ ਬਣਿਆ ਹੋਇਆ ਹੈ। ਉਚੇ ਪਹਾੜੀ ਟਿੱਲੇ ਨੂੰ ਅਸਾਡੇ ਵਾਸਤੇ ਸ਼ਿਮਲਾ ਬਣਿਆ ਹੋਇਆ ਹੈ। ਉਚੇ ਪਹਾੜੀ ਟਿੱਲੇ ਨੂੰ ਕੱਟ ਕੇ ਬਣੇ ਹੋਏ ਪੁਰਾਤਨ ਜ਼ਮਾਨੇ ਦੇ ਕਿਸੇ ਕਿਲੇ ਦਾ ਤਬਦੀਲ ਕਰਕੇ ਜੇਲ੍ਹ ਬਣਾਇਆ ਹੋਇਆ ਹੈ। ਚਾਹੇ ਅਸਾਂ ਨੂੰ ਕੋਠੜੀਆਂ ਵਿਚ ਹੀ ਬੰਦ ਕੀਤਾ ਗਿਆ, ਪਰ ਕੋਠੜੀਆਂ ਕਾਹਦੀਆਂ ਹਨ, ਸੀਤ ਬਲੌਰੀ ਬੰਗਲੌਰੀਆਂ ਹਨ। ਅੰਦਰੋਂ ਚੂਨੇ ਗੱਚ ਸੀਮਿੰਟ ਕੀਤੇ ਹੋਏ ਫਰਸ਼, ਸਫਾਈ ਹੱਦ ਦਰਜੇ ਦੀ, ਉਚੀਆਂ ਪਲਿੰਥਾਂ ਉਤੇ ਉਸਾਰੀਆਂ ਹੋਈਆਂ ਹਵਾਦਾਰ ਕੋਠੜੀਆਂ। ਚਾਹੇ ਉਚੀਆਂ ਉਚੀਆਂ ਕੰਧਾਂ ਚਾਰ ਚੌਫੇਰੇ ਹੈਸਨ ਅਤੇ ਤਕੜਾਈ, ਮਜ਼ਬੂਤੀ ਦੀ ਖਾਤਰ ਦੀਵਾਰਾਂ ਭੀ ਬੜੀਆਂ ਬੜੀਆਂ ਉਚੀਆਂ ਸਨ। ਮੂਹਰੇ ਵਗਲੇ ਹੋਏ ਉਚੀਆਂ ਉਚੀਆਂ ਕੰਧਾਂ ਵਾਲੇ ਛੋਟੇ ਛੋਟੇ ਵਿਹੜੇ ਅਤੇ ਵਿਹੜਿਆਂ ਦੇ ਅੱਗੇ ਫੇਰ ਪੰਜ ਛੇ ਫੁੱਟ ਦੀ ਵਿੱਥ ਛੱਡ ਕੇ ਸਭ ਕੋਠੀਆਂ ਦੇ ਵਿਹੜਿਆਂ ਸਨਮੁਖ ਸਾਂਝੀ ਪਥਰੇਲੀ ਦੀਵਾਰ ਉਸਾਰੀ ਹੋਈ ਅਤੇ ਕੋਠੜੀਆਂ ਦੇ ਪਿਛੋਕੜ ਭੀ ਅਹਾਤਾ ਉਚੀਆਂ ਦੀਵਾਰਾਂ ਦਾ ਵਗਲਿਆ ਹੋਇਆ ਸੀ ਪਰ ਫੇਰ ਭੀ ਹਵਾ ਖੁਲ੍ਹੀ ਡੁਲ੍ਹੀ ਪੈਂਦੀ ਰਹਿੰਦੀ ਸੀ। ਜੇ ਪੰਜਾਬ ਅਥਵਾ ਮਦਰਾਸ ਅਹਾਤੇ ਤੇ ਜੇਲ੍ਹਾਂ ਅੰਦਰ ਅਜੇਹੀਆਂ ਕੋਠੀਆਂ ਬਣੀਆਂ ਹੋਈਆਂ ਹੁੰਦੀਆਂ ਤਾਂ ਏਹਨਾਂ ਦੇ ਅੰਦਰ ਸਾਹ ਘੁੱਟ ਕੇ ਮਰ ਜਾਣ ਦੇ ਹੰਦੇਸੇ ਹੁੰਦੇ ਪਰ ਏਥੇ ਤਾਂ ਅੰਦਰ ਵੜਨ ਸਾਰ ਹੀ ਬ੍ਰਿਤੀਆਂ ਖਿੜ ਗਈਆਂ। ਸਾਡੇ ਉਥੇ ਵਾਰਦ ਹੋਣ ਦੀ ਦੇਰ ਸੀ ਕਿ ਮੇਘਲਾ ਮੂਸਲਾਧਾਰ ਹੋ ਕੇ ਬਰਸਨ ਲਗ ਪਿਆ ਅਤੇ ਅਜੇਹੀ ਝੜੀ ਲੱਗੀ ਕਿ ਮੁੜ ਮਹੀਨਿਆਂ ਬੱਧੀ ਮੀਂਹ ਥੰਮਿਆ ਹੀ ਨਹੀਂ। ਹਰ ਦਮ ਖਿਨ ਖਿਨਾਂਤ ਅਤੇ ਦਿਨ ਰਾਤ ਨਿੰਮੀ ਨਿੰਮੀ (ਮਿੰਨੀ ਮਿੰਨੀ) ਪੁਹਾਰ ਪੈਂਦੀ ਰਹੇ। ਬਿਹਾਰ ਦੇ ਵਸਨੀਕ ਆਖਣ ਕਿ ਅਜੇਹੀ ਬਰਖਾ ਦੀ ਬਹਾਰ ਅੱਗੇ ਕਦੇ ਨਹੀਂ ਬੱਝੀ, ਮਾਨੋ ਸਾਡੇ ਆਗਮਨ ਵਿਚ ਹੀ ਮੇਘਲਾ ਮਸਤ ਹੋਇਆ ਹੈ। ਮੁਲਤਾਨੀ ਹੁੱਸੜ ਦੇ ਅਸਹਿ ਤਪਤਾਉ ਪਿਛੋਂ ਕਰਤੇ ਪੁਰਖ ਨੇ ਇਹ ਨਿਮਾਣੀਆਂ ਸਹਿਕਦੀਆਂ ਜਿੰਦਾਂ ਟਹਿਕਦੀਆਂ ਰੱਖਣ ਲਈ ਹਜ਼ਾਰੀ ਬਾਗ ਅੰਦਰ ਹੁਨਾਲ ਵਿਚ ਹੀ ਸਿਆਲ ਬਣਾ ਦਿਤਾ। ਉਚੀਆਂ ਕੰਧਾਂ ਉਪਰਦੀ ਥੋੜ੍ਹਾ ਕਿੰਚਤ ਮਾਤਰ ਹੀ ਅਕਾਸ਼ ਉਫਕ ਦਾ ਕੁਦਰਤੀ ਨਜ਼ਾਰਾ ਕਾਦਰੀ ਯਾਦ ਦੀਆਂ ਅਗੰਮੀ ਕਾਂਗਾਂ ਉਪਜਾਉਣ ਹਿਤ ਸਹਾਈ ਹੋ ਜਾਂਦਾ ਸੀ। ਅਹਿਨਿਸ ਲਿਵ ਡੋਰੀ ਹਰਿ ਚਰਨਨ ਸੰਗ ਜੁੜੀ ਹੀ ਰਹੇ। ਨਾਮ ਅਭਿਆਸ ਤੋਂ ਸੁਰਤੀ ਬ੍ਰਿਤੀ ਇਕ ਛਿੰਨ ਭੀ ਉਖੜਨੀ ਨਾ ਪਾਵੇ। 'ਵਾਹ ਕਰਤੇ ਤੇਰੇ ਰੰਗ! ਬੰਦੀਆਂ ਅੰਦਰ ਬੰਦਗੀ ਕਰਾਉਣ ਦੇ ਭੀ ਤੇਰੇ ਅਨੋਖੇ ਢੰਗ ਹਨ। ਸੱਚ ਹੈ –

***ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥***
***ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥***

ਵਾਹ ਸਾਹਿਬਾ! ਵਾਹ ਸਿਰਜਣਹਾਰ ਕਰਤਾਰ!

***ਰਾਗੁ ਆਸਾ ਮ. ੧ ਛੰਤ ਘਰ ੨***
***ਤੂੰ ਸਭਨੀ ਥਾਈ ਜਿਥੈ ਹਉ ਜਾਈ ਸਾਚਾ ਸਿਰਜਣਹਾਰੁ ਜੀਉ॥***
***ਸਭਨਾ ਕਾ ਦਾਤਾ ਕਰਮ ਬਿਧਾਤਾ ਦੂਖ ਬਿਸਾਰਣਹਾਰੁ ਜੀਉ॥***
***ਦੂਖ ਬਿਸਾਰਣਹਾਰੁ ਸੁਆਮੀ ਕੀਤਾ ਜਾ ਕਾ ਹੋਵੈ॥***
***ਕੋਟ ਕੋਟੰਤਰ ਪਾਪਾ ਕੇਰੇ ਏਕ ਘੜੀ ਮਹਿ ਖੋਵੈ॥***
***ਹੰਸ ਸਿ ਹੰਸਾ ਬਗ ਸਿ ਬਗਾ ਘਟ ਘਟ ਕਰੇ ਬੀਚਾਰੁ ਜੀਉ॥***
***ਤੂੰ ਸਭਨੀ ਥਾਈ ਜਿਥੈ ਹਉ ਜਾਈ ਸਾਚਾ ਸਿਰਜਣਹਾਰੁ ਜੀਉ॥***

***ਪੰਨਾ – 436***

ਦੁਖ ਵਿਚ ਸੁਖ ਮਨਾਵਣ ਦੇ ਅਤੇ ਆਪਣੀ ਭਗਤੀ ਆਪ ਦ੍ਰਿੜ੍ਹਾਉਣ ਦੇ ਤੇਰੇ ਨਿਰਾਲੇ ਹੀ ਚੋਜ ਹਨ। ਬਿਖੜੇ ਅਸਥਾਨਾਂ ਅੰਦਰ ਭੀ ਆਪਣੀ ਭਗਤੀ ਦੇ ਆਪ ਰੰਗ ਚੜ੍ਹਾ ਕੇ ਆਪੇ ਹੀ ਭਾਣੇ ਮਿੱਠੇ ਕਰ ਕੇ ਆਪਣੇ ਜਨਾਂ ਤੋਂ ਆਪਣੇ ਦਰ ਦਰ ਦੇ ਭੇਖਾਰੀ ਸੇਵਕਾਂ ਤੋਂ ਆਪ ਹੀ ਮਨਵਾਉਂਦਾ ਹੈਂ। ਨਹੀਂ ਤਾਂ ਇਸ ਮਨੁੱਖ ਬਪੜੇ ਦੀ ਕੀ ਹੈਸੀਅਤ ਹੈ ਕਿ ਆਪੇ ਭਾਣਾ ਮਿੱਠਾ ਕਰ ਕੇ ਮੰਨ ਸਕੇ। ਸੱਚ ਹੈ –

***ਰਾਗ ਸੂਹੀ ਮ. ੫ ਘਰੁ ੭***
***ਤੇਰਾ ਭਾਣਾ ਤੂੰਹੈ ਮਨਾਇਹਿ ਜਿਸ ਨੋ ਹੋਹਿ ਦਇਆਲਾ॥***
***ਸਾਈ ਭਗਤਿ ਜੋ ਤੁਧੁ ਭਾਵੈ ਤੂੰ ਸਰਬ ਜੀਆ ਪ੍ਰਤਿਪਾਲਾ॥***
***ਮੇਰੇ ਰਾਮ ਰਾਇ ਸੰਤਾ ਟੇਕ ਤੁਮਾਰੀ॥***
***ਜੋ ਤੁਧੁ ਭਾਵੈ ਸੋ ਪਰਵਾਣੁ ਮਨਿ ਤਨਿ ਤੂਹੈ ਅਧਾਰੀ॥***
***ਤੂੰ ਦਇਆਲੁ ਕ੍ਰਿਪਾਲੁ ਕ੍ਰਿਪਾਨਿਧਿ ਮਨਸਾ ਪੂਰਣਹਾਰਾ॥***
***ਭਗਤ ਤੇਰੇ ਸਭਿ ਪ੍ਰਾਣਪਤਿ ਪ੍ਰੀਤਮ ਤੂੰ ਭਗਤਨ ਕਾ ਪਿਆਰਾ॥***
***ਤੂ ਅਥਾਹੁ ਅਪਾਰ ਅਤਿ ਊਚਾ ਕੋਈ ਅਵਰੁ ਨ ਤੇਰੀ ਭਾਤੇ॥***
***ਇਹ ਅਰਦਾਸਿ ਹਮਾਰੀ ਸੁਆਮੀ ਵਿਸਰੁ ਨਾਹੀ ਸੁਖ ਦਾਤੇ॥***
***ਦਿਨੁ ਰੈਣਿ ਸਾਸਿ ਸਾਸਿ ਗੁਣ ਗਾਵਾ ਜੇ ਸੁਆਮੀ ਤੁਧੁ ਭਾਵਾ॥***
***ਨਾਮੁ ਤੇਰਾ ਸੁਖੁ ਨਾਨਕੁ ਮਾਗੈ ਸਾਹਿਬ ਤੁਠੈ ਪਾਵਾ॥***

***ਪੰਨਾ – 747***

ਵਾਹ ਬਿਖੜੇ ਦਾਵ ਲੰਘਾਵਨਹਾਰ ਮੇਰੇ ਸਤਿਗੁਰੂ! ਵਾਹ ਅਗਨ ਝਕੋਲਿਆਂ ਵਿਚ ਠੰਡੇ ਝੋਲੇ ਦੇਵਣਹਾਰ। ਅੱਜ ਸੱਚਮੁੱਚ ਤੈਂ ਠੰਡ ਵਰਤਾ ਦਿਤੀ –

***ਤਪਤਿ ਮਾਹਿ ਠਾਢਿ ਵਰਤਾਈ॥***
***ਅਨਦੁ ਭਇਆ ਦੁਖ ਨਾਠੇ ਭਾਈ॥***

ਮਚਦੀਆਂ ਅਗਨੀਆਂ ਦੇ ਭਾਂਬੜਾਂ ਵਿਚ ਤੂੰ ਆਪ ਉਭਾਰਨਹਾਰ ਹੈਂ। ਜਿਥੇ ਤੇਰਾ ਸਿਮਰਨ ਹੈ ਤਿਥੇ ਤੈਂ ਸਚਮੁੱਚ ਉਪਾਧਿਗਤਿ ਕੀਨੀ ਮੇਰੇ ਸਾਹਿਬਾ! ਅੱਜ ਆ ਮੁਹਾਰੇ ਇਹ ਗੁਰਵਾਕੀ ਸ਼ਬਦ ਉਤਕੰਠ ਹੋ ਹੋ ਕੀਰਤਨ ਵਿਚ ਆ ਰਹੇ ਹਨ ਅਤੇ ਸੁਰਤੀ ਸੁਰਤ ਰਲਾ ਰਹੇ ਹਨ। ਵਾਹ! ਵਾਹ!!

***ਸੂਹੀ ਮ. ੫ ਘਰੁ ੭***
***ਮਹਾ ਅਗਨਿ ਤੇ ਤੁਧੁ ਹਾਥ ਦੇ ਰਾਖੇ ਪਏ ਤੇਰੀ ਸਰਣਾਈ॥***
***ਤੇਰਾ ਮਾਣੁ ਤਾਣੁ ਰਿਦ ਅੰਤਰਿ ਹੋਰ ਦੂਜੀ ਆਸ ਚੁਕਾਈ॥***



Sri Satguru Jagjit Singh Ji eLibrary NamdhariElibrary@gmail.com

*ਮੇਰੇ ਰਾਮ ਰਾਇ ਤੁਧੁ ਚਿਤਿ ਆਇਐ ਉਬਰੇ॥*
*ਤੇਰੀ ਟੇਕ ਭਰਵਾਸਾ ਤੁਮਰਾ ਜਪਿ ਨਾਮੁ ਤੁਮਾਰਾ ਉਧਰੇ॥*
*ਅੰਧ ਕੂਪ ਤੇ ਕਾਢਿ ਲੀਏ ਤੁਮ ਆਪਿ ਭਏ ਕਿਰਪਾਲਾ॥*
*ਸਾਰਿ ਸਮਾਲਿ ਸਰਬ ਸੁਖ ਦੀਏ ਆਪਿ ਕਰੇ ਪ੍ਰਤਿਪਾਲਾ॥*
*ਆਪਣੀ ਨਦਰਿ ਕਰੇ ਪਰਮੇਸਰੁ ਬੰਧਨ ਕਾਟਿ ਛਡਾਏ॥*
*ਆਪਣੀ ਭਗਤਿ ਪ੍ਰਭਿ ਆਪਿ ਕਰਾਈ ਆਪੇ ਸੇਵਾ ਲਾਏ॥*
*ਭਰਮੁ ਗਇਆ ਭੈ ਮੋਹ ਬਿਨਾਸੇ ਮਿਟਿਆ ਸਗਲ ਵਿਸੂਰਾ॥*
*ਨਾਨਕ ਦਇਆ ਕਰੀ ਸੁਖ ਦਾਤੈ ਭੇਟਿਆ ਸਤਿਗੁਰੁ ਪੂਰਾ॥*
***ਪੰਨਾ – 748***

ਵਾਹੁ! ਵਾਹੁ!! ਆ ਮੁਹਾਰੀਆਂ ਕੀਰਤਨ ਦੀਆਂ ਕਾਂਗਾਂ ਉਠੀਆਂ ਅਤੇ ਜ਼ੋਰੋ ਜ਼ੋਰੀ ਕੀਰਤਨ ਦੀਆਂ ਧੁਨੀਆਂ ਬਲੰਦ ਹੋ ਗਈਆਂ। ਅਮਰੀ ਵੇਗ ਨੂੰ ਕੌਣ ਥੰਮੇ? ਜੰਗਲ ਵਿਚ ਮੰਗਲ ਬਣ ਗਏ। ਬੰਦੀ ਖਾਨੇ ਦੀਆਂ ਕਾਲ ਕੋਠੜੀਆਂ ਬੰਦਗੀ ਦੇ ਗੁਫੇ ਅਤੇ ਕੀਰਤਨ ਕ੍ਰਿਸ਼ਮੇ ਹਰਿ ਬੈਕੁੰਠ ਬੁੰਗੇ ਹੋ ਭਾਸੇ।

***ਸੂਹੀ ਮਹਲਾ ੫***
*ਪਾਰਬ੍ਰਹਮ ਪਰਮੇਸਰ ਸਤਿਗੁਰ ਆਪੇ ਕਰਣੈ ਹਾਰਾ॥*
*ਚਰਣ ਧੂੜਿ ਤੇਰੀ ਸੇਵਕੁ ਮਾਗੈ ਤੇਰੇ ਦਰਸਨ ਕਉ ਬਲਿਹਾਰਾ॥*
*ਮੇਰੇ ਰਾਮਰਾਇ ਜਿਉ ਰਾਖਹਿ ਤਿਉ ਰਹੀਐ॥*
*ਤੁਧੁ ਭਾਵੈ ਤਾ ਨਾਮੁ ਜਪਾਵਹਿ ਸੁਖੁ ਤੇਰਾ ਦਿਤਾ ਲਹੀਐ॥*
*ਮੁਕਤਿ ਭੁਗਤਿ ਜੁਗਤਿ ਤੇਰੀ ਸੇਵਾ ਜਿਸੁ ਤੂੰ ਆਪਿ ਕਰਾਇਹਿ॥*
*ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ॥*
*ਸਿਮਰਿ ਸਿਮਰਿ ਸਿਮਰਿ ਨਾਮੁ ਜੀਵਾ ਤਨੁ ਮਨੁ ਹੋਇ ਨਿਹਾਲਾ॥*
*ਚਰਣ ਕਮਲ ਤੇਰੇ ਧੋਇ ਧੋਇ ਪੀਵਾ ਮੇਰੇ ਸਤਿਗੁਰ ਦੀਨ ਦਇਆਲਾ॥*
*ਕੁਰਬਾਣੁ ਜਾਈ ਉਸੁ ਵੇਲਾ ਸੁਹਾਵੀ ਜਿਤੁ ਤੁਮਰੈ ਦੁਆਰੈ ਆਇਆ॥*
*ਨਾਨਕ ਕਉ ਪ੍ਰਭ ਭਏ ਕ੍ਰਿਪਾਲਾ ਸਤਿਗੁਰੁ ਪੂਰਾ ਪਾਇਆ॥*
***ਪੰਨਾ – 749***

ਅਜਿਹੀ ਬ੍ਰਿਤੀ ਬੇਧਵੀਂ ਧੁੰਨੀ ਉਨਮਨਾਰ ਹੋਈ ਕਿ ਸਨਾਟਾ ਛਾ ਗਿਆ। ਹਜ਼ਾਰੀ ਬਾਗ ਜੇਲ੍ਹ ਦੇ ਕਮਰਚਾਰੀ ਚੱਕ੍ਰਿਤ ਹੋ ਕੇ ਠਠੰਬਰ ਖੜ੍ਹੇ। ਖ਼ਾਲਸਾ ਆਪਣੀਆਂ ਮਸਤ ਮਗਨਾਰੀਆਂ ਵਿਚ ਮਸਤ।

ਓਧਰ ਹੋਰ ਕੋਠੀਆਂ ਵਾਲਿਆਂ ਨੂੰ ਪ੍ਰਸ਼ਾਦਾ ਵਰਤੀਜਣਾ ਸ਼ੁਰੂ ਹੋ ਗਿਆ। ਦਾਸ ਨੂੰ ਭੀ ਹਲੂਣਿਆਂ ਝੂਣਿਆਂ ਅਤੇ ਪ੍ਰਸ਼ਾਦ ਛਕਣ ਲਈ ਸਾਵਧਾਨ ਕੀਤਾ। ਦਾਸ ਦੀਆਂ ਭੁੱਖਾਂ ਤਾਂ ਸਭ ਗਵਾਈਆਂ ਗਈਆਂ ਸਨ ਅਤੇ ਸਤਿਗੁਰੂ ਨੇ ਪਰਤੱਗਿਾ ਦੀ ਪੈਜ ਭੀ ਰੱਖਣੀ ਸੀ। ਓਵੇਂ ਜਿਵੇਂ ਬਿਹਾਰੀ ਬ੍ਰਾਹਮਣਾਂ ਦਾ ਤਿਆਰ ਕੀਤਾ ਭੋਜਨ ਵਰਤੀਜਨ ਲਗ ਗਿਆ। ਨਾਨਾ ਪ੍ਰਕਾਰੀ ਭਾਂਤ ਭਾਂਤ ਦੇ ਖਾਣੇ ਤਿਆਰ ਹੋਏ। ਕਿਥੇ ਪੰਜਾਬ ਜੇਲ੍ਹਾਂ ਦੇ ਕਚਨਿਕੱਚੇ ਛੋਲੇ ਸੂੜ੍ਹਿਆਂ ਦੇ ਭੁੱਸਰੇ ਅਤੇ ਮੋਠ ਰੁਆਂਹੀ ਦਾਲਾਂ ਅਤੇ ਕਿਥੇ ਵੰਨ ਸੁਵੰਨੇ ਭਾਜੇ, ਰਾਇਤੇ, ਚਟਣੀਆਂ, ਮਾਂਹ ਮੂੰਗੀ ਦੀਆਂ ਛਮਕਵੀਆਂ (ਤੜਕੇ ਲੱਗੀਆਂ) ਦਾਲਾਂ ਤੇ ਗਰੁੜਾ ਖਾਣਾ ਦੁਧ ਸਿਉ ਗਾਡਿ (ਦੁਖ ਚਾਉਲ) ਵਾਲੇ ਲੁਆਜ਼ਮੇ ਅਤੇ ਕਣਕ ਦੇ ਫੁਲਕੇ ਵਖਰੇ। ਫੇਰ ਬਣੇ ਬਣਾਤੇ ਬਿਨਾਂ ਮੁਸ਼ੱਕਤ ਘਾਲੇ ਦੇ ਤਿਆਰ ਹੋਏ ਵੇ। ਦੂਰ ਸਫਰ ਪੈਂਡਿਆਂ ਦੇ ਥੱਕਿਆਂ ਮਾਂਦਿਆਂ ਅਤੇ ਭੁੱਖਣ ਭਾਣਿਆਂ ਨੂੰ ਇਹ ਨਿਆਮਤ ਮਿਲੀ। ਸਭ ਹਾਬੜ ਕੇ ਪਏ। ਰਾਹ ਦੇ ਕੀਤੇ ਮਨਸੂਬੇ ਸਭ ਭੁੱਲ ਗਏ। ਸਭ ਨੂੰ ਛਕਣ ਦੀ ਪੈ ਗਈ। ਦਾਸ ਨੂੰ ਸ਼ਬਦ ਰਸ ਆਘਾਈ ਬਿਰਤੀ ਵਿਚ ਰੰਚਕ ਮਾਤਰ ਭੀ ਭੋਜਨ ਬਿੰਜਨ ਲੁਭਾਇ ਨ ਸਕੇ। ਅੱਕ ਥੱਕ ਕੇ ਲੱਗਿਆ ਥਾਲ ਚੁਕ ਕੇ ਲੈ ਗਏ। ਰਾਤ ਵਡੇਰੀ ਹੋ ਗਈ ਸੀ, ਏਸ ਕਰਕੇ ਉਸ ਵੇਲੇ ਤਾਂ ਸਭ ਚੁੱਪ ਚਾਂਦ ਹੋ ਗਈ। ਰਾਤ ਨੂੰ ਪਹਿਰਿਆਂ ਵਾਲੇ ਘੁੰਮਣ ਅਤੇ ਗਸ਼ਤਾਂ ਵਾਲੇ ਗਸ਼ਤਾਂ ਲਾਉਣ। ਐਧਰ ਠੰਢੀਆਂ ਪਉਣਾਂ ਦੇ ਰੁਮਕੇ ਲੱਗੇ ਆਉਣ ਅਤੇ ਟੁੰਮਿ ਟੁੰਮਿ ਜਗਾਉਣ। ਹਿਤ ਅਲਸਾਈਆਂ ਅੱਖੀਆਂ ਵਾਲਿਆਂ ਨੂੰ ਭਲਾ ਕਉਣ ਥਾਪੜੇ ਦੇਵੇ। ਮਸਾਂ ਸ਼ੁਭ ਅਵਸਰ ਲੱਭੇ ਨਾਮ ਰੰਗ ਜੁੱਟਣ ਦੇ ਅਤੇ ਹੱਲੇ ਕਰ ਕਰ ਟੁੱਟਣ ਦੇ। ਬਸ ਨਾਮ ਰਸੀਅੜੇ ਤਾਂ ਟੁੱਟ ਜੁੱਟ ਪਏ ਨਾਮ ਜਪਣ ਨੂੰ। ਨੈਨ ਨਿੰਦ੍ਰਾਵਲੀਏ ਲੰਮੇ ਪਏ ਘੁਰਾੜੇ ਮਾਰਨ। ਚਿੜੀ ਚੁਹਿਕੀ ਪਹੁ ਫੁਟੀ ਤਾਈਂ ਅਨਿਕ ਤ੍ਰੰਗ ਨਾਮ ਰੰਗ ਦੇ ਵਗਦੇ ਰਹੇ।

ਏਤਨੇ ਨੂੰ ਦਿਨ ਚੜ੍ਹਨ ਸਾਰ ਬਿਗਾਨੇ ਪੁਤਰਾਂ ਨੇ ਆਣ ਕਿਵਾੜ ਖੋਲ੍ਹਣੇ ਸ਼ੁਰੂ ਕੀਤੇ। ਖੋਲ੍ਹਣ ਤੋਂ ਪਹਿਲਾਂ ਬੜਾ ਤਕੜਾ ਬੰਦੋਬਸਤੀ ਅਡੰਬਰ ਖੜ੍ਹਾ ਕੀਤਾ। ਛੱਤਾਂ ਉਪਰ ਨੰਗੀਆਂ ਸੰਗੀਨਾਂ ਅਤੇ ਦੁਨਾਲੀਆਂ ਬੰਦੂਕਾਂ ਦੇ ਪਹਿਰੇ ਢਕੋ ਢਕੀ ਖੜ੍ਹੇ ਕੀਤੇ ਗਏ। ਗੋਰਖਿਆਂ ਦੀ ਮਿਲਟਰੀ ਪੁਲਿਸ ਦੀਆਂ ਗਾਰਦਾਂ ਖੋਲ੍ਹਣ, ਬੰਦ ਕਰਨ ਅਤੇ ਪਹਿਰਾ ਦੇਣ ਦੀਆਂ ਖਾਸ ਡਿਊਟੀਆਂ ਉਤੇ ਤੱਤਪਰ ਕੀਤੀਆਂ ਗਈਆਂ। ਮੂਹਰਲੇ ਪਾਸੇ ਭੀ ਗਾਰਦ ਘੁੰਮੇ ਅਤੇ ਪਿਛਲੇ ਪਾਸੇ ਭੀ ਪਹਿਰੇ ਲੱਗੇ ਖੜੋਤੇ। ਐਨੇ ਇੰਤਜ਼ਾਮ ਦੇ ਹੁੰਦਿਆਂ ਕਰਦਿਆਂ ਫੇਰ ਭੀ ਸਾਰਿਆਂ ਨੂੰ ਇਕ ਦਮ ਨਾ ਖੋਲ੍ਹਣ। ਦੋ ਦੋ ਤਿੰਨ ਤਿੰਨ ਦੀਆਂ ਕੋਠੀਆਂ ਮਸਾਂ ਖੋਲ੍ਹਣ। ਉਨ੍ਹਾਂ ਨੂੰ ਨੁਆ੍ਹ ਧੁਆ ਕੇ ਅੰਦਰ ਤਾੜ ਦੇਣ। ਫੇਰ ਦੂਜੇ ਦੁੱਗੜੇ ਤਿੱਗੜੇ ਨੂੰ ਬਾਹਰ ਕੱਢਣ। ਬਾਹਰ ਭੀ ਕਿੱਥੇ ਕੱਢਣਾ ਸੀ, ਕੋਠੀ ਅੱਗੇ ਚਾਰ ਦੀਵਾਰੀ ਵਾਲੇ ਵਿਹੜੇ ਵਿਚ ਹੀ ਚਾਰ ਕਦਮ ਬਾਹਰ ਲਿਆਉਣ। ਅੰਦਰਲਾ ਜੰਗਲਾ ਖੋਲ੍ਹ ਕੇ ਬਾਹਰ ਵਿਹੜੇ ਵਾਲੇ ਕਿਵਾੜ ਭੇੜ ਕੇ ਜੰਦਰਾ ਜੜ ਦੇਣ ਅਤੇ ਅੰਦਰ ਬਾਲਟੀਆਂ ਪਾਣੀ ਦੀਆਂ ਭਰ ਕੇ ਧਰ ਦੇਣ। ਬਸ ਅੰਦਰੇ ਹੀ ਨ੍ਹਾਵੋ ਧੋਵੋ। ਅੰਦਰ ਹੀ ਮੈਦਾਨ ਹੋਵੋ। ਮੈਦਾਨ ਮੈਲਾ ਬਾਹਰ ਕਢਵਾ ਦੇਣ ਅਤੇ ਫਰਨੈਲ ਛਿੜਕਵਾ ਦੇਣ। (ਹੰ ਸਫਾਈ ਭੀ ਪੂਰੀ ਰੱਕਣ ਅਤੇ ਤਕੜਾਈ ਭੀ ਪੂਰੀ) ਅਰ ਪਿਛੋਂ ਇਸ਼ਨਾਨ ਦੀਆਂ ਬਾਲਟੀਆਂ ਬਿਹਾਰੀ ਇਖਲਾਕੀ ਕੈਦੀਆਂ ਤੋਂ ਢੁਆ ਕੇ ਭਰਵਾ ਕੇ ਅੰਦਰ ਰਖਾ ਦੇਣ। ਪਰ ਅਸਾਂ ਕਿਸੇ ਦੀ ਢੋ ਭਰ ਕੇ ਰਖੀ ਬਾਲਟੀ ਵਰਤਣੀ ਨਾ ਹੋਈ। ਬੜ ਮੁਸ਼ਕਲ ਆਈ ਜੇਲ੍ਹ ਵਾਲਿਆਂ ਨੂੰ। ਅਜੇ ਜਰਨੈਲ ਇਥੇ ਹੀ ਸੀ, ਜਾ ਉਸ ਨੂੰ ਰਿਪੋਰਟ



Sri Satguru Jagjit Singh Ji eLibrary NamdhariElibrary@gmail.com

ਕੀਤੀ ਹੋਊ। ਉਹ ਆਇਆ ਤੇ ਸਾਰੀ ਹਕੀਕਤ ਸੁਣੀ ਪਰ ਉਸ ਨੇ ਥੋੜ੍ਹੇ ਜਿਹੇ ਉਤਾਰ ਚੜ੍ਹਾਉ ਪਿਛੋਂ ਹੁਕਮ ਦੇ ਦਿਤਾ ਕਿ ਇਸ ਨੂੰ ਪਹਿਲੇ ਨੰਬਰ ਦੀ ਕੋਠੀ ਵਿਚ ਬਦਲ ਦੇਵੋ ਜੋ ਜਲ ਪੰਪ ਦੇ ਨਿਕਟਵਾਰ ਸਾਮ੍ਹਣੇ ਹੈ ਅਤੇ ਇਹ ਆਪਣਾ ਜਲ ਆਪ ਹੀ ਭਰ ਕੇ ਅੰਦਰ ਲੈ ਜਾਵੇ। ਬਾਲਟੀਆਂ ਇਕ ਦੀ ਥਾਉਂ ਚਾਹੇ ਇਸ ਨੂੰ ਦੋ ਦੇ ਦੇਵੋ ਅਤੇ ਛਕਣ ਨੂੰ ਇਸ ਨੂੰ ਰੱਜ ਕੇ ਫਲ ਮੇਵੇ ਦਿਤੇ ਜਾਇਆ ਕਰਨ।

ਸੀਸ ਤੇ ਸਜਾਉਣ ਲਈ ਸਾਰਿਆਂ ਨੂੰ ਇਕ ਇਕ ਪਰਨਾ ਉਸੇ ਦਿਨ ਤੋਂ ਮਿਲ ਗਿਆ। ਦੂਧਾਧਾਰੀ ਵੀਰ ਜਿੰਦਰ ਸਿੰਘ ਨੂੰ ਭੀ ਤਿੰਨ ਸੇਰ ਪੱਕਾ ਦੁੱਧ ਅਤੇ ਦੁਖ ਵਿਚ ਮਿਸਰੀ ਪਾਉਣ ਦਾ ਹੁਕਮ ਹੋਇਆ। ਮੈਥੋਂ ਦੂਜੇ ਨੰਬਰ ਦੀ ਕੋਠੀ ਵਿਚ ਉਸ ਦੂਧਾਧਾਰੀ ਸਾਧੂ ਨੂੰ ਟਿਕਾ ਦਿਤਾ। ਹੋਰ ਸਾਰਿਆਂ ਦੀਆਂ ਕੋਠੀਆਂ ਨਿਤਾਪ੍ਰਤਿ ਇਕ, ਦੂਜੇ, ਤੀਜੇ, ਚੌਥੇ ਨਾਲ ਬਦਲੀਆਂ ਜਾਇਆ ਕਰਨ ਪਰ ਸਾਡੀਆਂ ਕੋਠੀਆਂ ਦੀ ਬਦਲਾ ਸਦਲੀ ਉਥੇ ਹੀ ਅਸਥਿਰ ਰਹਿ ਖੜੋਤੀ। ਸੋ ਸਗੋਂ ਚੰਗਾ ਹੋਇਆ, ਨਿਕ ਦੀ ਅਕਾਬਾਜ਼ੀ ਮੁਕੀ ਅਤੇ ਲਾਭ ਇਹ ਭੀ ਹੋਇਆ ਕਿ ਨਿਤ ਨਵੇਂ ਸੱਜਣ ਸਾਡੇ ਨੇੜੇ ਆ ਜਾਇਆ ਕਰਨ। ਜਿਸ ਬਲਾਕ ਵਿਚ ਸਾਨੂੰ ਬੰਦ ਕੀਤਾ ਗਿਆ ਉਸ ਵਿਚ 20 ਕੋਠੀਆਂ ਸਨ ਅਤੇ ਵੀਹਾਂ ਵਿਚ ਵੀਹ ਸੱਜਣ ਹੀ ਅਡੋ ਅਡ ਬੰਦ ਕੀਤੇ ਜਾਂਦੇ ਸਨ। ਅਠਾਰਾਂ ਦੀ ਬਦਲੀ ਉਨ੍ਹਾਂ ਹੀ ਅਠਾਰ੍ਹਾਂ ਕੋਠੀਆਂ ਅੰਦਰ ਐਧਰ ਓਧਰ ਹੁੰਦੀ ਰਹੇ। ਪਰੰਤੂ ਜਿੰਦੇ ਵਜੇ ਜੰਗਲਿਆਂ ਅੰਦਰ ਤਾੜੇ ਹੋਏ ਸਿੰਘ ਸੂਰਬੀਰਾਂ ਦੇ ਅਜਿਹੇ ਬੋਲ ਬਾਲੇ ਕਿ ਸ਼ੇਰਾਂ ਵਾਂਗੂੰ ਹੀ ਬਾਣੀਆਂ ਪੜ੍ਹਿ ਪੜ੍ਹਿ ਗੱਜਣ ਅਤੇ ਜਿਉਂ ਜਿਉਂ ਸ਼ੇਰ ਗੱਜਣ ਤਿਉਂ ਤਿਉਂ ਕੋਠੀਆਂ ਗੂੰਜਣ। ਇਕ ਜਣਾਂ ਬਾਣੀ ਪੜ੍ਹੇ ਤਾਂ ਸਾਰੀਆਂ ਕੋਠੀਆਂ ਵਿਚ ਸੁਣਾਈ ਦੇਵੇ। ਰਾਤ ਨੂੰ ਤਾਂ ਦੂਰ ਦੂਰ ਸਾਰੇ ਜੇਲ੍ਹ ਅਹਾਤਿਆਂ ਵਿਚ ਪਾਠਾਂ ਦੀ ਧੁਨੀ ਸੁਣੇ। ਗੱਲ ਕੀ ਬਾਣੀਆਂ ਦੇ ਪਾਠਾਂ ਦਾ ਅਜੇਹਾ ਪ੍ਰਵਾਹ ਚੱਲਿਆ ਕਿ ਚੱਤੋ ਪਹਿਰ ਕਿਸੇ ਵੇਲੇ ਠੱਲੇ ਹੀ ਨਾ। ਸੰਗਤ ਦੇ ਪ੍ਰਭਾਵ ਕਰਕੇ ਸਭ ਨੂੰ ਵੱਧ ਤੋਂ ਵੱਧ ਬਾਣੀਆਂ ਕੰਠ ਕਰਨ ਤੇ ਸੁਣਨ ਦੀ ਚੌਂਪ ਸਦੀਵ ਲੱਗੀ ਹੀ ਰਹੇ। ਪ੍ਰੇਮ ਪਾਠਾਂ ਦੇ ਕਰਨ ਅਤੇ ਸੁਣਨ ਸੁਣਾਵਣ ਦੀ ਅਜਿਹੀ ਹੁੱਬ ਭਰੀ ਰੀਝ ਰਿਝਾਇਤ ਹੋਈ ਕਿ ਕਿਸੇ ਵੇਲੇ ਸੁਰਤੀ ਤੇ ਅੱਖ ਉਘੜਨੀ ਹੀ ਨਾ ਪਾਵੇ। ਅਜਿਹਾ ਪ੍ਰੇਮ ਪਿਆਰ ਪ੍ਰਸਪਰ ਉਪਜਿਆ ਕਿ ਇਕ ਦੂਜੇ ਨੂੰ 'ਭਾਈ ਸਾਹਿਬ' ਭਾਈ ਸਾਹਿਬ ਕਰਕੇ ਬੁਲਾਵਣ। ਅੰਮ੍ਰਿਤ ਰੂਪੀ ਬਾਣੀ ਦੀ ਅੰਮ੍ਰਿਤ ਕਲਾ ਅਜਿਹੀ ਵਰਤੀ ਕਿ ਈਰਖਾ, ਦ੍ਵੈਖ, ਬਖੀਲੀ, ਕਿਬਰ, ਤਕੱਬਰੀ ਕਿਸੇ ਨੂੰ ਸੁਪਨੇ ਮਾਤਰ ਭੀ ਨਾ ਫੁਰੇ। ਬਾਣੀਓਂ ਸੁੰਞੇ ਵੰਞੇ ਹਿਰਦਿਆਂ ਵਾਲੀ ਬਿਲਲ-ਬਿਲਲਾਹਟ ਸਭ ਦੂਰ ਅਤੇ ਚਕਨਾਚੂਰ ਹੋ ਗਈ। ਕੋਈ ਕੋਈ ਕੋਰੜ ਭਾਵੇਂ ਸੁੰਞਾ ਸੁੰਞਾ ਰਹਿ ਗਿਆ ਹੋਵੇ। ਨਾ ਕੋਈ ਕੰਮ ਨਾ ਕੋਈ ਧੰਦਾ। ਕੇਵਲ ਨਾਮ ਬਾਣੀ ਦਾ ਆਹਰ। ਸੱਚੜਾ ਭਵਤਾਰ ਆਹਰ। ਨਾ ਭੋਜਨ ਛਕਣ ਦੀ ਚਿੰਤਾ ਨਾ ਸੰਸਾਰ ਕੁਟੰਭੀਆਂ ਦੀ ਮੋਹ ਮਮਤਾ। ਸੁਖਮਨੀ ਸਾਹਿਬ ਦੀ ਬਾਣੀ ਤਾਂ ਬਹੁਤ ਸਾਰਿਆਂ ਦੇ ਕੰਠ ਹੋ ਗਈ। ਪਾਠ ਸਰਵਣ ਦੀ ਵਾਰੀ ਨਾ ਆਵੇ। ਅਖੰਡ ਪਰਵਾਹ ਚਲ ਪਿਆ। ਕਈ ਪ੍ਰੇਮੀਆਂ ਨੇ ਤਾਂ ਸਮੁੱਚੀ ਪੰਜ ਗ੍ਰੰਥੀ ਹੀ ਕੰਠ ਕਰ ਲਈ। ਅਕਾਲ ਉਸਤਤਿ ਤੇ ਸ੍ਰੀ ਕਾਲ ਜੀ ਕੀ ਉਸਤਤਿ ਬਚਿੱਤਰ ਨਾਟਕ ਵਿਚੋਂ ਬਹੁਤਿਆਂ ਦੇ ਕੰਠ ਹੋ ਗਈ। ਰਾਤ ਦੇ ਦੋ ਵਜੇ ਤੋਂ ਦਿਨ ਚੜ੍ਹੇ ਜਿੰਦਰਾ ਖੁਲ੍ਹਣ ਤਕ ਬਾਣੀ ਦਾ ਤੋੜ ਅਖੰਡ ਪਰਵਾਹ ਚੱਲੇ। ਰਾਤ ਨੂੰ ਆਥਣੇ ਬੰਦ ਹੋਣ ਤੋਂ ਪਹਿਲਾਂ ਹੀ ਜਲ ਦੀਆਂ ਬਾਲਟੀਆਂ ਭਰ ਕੇ ਅੰਦਰ ਜੰਗਲੇ ਕੋਲ ਰੱਖ ਲਈਆਂ ਜਾਣ। ਇਕ ਵਜੇ ਹੀ ਉਠ ਕੇ ਇਸ਼ਨਾਨੇ ਸੋਧੇ ਜਾਣ। ਵੀਰ ਭਾਈ ਅਤਰ ਸਿੰਘ ਜੀ ਦੀ ਕੋਠੀ ਅਕਸਰ ਮੇਰੇ ਲਾਗ ਪਾਸ ਹੀ ਰਿਹਾ ਕਰੇ। ਅਤੇ ਅਥੱਕ ਪ੍ਰੇਮ ਆਨੰਦੀ ਵੀਰ ਗੁਰਬਾਣੀ ਦੇ ਅਖੰਡ ਪਰਵਾਹ ਚਲਾਇਕੇ ਇਕ ਅਦੁੱਤੀ ਅਨੰਦ ਰਸ ਬੰਨ੍ਹ ਦਿਆ ਕਰਨ। ਦਿਨ ਚੜ੍ਹੇ ਨਿਤ ਕ੍ਰਿਆ ਸੋਚ ਆਦਿਕ ਤੋਂ ਫਾਰਗ ਹੋ ਕੇ ਫੇਰ ਪਾਠਾਂ ਦੇ ਦੌਰ ਚਲ ਪੈਣੇ। ਕਦੇ ਕੋਈ ਪ੍ਰੇਮੀ ਪਾਠ ਸੁਨਾਵੇ ਕਦੇ ਕੋਈ, ਵਾਰ ਨਾ ਪਵੇ। ਛਕਣ ਛਕਾਉਣ ਦਾ ਸਮਾਂ ਹੀ ਸਮਾਂ ਅਵੇਸਲਾ ਜਾਵੇ, ਨਹੀਂ ਤਾਂ ਸਾਰਾ ਦਿਨ ਪਾਠ ਅਭਿਆਸ ਵਿਚ ਬਤੀਤ ਹੋਵੇ। ਸੋਹਣੇ ਲੇਖੇ ਲਗ ਕੇ ਬਤੀਤ ਹੋਵੇ। ਆਥਣੇ ਕੋਠੀਆਂ ਵਿਚ ਬੰਦ ਹੋਣ ਸਾਰ ਇਕ ਸੱਜਣ ਰੋਜ਼ ਰੌਲ ਸੁਧੇ ਸ੍ਰੀ ਰਹਿਰਾਸ ਸਾਹਿਬ ਦਾ ਪਾਠ ਸੁਣਾਏ ਅਤੇ ਬਾਕੀ ਸਾਰੇ ਸੱਜਣ ਸੁਣਨ। ਇਵੇਂ ਜਿਵੇਂ ਹੀ ਪਿਛਲੇ ਜੋਹਾਂ ਸੈਲ ਬਲਾਕਾਂ ਵਿਚ ਭੀ ਇਹੋ ਵਰਤਾਰਾ ਵਰਤਦਾ ਰਹੇ। ਰਹਿਰਾਸ ਦੇ ਪਾਠ ਪਸਚਾਤ ਜੈਕਾਰੇ ਗਜਾਏ ਜਾਣ, ਜਿਨ੍ਹਾਂ ਦੇ ਨਾਲ ਉਦਾਲੇ ਦਾ ਜੰਗਲ ਗੂੰਜ ਉਠੇ। ਰਹਿਰਾਸ ਦਾ ਭੋਗ ਪੈਣ ਸਾਰ ਅਤੇ ਜੈਕਾਰਿਆਂ ਦੀ ਗੁੰਜਾਰ ਠੱਲਣ ਸਾਰ ਹੀ ਦਿਨ ਰੈਣ, ਬਾਰਾਂਮਾਹਾ ਤੁਖਾਰੀ, ਬਾਰਾਮਾਹਾ ਮਾਂਝ, ਫੁਨੇਹ, ਚਉਬੋਲੇ, ਬਿਰਹੜੇ ਆਦਿਕ ਬਾਣੀਆਂ ਦੇ ਪ੍ਰੇਮ ਪਾਠ ਹੋਇਆ ਕਰਨ। ਫੇਰ ਨੌਂ ਸਾਢੇ ਨੌਂ ਅਥਵਾ ਦੱਸ ਵਜੇ ਕੀਰਤਨ ਸੋਹਿਲੇ ਦਾ ਪਾਠ ਪੜ੍ਹ ਸੁਣ ਕੇ ਸਭ ਸੱਜਣਾਂ ਨੇ ਗੁਪਤ ਹੋ ਜਾਣਾ। ਗੁਪਤ ਅਭਿਆਸੀਆਂ ਨੇ ਨਾਮ ਅਭਿਆਸ ਵਿਚ ਜੁਟ ਜਾਣਾ ਅਤੇ ਜੁਟੇ ਜੁਟਾਏ ਹੀ ਗੁੱਟ ਹੋ ਜਾਣਾ। ਅੰਮ੍ਰਿਤ ਵੇਲੇ ਉਠਨਸਾਰ ਪਹਿਲਾਂ ਜਪੁਜੀ ਸਾਹਿਬ, ਹਜ਼ਾਰੇ ਦੇ ਸ਼ਬਦ, ਜਾਪ ਸਾਹਿਬ, ਹਜ਼ਾਰੇ ਦੇ ਸ਼ਬਦ ਪਾਤਸ਼ਾਹੀ ੧੦, ਅਤੇ ਸਵੱਈਏ ਆਦਿਕ ਦਾ ਪਾਠ ਹੋ ਕੇ ਸ੍ਰੀ ਆਸਾ ਜੀ ਦੀ ਵਾਰ ਸ਼ਬਦ ਛੱਕਿਆਂ ਸਮੇਤ ਅਲਾਪਨਾ ਹੋਣੀ। ਫੁਨੇਹ, ਸੁਖਮਨੀ ਸਾਹਿਬ, ਸੁਖਮਨਾ ਸਾਹਿਬ, ਬਾਵਨ ਅਖਰੀ, ਅਕਾਲ ਉਸਤਤਿ ਆਦਿਕ ਬਾਣੀਆਂ ਦੇ ਪਾਠਾਂ ਦੇ ਸੁਰਤਿ ਸਰੋਤ ਆਨੰਦ ਮੰਗਲ ਹੋਣੇ। ਨਿਤਾ ਪ੍ਰਤੀ ਰੌਲ ਸੁਧੇ ਨਿਤ ਨਵੇਂ ਸੱਜਣ ਪਾਠ ਸੁਨਾਵਨ। ਸੁਖਮਨੀ ਸਾਹਿਬ ਆਦਿਕ ਬਾਣੀਆਂ ਦੇ ਰਸੀਏ ਪਾਠੀ



Sri Satguru Jagjit Singh Ji eLibrary NamdhariElibrary@gmail.com

ਸੱਜਣ ਇਹ ਸਨ ਜਿਨ੍ਹਾਂ ਵਿਚੋਂ ਕਈਆਂ ਨੇ ਦਿਨਾਂ ਵਿਚ ਹੀ ਬਾਣੀਆਂ ਕੰਠ ਕਰ ਲਈਆਂ ਅਤੇ ਕਈ ਸੱਜਣਾਂ ਦੇ ਪਹਿਲਾਂ ਹੀ ਕੰਠ ਸਨ - 1. ਵੀਰ ਭਾਈ ਅਤਰ ਸਿੰਘ ਜੀ, 2. ਭਾਈ ਲਾਲ ਸਿੰਘ ਜੀ ਨਾਰੰਗਵਾਲੀਏ 3. ਭਾਈ ਬੋਘ ਸਿੰਘ ਜੀ (ਝਾੜ ਸਾਹਿਬ ਵਾਲੇ) 4. ਭਾਈ ਗੁਜਰ ਸਿੰਘ ਜੀ (ਭਕਨਾ) 5. ਭਾਈ ਹਰਨਾਮ ਸਿੰਘ ਜੀ (ਰਸੂਲ ਪੁਰੀਏ) 6. ਭਾਈ ਹਰਨਾਮ ਸਿੰਘ ਜੀ (ਗੁਜਰਵਾਲੀਏ) 7. ਵੀਰ ਸੱਜਣ ਸਿੰਘ ਜੀ (ਨਾਰੰਗਵਾਲੀਏ) 8. ਭਾਈ ਕਰਤਾਰ ਸਿੰਘ ਜੀ ਨਵੇਂ ਚੰਦ ਵਾਲੇ 9. ਭਾਈ ਹਰੀ ਸਿੰਘ ਜੀ ਕੈਨੇਡੀਅਨ (ਚੋਟੀਆਂ) 10. ਭਾਈ ਮਹਾਰਾਜ ਸਿੰਘ ਜੀ 11. ਵੀਰ ਨਾਰਾਇਣ ਸਿੰਘ ਉਰਫ ਕਰਤਾਰ ਸਿੰਘ ਜੀ ਪਟਿਆਲੇ ਵਾਲੇ 12. ਭਾਈ ਦਲ ਸਿੰਘ ਜੀ ਉਰਫ ਪਾਲਾ ਸਿੰਘ (ਢੁਡੀਕੇ)। ਏਨ੍ਹਾਂ ਵੀਰਾਂ ਦੇ ਕਈ ਕਈ ਵੱਡੀਆਂ ਵੱਡੀਆਂ ਬਾਣੀਆਂ ਕੰਠ ਸਨ, ਕਿਥੇ ਤਕ ਵਰਨਣ ਕਰਕੇ ਸੁਣਾਈਏ।


Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਸੰਤ ਬਾਬਾ ਵਰਿਆਮ ਸਿੰਘ ਜੀ ਦੀ ਮਿੱਠੀ ਯਾਦ ਨੂੰ ਸਮਰਪਿਤ ਚਾਰ ਦਿਨ ਦੇ ਮਹਾਨ ਗੁਰਮਤਿ ਸਮਾਗਮ ਗੁਰੂ ਮਹਾਰਾਜ ਜੀ ਦੀ ਕ੍ਰਿਪਾ ਸਦਕਾ ਬੜੇ ਪਿਆਰ, ਸਤਿਕਾਰ ਤੇ ਸਫਲਤਾ ਨਾਲ ਸੰਪੰਨ ਹੋਏ।

**ਮਿਤੀ 30 ਅਕਤੂਬਰ 2002 ਦਿਨ ਬੁੱਧਵਾਰ** ਦਾ ਦਿਨ ਸੰਤ ਬਾਬਾ ਵਰਿਆਮ ਸਿੰਘ ਜੀ ਦੀ ਨਿੱਘੀ ਯਾਦ ਨੂੰ ਸਮਰਪਿਤ ਚਾਰ ਦਿਨ ਦੇ ਮਹਾਨ ਗੁਰਮਤਿ ਸਮਾਗਮ ਦਾ ਪਹਿਲਾ ਦਿਨ ਹੈ। ਮਹਾਂਪੁਰਸ਼ਾਂ ਦੇ ਪਿਆਰ ਵਿਚ ਸੰਗਤਾਂ ਇਕ ਦਿਨ ਪਹਿਲਾਂ ਤੋਂ ਹੀ ਵਹੀਰਾਂ ਘੱਤ ਕੇ ਪੁੱਜ ਰਹੀਆਂ ਹਨ। ਗੱਡੀਆਂ ਦੀ ਆਵਾਜਾਈ ਦੀ ਸਹੂਲਤ ਨੂੰ ਮੁੱਖ ਰਖਦਿਆਂ ਚੰਡੀਗੜ੍ਹ-ਮੁਲਾਂਪੁਰ ਸੜਕ ਦੇ ਮੋੜ ਤੋਂ ਜਿਥੋਂ ਸੰਤ ਈਸ਼ਰ ਸਿੰਘ ਮਾਰਗ ਆਰੰਭ ਹੁੰਦਾ ਹੈ, ਰਤਵਾੜਾ ਸਾਹਿਬ ਕੰਪਲੈਕਸ ਤਕ ਸਾਰੀ ਸੜਕ ਤੇ ਲੁਕ-ਬਜਰੀ ਦੀ ਨਵੀਂ ਵਿਛਾਈ ਕਰ ਦਿਤੀ ਗਈ ਹੈ, ਥਾਂ ਪਰ ਥਾਂ ਜੀ ਆਇਆਂ ਦੇ ਬੈਨਰ ਸੰਗਤਾਂ ਦਾ ਸਵਾਗਤ ਕਰ ਰਹੇ ਹਨ, ਸਾਰੇ ਰਸਤੇ ਤੇ ਲਾਊਡ ਸਪੀਕਰ ਲਾ ਦਿਤੇ ਗਏ ਹਨ ਤਾਕਿ ਆਉਂਦੀਆਂ ਜਾਂਦੀਆਂ ਸੰਗਤਾਂ ਹੋ ਰਹੇ ਪ੍ਰੋਗਰਾਮ ਦਾ ਵੱਧ ਤੋਂ ਵੱਧ ਲਾਭ ਲੈ ਸਕਣ। ਕੰਪਲੈਕਸ ਵਿਚ ਬੜੀ ਸਜਾਵਟ ਹੈ, ਬੜੀ ਸਫਾਈ ਹੈ, ਸੋਹਣੇ ਬਗੀਚੇ, ਹਰਿਆਵਲੇ ਬੂਟੇ, ਰੰਗ ਬਰੰਗੇ ਫੁੱਲ ਸੰਗਤਾਂ ਦੇ ਮਨ ਨੂੰ ਖੇੜਾ ਬਖਸ਼ਣ ਦੀ ਕੋਸ਼ਿਸ਼ ਕਰ ਰਹੇ ਹਨ ਪਰ ਸਭ ਦੇ ਅੰਦਰ ਇਕ ਦਰਦ ਦੀ ਭਾਵਨਾ ਹੈ। ਸਭ ਕੁਝ ਵਧੀਆ ਹੋ ਰਿਹਾ ਹੈ - ਪਾਰਕਿੰਗ, ਲੰਗਰ, ਜੋੜਾ ਘਰ, ਆਤਮ ਮਾਰਗ ਸਟਾਲ, ਆਡੀਓ ਵੀਡੀਓ, ਸੀ.ਡੀ. ਸਟਾਲ ਅਤੇ ਹੋਰ ਸੇਵਾਵਾਂ ਇਕ ਤੋਂ ਇਕ ਵੱਧ ਉਤਸ਼ਾਹ ਨਾਲ ਨਿਭਾਈਆਂ ਜਾ ਰਹੀਆਂ ਹਨ। ਸਭ ਸਿੰਘਾਂ, ਸੰਗਤਾਂ, ਸੇਵਕਾਂ ਵਿਚ ਪਿਆਰ, ਮਿਲਾਪ, ਏਕੇ ਦੀ ਭਾਵਨਾ ਹੈ ਪਰ ਫਿਰ ਵੀ ਹਰੇਕ ਦੇ ਅੰਦਰ ਪਿਆਰੇ ਦੇ ਪ੍ਰਤੱਖ ਦਰਸ਼ਨ ਦੀਦਾਰਾਂ ਤੋਂ ਵਾਂਝਿਆਂ ਹੋਣ ਦਾ ਦਰਦ ਹੈ, ਉਹ ਪੀੜਾ ਅੱਜ ਸੇਜਲ ਅੱਖਾਂ ਰਾਹੀਂ ਪ੍ਰਤੱਖ ਹੁੰਦੀ ਦਿਸ ਆਉਂਦੀ ਹੈ। ਭਾਈ ਵੀਰ ਸਿੰਘ ਜੀ ਨੇ ਇਸ ਪ੍ਰਤੀ ਠੀਕ ਹੀ ਕਿਹਾ ਹੈ -

***ਮਿੱਠੇ ਤਾਂ ਲਗਦੇ ਮੈਨੂੰ ਫੁੱਲਾਂ ਦੇ ਹੁਲਾਰੇ***
***ਪਰ ਜਾਨ ਮੇਰੀ ਕੁਸਦੀ।***

ਅੱਜ ਸਵੇਰੇ ਅੱਠ ਵਜੇ ਸਮਾਗਮ ਦੀ ਸਫਲਤਾ ਲਈ ਭਾਈ ਸਾਹਿਬ ਭਾਈ ਲਖਬੀਰ ਸਿੰਘ ਜੀ, ਬਾਬਾ ਹਰਪਾਲ ਸਿੰਘ ਜੀ, ਸ੍ਰੀ ਮਾਨ ਜੀ ਅਤੇ ਸਮੂੰਹ ਸੰਗਤਾਂ ਗੁਰੂ ਮਹਾਰਾਜ ਦੇ ਸਨਮੁਖ ਜੁੜੀਆਂ। ਗੁਰੂ ਮਹਾਰਾਜ ਦੇ ਸਨਮੁਖ ਅਰਦਾਸਾ ਸੋਧ ਕੇ ਹੁਕਮਨਾਮਾ ਲਿਆ ਗਿਆ। ਫੁਰਮਾਨ ਸੀ -

***ਸੂਹੀ ਮਹਲਾ ੫***
***ਸਾਧਸੰਗਿ ਤਰੈ ਭੈ ਸਾਗਰੁ॥***
***ਹਰਿ ਹਰਿ ਨਾਮੁ ਸਿਮਰਿ ਰਤਨਾਗਰੁ॥***
***ਸਿਮਰਿ ਸਿਮਰਿ ਜੀਵਾ ਨਾਰਾਇਣ॥***
***ਦੂਖ ਰੋਗ ਸੋਗ ਸਭਿ ਬਿਨਸੇ***
***ਗੁਰ ਪੂਰੇ ਮਿਲਿ ਪਾਪ ਤਜਾਇਣ॥ ਰਹਾਉ॥***
***ਜੀਵਨ ਪਦਵੀ ਹਰਿ ਕਾ ਨਾਉ॥***
***ਮਨੁ ਤਨੁ ਨਿਰਮਲੁ ਸਾਚੁ ਸੁਆਉ॥***
***ਆਠ ਪਹਰ ਪਾਰਬ੍ਰਹਮੁ ਧਿਆਈਐ॥***
***ਪੂਰਬਿ ਲਿਖਤੁ ਹੋਇ ਤਾ ਪਾਈਐ॥***
***ਸਰਣਿ ਪਏ ਜਪਿ ਦੀਨ ਦਇਆਲਾ॥***
***ਨਾਨਕੁ ਜਾਚੈ ਸੰਤ ਰਵਾਲਾ॥*** ***ਪੰਨਾ - 744***

ਪਰਾਰੰਭਕ ਕੀਰਤਨ ਹਜ਼ੂਰੀ ਰਾਗੀ ਭਾਈ ਸਾਹਿਬ ਸਿੰਘ ਰਤਵਾੜਾ ਸਾਹਿਬ ਨੇ ਮਿੱਠੀ ਤੇ ਸੁਰੀਲੀ ਆਵਾਜ਼ ਵਿਚ ਕੀਤਾ। ਉਪਰੰਤ ਕਰਮਵਾਰ ਭਗਤ ਤ੍ਰਿਲੋਚਨ ਸਿੰਘ ਜੀ, ਗਿਆਨੀ ਉਜਾਗਰ ਸਿੰਘ ਜੀ ਅਤੇ ਭਾਈ ਪਾਲ ਸਿੰਘ ਜੀ ਨੇ ਵਾਰੋ ਵਾਰੀ ਸ਼ਬਦ ਕੀਰਤਨ ਦੀ ਹਾਜ਼ਰੀ ਭਰੀ ਅਤੇ ਅਤੇ ਮਹਾਂਪੁਰਸ਼ਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਮਹਾਂਪੁਰਸ਼ਾਂ ਵਲੋਂ ਸੰਚਾਲਤ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ ਦੇ ਬੱਚਿਆਂ ਨੇ ਸੁਰੀਲੀ ਮਿੱਠੀ ਆਵਾਜ਼ ਵਿਚ ਸ਼ਬਦ ਦੀ ਹਾਜ਼ਰੀ ਭਰੀ ਅਤੇ ਬੱਚੀ ਪਵਨੀਤ ਕੌਰ ਨੇ ਮਹਾਂਪੁਰਸ਼ਾਂ ਦੇ ਜੀਵਨ ਤੇ ਚਾਨਣ ਪਾਇਆ। ਮਹਾਂਪੁਰਸ਼ਾਂ ਨੂੰ ਸਮਰਪਿਤ ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ ਦੇ ਬੱਚਿਆਂ ਨੇ ਬੜੇ ਸੁਚੱਜੇ ਢੰਗ ਨਾਲ ਸ਼ਬਦ ਗਾਇਨ ਕੀਤਾ।

ਹਜ਼ੂਰੀ ਰਾਗ ਗਿਆਨੀ ਸਾਹਿਬ ਸਿੰਘ ਜੀ ਨੇ ਵੈਰਾਗਮਈ ਰੰਗ ਵਿਚ ਇਹ ਸ਼ਬਦ ਗਾਇਨ ਕੀਤਾ -

***ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ॥***
***ਪੰਨਾ - 23***

ਉਪਰੰਤ ਡਾ. ਸਮਸ਼ੇਰ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲੇ ਵਾਲਿਆਂ ਨੇ 'ਸੰਤ ਅਨੰਤਹਿ ਅੰਤਰੁ ਨਾਹੀ' ਵਿਸ਼ੇ ਤੇ ਬੋਲਦਿਆਂ ਸੰਤ ਜਨਾ ਦੀ ਉਚੀ ਆਤਮਿਕ ਅਵਸਥਾ ਤੇ ਭਰਪੂਰ ਚਾਨਣ ਪਾਇਆ। ਉਨ੍ਹਾਂ ਦੱਸਿਆ ਕਿ ਮਹਾਂਪੁਰਸ਼ਾਂ ਦੀ ਬੜੀ ਉਚੀ ਅਨੁਭਵੀ ਆਤਮਿਕ ਅਵਸਥਾ ਹੁੰਦੀ ਹੈ ਜਿਸ ਨੂੰ ਦਸਣਾ ਜਾਂ ਲਿਖਣਾ ਬੜਾ ਕਠਨ ਹੈ। ਵਿਆਖਿਆ ਕਰਦਿਆਂ ਉਨ੍ਹਾਂ ਦੱਸਿਆ ਕਿ ਪ੍ਰਭੂ ਰਚਨਾ ਨਾਨਾ ਪ੍ਰਕਾਰ ਦੀ ਹੈ ਅਤੇ ਸਰਬ ਰਚਨਾ ਵਿਚ ਜੀਵਨ ਹੈ, ਹਿਲਜੁਲ ਹੈ, ਜੰਮਣ ਮਰਣ ਹੈ। ਸਾਰੇ ਜੀਵਨ ਨੂੰ ਚਾਰ ਅੰਗਾਂ ਵਿਚ ਵੰਡ ਸਕਦੇ ਹਾਂ, ਪੱਥਰ ਜੀਵਨ, ਪ੍ਰਕ੍ਰਿਤੀ, ਪਸ਼ੂ, ਪੰਛੀ ਅਤੇ ਮਨੁੱਖੀ ਜੀਵਨ। ਪੱਥਰ ਜੀਵਨ ਵਿਚ ਵੀ ਚੇਤਨਤਾ ਹੈ, ਇਹ ਚੇਤਨਾ 25 ਪ੍ਰਤੀਸ਼ਤ ਹੈ, ਪ੍ਰਕ੍ਰਿਤੀ



Sri Satguru Jagjit Singh Ji eLibrary NamdhariElibrary@gmail.com

ਵਿਚ 50 ਪ੍ਰਤੀਸ਼ਤ ਹੈ, ਪਸ਼ੂ ਪੰਛੀਆਂ ਵਿਚ 75 ਪ੍ਰਤੀਸ਼ਤ ਹੈ ਅਤੇ ਮਨੁੱਖ ਵਿਚ ਇਹ ਸੌ ਫੀ ਸਦੀ ਹੈ ਪਰ ਇਹ ਅਵਸਥਾ ਜਾਗਰਿਤ ਮਨੁੱਖ ਵਿਚ ਹੁੰਦੀ ਹੈ, ਜਿਹੜਾ ਮਨੁੱਖ ਪੰਜ ਭੌਤਿਕ ਸਰੀਰ ਤੋਂ ਉਪਰ ਉਠ ਜਾਂਦਾ ਹੈ, ਉਸ ਦੀ ਆਤਮਾ ਹੀ ਪ੍ਰਕਾਸ਼ਮਾਨ ਹੁੰਦੀ ਹੈ, ਤਦੋਂ ਉਸ ਵਿਚ ਅਸੀਮਤਾ, ਅਨੰਤਤਾ ਆ ਜਾਂਦੀ ਹੈ, ਹਉਮੈ ਦੀ ਦੀਵਾਰ ਟੁੱਟ ਜਾਂਦੀ ਹੈ ਅਤੇ ਅਨੰਤ ਵਿਚ ਜਾ ਮਿਲਦਾ ਹੈ। ਉਹ ਧਰਮਖੰਡ, ਗਿਆਨਖੰਡ, ਸਰਮਖੰਡ, ਕਰਮਖੰਡ, ਤੋਂ ਬਾਅਦ ਕਰਮਖੰਡ ਹੈ, ਸਰਮਖੰਡ ਲੰਘ ਕੇ ਹੀ ਸੱਚਖੰਡ ਵਿਚ ਜਾ ਵਸਦਾ ਹੈ। ***'ਸਚਖੰਡ ਵਸਹਿ ਨਿਰੰਕਾਰ'*** ਏਥੇ ਮਨੁੱਖ ਦਾ ਆਪਣਾ ਆਪਾ ਮੁੱਕ ਜਾਂਦਾ ਹੈ ਤੇ ਉਹ ਅਗੰਮ ਅਗੋਚਰ, ਅਨੰਤ ਦਾ ਭਾਗ ਬਣ ਜਾਂਦਾ ਹੈ। ਸੰਤ ਦਾ ਸਬੰਧ ਭੇਖ ਨਾਲ ਨਹੀਂ ਹੁੰਦਾ, ਅੰਦਰਲੇ ਅਨੁਭਵ ਨਾਲ ਹੁੰਦਾ ਹੈ। ਸੰਤ, ਬ੍ਰਹਮਗਿਆਨੀ ਸਾਧ, ਹਰਿ ਜਨ ਵਿਚ ਕੋਈ ਅੰਤਰ ਨਹੀਂ ਹੁੰਦਾ। ਮਹਾਂਪੁਰਸ਼ਾਂ ਦਾ ਅਸਲ ਸਰੂਪ ਉਨ੍ਹਾਂ ਦਾ ਬ੍ਰਹਿਮੰਡੀ ਅਨੁਭਵ ਸੀ ਜਿਸ ਵਿਚ ਵਿਚਰਦਿਆਂ, ਨਾਮ ਜਪਦਿਆਂ ਅਤੇ ਜਪਾਂਦਿਆਂ ਆਪ ਜੀ ਨੇ ਇਹ ਜੀਵਨ ਯਾਤਰਾ ਸਫਲ ਤੇ ਸੰਪੰਨ ਕੀਤੀ।

ਉਪਰੰਤ ਸੰਤ ਗੁਰਚਰਨ ਸਿੰਘ ਜੀ ਅਤੇ ਉਨ੍ਹਾਂ ਦੇ ਜਥੇ ਨੇ ਅੱਧੇ ਘੰਟੇ ਲਈ ਮਨੋਹਰ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਮਹਾਂਪੁਰਸ਼ਾਂ ਦੇ ਜੀਵਨ ਵਿਚੋਂ ਪਰਉਪਕਾਰ ਦੇ ਉਦਾਹਰਣ ਦਿੰਦਿਆਂ ਸੰਤ ਮਨਜੀਤ ਸਿੰਘ ਹਰਖੋਵਾਲ ਵਾਲਿਆਂ ਨੇ ਆਪਣੇ ਅਨੁਭਵੀ ਪ੍ਰਵਚਨਾਂ ਰਾਹੀਂ ਦੱਸਿਆ ਕਿ ਮਹਾਂਪੁਰਸ਼ਾਂ ਦੀ ਸਦਾ ਹੀ ਲੋੜ ਰਹੀ ਹੈ ਅਤੇ ਰਹਿੰਦੀ ਹੈ। ਸੰਸਾਰ ਵਿਚ ਹਰ ਤਰ੍ਹਾਂ ਦੀਆਂ ਜੀਵਨ ਲਹਿਰਾਂ ਚਲ ਰਹੀਆਂ ਹਨ। ਦੁਨਿਆਵੀ ਸੰਸਾਰ ਚਲਾਉਣ ਲਈ ਵੀ ਮਾਹਰ ਹਨ, ਵਿਗਿਆਨੀ ਹਨ, 'ਸਤਿਪੁਰਖ' ਨੂੰ ਜਾਨਣ ਵਾਲੇ ਵੀ ਮਹਾਂਪੁਰਸ਼ ਹਨ। ਗੁਰਵਾਕ ਹੈ –

***ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ॥***
***ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ॥***

***ਪੰਨਾ – 286***

ਸਤਿਪੁਰਸ਼ ਨੂੰ, ਬ੍ਰਹਮ ਨੂੰ ਜਾਨਣ ਵਾਲਾ ਹੀ ਸਤਿਪੁਰਸ਼, ਮਹਾਂਪੁਰਸ਼, ਬ੍ਰਹਮਗਿਆਨੀ ਹੁੰਦਾ ਹੈ, ਉਹ ਹੀ ਅਗੋਂ ਬ੍ਰਹਮਵਿਦਿਆ ਦੇਣ ਯੋਗ ਹੁੰਦਾ ਹੈ। ਹਰਖੋਵਾਲ ਦੇ ਸੰਤਾਂ ਮਹਾਂਪੁਰਸ਼ਾਂ ਦੇ ਜੀਵਨ ਦੀਆਂ ਅਨੇਕ ਉਦਾਹਰਣਾਂ ਸਿੱਧ ਕਰਦੀਆਂ ਹਨ ਕਿ ਉਹ ਸਦਾ ਬ੍ਰਹਮਲੀਨ ਰਹਿੰਦੇ ਸਨ। ਜਿਵੇਂ ਸਰੀਰ ਦੇ ਇਲਾਜ ਵਾਸਤੇ ਡਾਕਟਰ ਦੀ ਲੋੜ ਹੈ, ਰੋਗ ਦੀ ਤਫਤੀਸ਼ ਦੀ ਲੋੜ ਹੈ, ਉਸ ਅਨੁਸਾਰ ਦਵਾਈਆਂ ਅਤੇ ਪ੍ਰਹੇਜ਼ ਦੀ ਲੋੜ ਹੁੰਦੀ ਹੈ ਤਿਵੇਂ ਮਨ ਦੇ ਰੋਗਾਂ ਲਈ, ਅੰਦਰ ਦੇ ਕਸ਼ਟਾਂ ਦੀ ਪਛਾਣ ਅਤੇ ਨਵਿਰਤੀ ਲਈ ਅਨੁਭਵੀ ਮਹਾਂਪੁਰਸ਼ਾਂ ਦੀ ਲੋੜ ਹੁੰਦੀ ਹੈ। ਮਹਾਂਪੁਰਸ਼ਾਂ ਪਾਸ ਜਾਉਗੇ ਤਾਂ ਰੋਗ ਵੀ ਦਸਦੇ ਹਨ ਅਤੇ ਇਲਾਜ ਵੀ ਦਸਦੇ ਹਨ।

ਮਹਾਂਪੁਰਸ਼ ਨਾਮ ਅਭਿਆਸ ਲਈ ਕਰੜੀ ਘਾਲਨਾ ਕਰਦੇ ਹਨ ਜਿਵੇਂ ਰਤਵਾੜਾ ਸਾਹਿਬ ਦੇ ਮਹਾਂਪੁਰਸ਼ਾਂ ਨੇ ਸਾਧਨਾ ਕੀਤੀ ਤੇ ਗੁਰੂ ਦੇ ਨਿਕਟ ਹੋ ਗਏ, ਆਪ ਮੁਕਤ ਹੋਏ, ਅਨੇਕਾਂ ਨੂੰ ਮੁਕਤ ਕਰ ਦਿਤਾ –

***ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥***
***ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥***

***ਪੰਨਾ – 8***

ਸੰਤ ਅਵਤਾਰ ਸਿੰਘ ਧੂਲਕੋਟ ਵਾਲਿਆਂ ਨੇ ਗੁਰਬਾਣੀ ਦੇ ਸ਼ਬਦ ਕੀਰਤਨ ਅਤੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਉਨ੍ਹਾਂ ਦੱਸਿਆ ਕਿ ਸੰਤ ਦੀ ਪ੍ਰੀਭਾਸ਼ਾ ਤਾਂ ਗੁਰੂ ਮਹਾਰਾਜ ਕਰ ਗਏ ਹਨ। ਫੁਰਮਾਨ ਹੈ –

***ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥***
***ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥***

***ਪੰਨਾ – 319***

ਮਹਾਂਪੁਰਸ਼ਾਂ ਦੇ ਪਰਉਪਕਾਰਾਂ ਦਾ ਜ਼ਿਕਰ ਕਰਦਿਆਂ ਆਪ ਜੀ ਨੇ ਦੱਸਿਆ ਕਿ ਆਪ ਜੀ ਨੇ ਆਪ ਸ੍ਵਾਸ ਸ੍ਵਾਸ ਨਾਮ ਜਪਿਆ ਹੈ ਅਤੇ ਲੱਖਾਂ ਪ੍ਰਾਣੀਆਂ ਨੂੰ ਨਾਮ ਜਪਾ ਕੇ ਉਚਾ ਸੁੱਚਾ ਜੀਵਨ ਬਖਸ਼ਿਆ ਹੈ। ਐਸੇ ਹਰਿ ਜਨਾਂ ਪ੍ਰਤੀ ਗੁਰੂ ਮਹਾਰਾਜ ਦਾ ਫੁਰਮਾਨ ਹੈ –

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ ਪੰਨਾ – 305***

ਸੰਤ ਕਲਿਆਣ ਦਾਸ ਸਿੰਘ ਜੀ ਅਨੰਦਪੁਰ ਸਾਹਿਬ ਵਾਲਿਆਂ ਨੇ ਜਿਨ੍ਹਾਂ ਨੇ ਮਹਾਂਪੁਰਸ਼ਾਂ ਦੀ ਬਹੁਤ ਸੰਗਤ ਮਾਣੀ ਹੈ ਅਤੇ ਜਿਨ੍ਹਾਂ ਦੀਆਂ ਲਿਖਤਾਂ ਆਮ ਕਰਕੇ 'ਆਤਮ ਮਾਰਗ' ਮੈਗਜ਼ੀਨ ਵਿਚ ਛਪਦੀਆਂ ਰਹਿੰਦੀਆਂ ਹਨ, ਉਨ੍ਹਾਂ ਨੇ ਦੱਸਿਆ ਕਿ ਸੰਤਾਂ ਦੀ ਰਸਨਾ ਤੇ ਪ੍ਰਭੂ ਦਾ ਵਾਸਾ ਹੁੰਦਾ ਹੈ, ਉਹ ਜੋ ਬੋਲਦੇ ਹਨ, ਸਤਿ ਹੁੰਦਾ ਹੈ ਅਤੇ ਹੋ ਕੇ ਰਹਿੰਦਾ ਹੈ। ਉਹ ਵਿਅਰਥ ਨਹੀਂ ਬੋਲਦੇ। ਰਤਵਾੜਾ ਸਾਹਿਬ ਦੇ ਮਹਾਂਪੁਰਸ਼ ਵੀ ਐਸੇ ਹੀ ਮਹਾਨ ਵਿਅਕਤੀ ਸਨ। ਭਾਈ ਹਰਪਾਲ ਸਿੰਘ ਜੀ ਮੁੰਡੀਖਰੜ ਵਾਲੇ ਜਿਹੜੇ ਮਹਾਂਪੁਰਸ਼ਾਂ ਨੂੰ ਬੁਲ੍ਹੇਸ਼ਾਹ ਅਤੇ ਸ਼ਾਹ ਹੁਸੈਨ ਦੀਆਂ ਕਾਫੀਆਂ ਗਾ ਕੇ ਸੁਣਾਇਆ ਕਰਦੇ ਸਨ, ਉਨ੍ਹਾਂ ਨੇ ਸੰਗਤਾਂ ਨੂੰ ਬੁਲ੍ਹੇਸ਼ਾਹ ਦੀਆਂ ਰਹੱਸਵਾਦੀ ਕਾਫੀਆਂ ਮਿੱਠੀ ਸੁਰੀਲੀ ਆਵਾਜ਼ ਵਿਚ ਗਾਇਨ ਕਰਕੇ ਸੁਣਾਈਆਂ, ਸੰਗਤਾਂ ਨੇ ਬੜੇ ਪਿਆਰ ਨਾਲ ਸੂਫੀ ਕਲਾਮ ਸੁਣਿਆ।

ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਅਤੇ ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ ਦੇ ਬੱਚਿਆਂ ਨੇ ਸ਼ਬਦ ਗਾਇਨ ਰਾਹੀਂ ਅਤੇ ਪਿਆਰੀ ਬੱਚੀ ਪਵਨੀਤ ਕੌਰ ਨੇ ਇਕ ਭਾਵਪੂਰਤ ਕਵਿਤਾ ਰਾਹੀਂ ਸੰਗਤਾਂ ਨੂੰ ਮੁਗਧ ਕੀਤਾ।

ਉਪਰੰਤ ਭਾਈ ਸਾਹਿਬ ਭਾਈ ਗੁਰਦੀਪ ਸਿੰਘ ਜੀ ਯੂ.ਪੀ. ਵਾਲਿਆਂ ਨੇ ਸ਼ਬਦ ਕੀਰਤਨ ਅਤੇ ਪ੍ਰਵਚਨਾਂ ਰਾਹੀਂ



Sri Satguru Jagjit Singh Ji eLibrary NamdhariElibrary@gmail.com

ਸੰਗਤਾਂ ਦੀ ਸੇਵਾ ਕੀਤੀ। ਆਪ ਜੀ ਨੇ ਸੰਗਤਾਂ ਨਾਲ ਮਿਲ ਜਦ ਇਨ੍ਹਾਂ ਪੰਗਤੀਆਂ ਦੀ ਧਾਰਨਾ ਗਾਈ –

***ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥***

***ਪੰਨਾ – 96***

ਤਾਂ ਇਹ ਸ਼ਬਦ ਪੜ੍ਹਦਿਆਂ ਅਤੇ ਸੁਣਦਿਆਂ ਮਹਾਂਪੁਰਸ਼ਾਂ ਦੀ ਯਾਦ ਅਤੇ ਬਿਰਹਾ ਵਿਚ ਸਭ ਸੰਗਤਾਂ ਦੀਆਂ ਅੱਖਾਂ ਸੇਜਲ ਹੋ ਗਈਆਂ।

ਉਪਰੰਤ ਮਹਾਂਪੁਰਸ਼ਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਆਪ ਜੀ ਨੇ ਇਹ ਧਾਰਨਾ ਗਾਇਨ ਕੀਤੀ –

***ਬ੍ਰਹਮਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ।।***

***ਪੰਨਾ – 273***

ਅਰਥਾਤ ਕਿਸੇ ਮਹਾਂਪੁਰਸ਼ ਦੀ ਅੰਤਰੀਵ ਅਵਸਥਾ ਨੂੰ ਕੋਈ ਬ੍ਰਹਮਗਿਆਨੀ ਹੀ ਜਾਣ ਸਕਦਾ ਹੈ। ਆਪ ਜੀ ਨੇ ਰਤਵਾੜਾ ਸਾਹਿਬ ਦੇ ਮਹਾਂਪੁਰਸ਼ਾਂ ਦੀ ਵੱਡੇ ਮਹਾਂਪੁਰਸ਼ਾਂ ਨਾਲ ਮੁਲਾਕਾਤ ਨਾਲ ਜ਼ਿਕਰ ਕਰਦਿਆਂ ਦੱਸਿਆ ਕਿ ਹਜ਼ਾਰਾਂ ਦੀ ਸੰਗਤ ਵਿਚ ਕੇਵਲ ਬਾਬਾ ਜੀ ਨੂੰ ਹੀ ਰੋਕ ਕੇ ਪੁਛਿਆ, ਤੁਸੀਂ ਕੌਣ ਹੋ? ਤੇ ਕਿਥੋਂ ਆਏ ਹੋ? ਬੜਾ ਰਮਜ਼ ਭਰਿਆ ਪ੍ਰਸ਼ਨ ਸੀ ਤੇ ਆਪ ਜੀ ਨੇ ਰਮਜ਼ ਭਰਿਆ ਹੀ ਉਤਰ ਦਿਤਾ। ਕੌਣ ਹਾਂ? ਦੱਸ ਨਹੀਂ ਸਕਦਾ, ਕਿਥੋਂ ਆਇਆ ਹਾਂ? ਕਹਿ ਨਹੀਂ ਸਕਦਾ। ਇਸ ਰੂਹਾਨੀ ਮਿਲਾਪ ਦੀ ਆਪ ਜੀ ਨੇ ਗੁਰਬਾਣੀ ਦੇ ਪ੍ਰਸੰਗ ਵਿਚ ਵਿਆਖਿਆ ਕੀਤੀ ਤੇ ਦੱਸਿਆ ਕਿ ਵੱਡੇ ਮਹਾਂਪੁਰਸ਼ਾਂ ਨੇ ਇਸ ਮਿਲਣੀ ਨੂੰ ਦਸਦਿਆਂ ਫੁਰਮਾਇਆ ਸੀ ਕਿ ਅੱਜ ਸੁਹਾਗਣ ਦਾ ਸੁਹਾਗਣ ਨਾਲ ਮੇਲ ਹੋਇਆ ਹੈ।

ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਵਾਲਿਆਂ ਨੇ ਬੋਲਦਿਆਂ ਦੱਸਿਆ ਕਿ ਅੱਜ ਦੇ ਇਹ ਸਮਾਗਮ ਗੁਰੂ ਗ੍ਰੰਥ ਸਾਹਿਬ ਦੀ ਛੱਤਰ ਛਾਇਆ ਹੇਠ, ਬੀਜੀ ਰਣਜੀਤ ਕੌਰ ਦੀ ਸਰਪ੍ਰਸਤੀ ਹੇਠ, ਭਾਈ ਸਾਹਿਬ ਭਾਈ ਲਖਬੀਰ ਸਿੰਘ ਜੀ ਦੀ ਰਹਿਨੁਮਾਈ ਵਿਚ ਅਤੇ ਸਭਨਾਂ ਦੇ ਸਹਿਯੋਗ ਨਾਲ ਪਿਆਰੇ ਸਤਿਪੁਰਸ਼ਾਂ ਦੀ ਨਿੱਘੀ ਯਾਦ ਵਿਚ ਮਨਾਇਆ ਜਾ ਰਿਹਾ ਹੈ। ਮਹਾਂਪੁਰਸ਼ ਨਾਮ ਦਾਨ ਦੇ ਕੇ, ਜੀਵਨ ਦਾਨ ਦੇ ਕੇ ਪੰਜ ਭੂਤਕ ਚੋਲਾ ਤਿਆਗ ਗਏ। ਮਹਾਂਪੁਰਸ਼ ਜਨਮ ਮਰਨ ਤੋਂ ਰਹਿਤ ਹੁੰਦੇ ਹਨ –

***ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥***

***ਪੰਨਾ – 749***

ਅਮਰੀਕਾ ਤੋਂ ਆਏ ਮਹਾਂਪੁਰਸ਼ਾਂ ਦੇ ਵੱਡੇ ਸਪੁੱਤਰ ਭਾਈ ਮਨਜੀਤ ਸਿੰਘ ਜੀ ਨੇ ਕਿਹਾ ਕਿ ਮਹਾਂਪੁਰਸ਼ਾਂ ਨੇ ਜਗਤ ਨੂੰ ਪਿਆਰ ਦਾ ਸੁਨੇਹਾ ਦਿਤਾ। ਇਸ ਆਸਰੇ ਅਸੀਂ ਮੰਜ਼ਲੇ-ਏ-ਮਕਸੂਦ ਤਕ ਆਸਾਨੀ ਨਾਲ ਪੁੱਜ ਸਕਦੇ ਹਾਂ। ਜੋ ਮਨੁੱਖ ਮਨ ਦੇ ਮਗਰ ਹੀ ਲੱਗਿਆ ਰਹਿੰਦਾ ਹੈ, ਉਹ ਕਿਤੇ ਪੁੱਜ ਨਹੀਂ ਸਕਦਾ। ਮਹਾਂਪੁਰਸ਼ਾਂ ਨੇ ਪਿਆਰ ਦਾ ਮਾਰਗ ਦੱਸਿਆ ਹੈ। ਪਿਆਰ ਕਰਨ ਵਾਲਾ ਸਦਾ ਨਿਰਵੈਰ ਹੁੰਦਾ ਹੈ, ਉਸ ਦਾ ਕੋਈ ਵੈਰੀ ਨਹੀਂ ਹੁੰਦਾ, ਕੋਈ ਬਿਗਾਨਾ ਨਹੀਂ ਹੁੰਦਾ। ਕਿਸੇ ਨਾਲ ਈਰਖਾ ਨਹੀਂ ਹੁੰਦੀ। ਨਿਰਵੈਰ ਪੁਰਸ਼ ਸਦਾ ਨਿਰਭਉ ਹੁੰਦਾ ਹੈ। ਮਹਾਂਪੁਰਸ਼ਾਂ ਦੇ ਸੁਪਨਿਆਂ ਨੂੰ ਬੜੀ ਮਿਹਨਤ ਨਾਲ ਸਾਕਾਰ ਕੀਤਾ ਜਾ ਰਿਹਾ ਹੈ, ਇਹ ਵੇਖ ਕੇ ਬੜੀ ਖੁਸ਼ੀ ਹੋਈ ਹੈ।

ਸੰਤ ਸਾਧੂ ਸਿੰਘ ਜੀ ਸੰਗਰੂਰ ਵਾਲਿਆਂ ਨੇ ਮਹਾਂਪੁਰਸ਼ਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਦੱਸਿਆ ਕਿ ਆਪ ਜੀ ਜਿੰਨੀ ਦੇਰ ਸਰੀਰ ਵਿਚ ਰਹੇ, 'ਸਭ ਦਾ ਭਲਾ ਮੰਗਿਆ' ਸਾਰੇ ਸੰਸਾਰ ਨੂੰ ਆਪਣਾ ਪਰਿਵਾਰ ਮੰਨ ਕੇ ਸਭ ਦਾ ਭਲਾ ਕੀਤਾ, ਕੋਈ ਗਿਣਤੀ ਮਿਣਤੀ ਨਹੀਂ। ਉਹ ਪਿਆਰ ਦੇ ਸਮੁੰਦਰ ਸਨ, ਗਿਆਨ ਦਾ ਸੂਰਜ ਸਨ। ਜਿਹੋ ਜਿਹਾ ਮਨੋਰਥ ਕੋਈ ਲੈ ਕੇ ਆਇਆ, ਆਪ ਜੀ ਨੇ ਮਾਰਗ ਦਰਸ਼ਨ ਕੀਤਾ। ਆਪ ਜੀ ਨੇ ਸਦਾ ਗੁਰਮਤਿ ਤੇ ਪਹਿਰਾ ਦਿਤਾ। ਇਹ ਸੰਗਤ ਬੜੀ ਪਿਆਰ ਵਾਲੀ ਹੈ, ਇਹ ਫੁਲਵਾੜੀ ਮਹਾਨ ਪ੍ਰਸੰਸਾਯੋਗ ਹੈ। ਮਹਾਂਪੁਰਸ਼ਾਂ ਦੇ ਅਰੰਭੇ ਕਾਰਜਾਂ ਨੂੰ ਹੁਣ ਭਾਈ ਸਾਹਿਬ ਭਾਈ ਲਖਬੀਰ ਸਿੰਘ ਜੀ ਬੜੀ ਮਿਹਨਤ ਨਾਲ ਸੰਪੰਨ ਕਰ ਰਹੇ ਹਨ। ਸਾਰੇ ਉਨ੍ਹਾਂ ਦਾ ਪੂਰੀ ਤਨਦੇਹੀ ਨਾਲ ਸਾਥ ਦੇ ਰਹੇ ਹਨ। ਸਭਨਾਂ ਦਾ ਪਿਆਰ ਬਣਿਆ ਹੋਇਆ ਹੈ ਇਹ ਬੜੀ ਚੰਗੀ ਗੱਲ ਹੈ।

ਮਿਸ਼ਨ ਦੇ ਮੁਖੀ ਸੰਤ ਬਾਬਾ ਲਖਬੀਰ ਸਿੰਘ ਨੇ ਬੜੇ ਹੀ ਭਾਵੁਕ ਅਤੇ ਵੈਰਾਗ ਭਰੇ ਬਚਨਾਂ ਨਾਲ ਸੰਗਤ ਨੂੰ ਮਹਾਂਪੁਰਸ਼ਾਂ ਦੇ ਕਮਾਏ ਹੋਏ ਬਚਨਾਂ ਅਤੇ ਉਨ੍ਹਾਂ ਵਲੋਂ ਅਧਿਆਤਮਕ ਖੇਤਰ 'ਚ ਕੀਤੇ ਮਾਰਗ ਦਰਸ਼ਨ ਤੋਂ ਸੇਧ ਲੈਣ ਦੀ ਪ੍ਰੇਰਨਾ ਕਰਦਿਆਂ, ਪਿਆਰ ਤੇ ਵੈਰਾਗ ਵਿਚ ਭਾਵੁਕ ਹੋ ਕੇ ਇਹ ਧਾਰਨਾ ਬੋਲੀ, "ਬਾਰ ਬਾਰ ਯਾਦ ਆਉਂਦੀ ਤੇਰੀ ਪਿਆਰੇ, ਸੰਗਤ ਨੂੰ ਵੇਖ ਵੇਖ ਕੇ।" ਜਦੋਂ ਆਪ ਜੀ ਇਹ ਧਾਰਨਾ ਵੈਰਾਗ ਵਿਚ ਗਾ ਰਹੇ ਸਨ ਤਾਂ ਸਤਿਕਾਰਯੋਗ ਬੀਜੀ ਵੀ ਉਸ ਵੇਲੇ ਸਟੇਜ ਤੇ ਸੰਗਤਾਂ ਨੂੰ ਦਰਸ਼ਨ ਦੇਣ ਲਈ ਪਹੁੰਚੇ। ਬੀਜੀ ਨੇ ਸੰਗਤਾਂ ਨੂੰ ਅਸ਼ੀਰਵਾਦ ਦਿੰਦਿਆਂ ਕਿਹਾ ਕਿ ਮੈਂ ਖੁਸ਼ ਹਾਂ ਕਿ ਤੁਸੀਂ ਆਪਣੇ ਪਿਆਰੇ ਦੇ ਪਿਆਰ ਵਿਚ ਇਕੱਤਰ ਹੋਏ ਹੋ, ਜਿਸ ਤਰ੍ਹਾਂ ਤੁਸੀਂ ਪਿਆਰੇ ਦੇ ਵੈਰਾਗ ਵਿਚ ਹੋ, ਮੈਂ ਵੀ ਇਸੇ ਤਰ੍ਹਾਂ ਵੈਰਾਗ ਵਿਚ ਹਾਂ। ਬੱਸ, ਇੰਨੇ ਬਚਨ ਕਰਕੇ ਆਪ ਜੀ ਹੱਥ ਜੋੜ ਕੇ ਫਤਹਿ ਬੁਲਾ ਕੇ ਕੁਰਸੀ ਵਾਲੇ ਸਥਾਨ ਤੇ ਚਲੇ ਗਏ। ਇਸ ਦਾ ਭਾਵ ਅਰਥ ਸਮਝਾਉਂਦਿਆਂ ਆਪ ਜੀ ਨੇ ਕਿਹਾ ਕਿ ਮਹਾਂਪੁਰਸ਼ਾਂ ਨੇ ਸਮੁੱਚੀ ਮਾਨਵਤਾ ਨੂੰ ਗੁਰੂ ਨਾਨਕ ਦੇ ਮਿਸ਼ਨ ਦਾ ਹੋਕਾ ਦਿੰਦਿਆਂ ਗੁਰਬਾਣੀ ਨਾਲ ਜੋੜਨ ਦਾ ਅਹਿਮ ਉਪਰਾਲਾ ਕੀਤਾ। ਉਨ੍ਹਾਂ ਨੇ ਕਿਹਾ ਕਿ ਇਹ ਸਭ ਹੁਕਮ ਦੀ ਖੇਡ ਹੈ, ਸਾਰੇ ਮਨੁੱਖ ਹੀ ਹੁਕਮ ਵਿਚ ਹੀ ਸੰਸਾਰ ਵਿਚ ਆਉਂਦੇ ਹਨ, ਪਰ ਬਹੁਤ ਸਾਰੇ ਮਨੁੱਖ ਆਪਣੇ ਅਸਲੇ ਤੋਂ ਟੁੱਟ ਜਾਂਦੇ ਹਨ ਅਤੇ ਟੁੱਟੇ ਹੀ ਰਹਿੰਦੇ ਹਨ। ਮਹਾਂਪੁਰਸ਼ਾਂ ਨੂੰ ਇਕ



Sri Satguru Jagjit Singh Ji eLibrary NamdhariElibrary@gmail.com

ਵਿਸ਼ੇਸ਼ ਮਕਸਦ ਲਈ ਸੰਸਾਰ ਵਿਚ ਭੇਜਿਆ ਜਾਂਦਾ ਹੈ, ਉਹ ਆਪ ਨਾਮ ਜਪ ਸਿਮਰਨ ਦੀ ਘਾਲਣਾ ਘਾਲਦੇ ਹਨ ਅਤੇ ਸੰਸਾਰ ਨੂੰ ਆਪਣੇ ਅਸਲੇ ਨਾਲ ਜੋੜਦੇ ਹਨ। ਅਸਲ ਵਿਚ ਉਹ ਜਨਮ ਮਰਣ ਰਹਿਤ ਹੁੰਦੇ ਹਨ ਉਨ੍ਹਾਂ ਪ੍ਰਤੀ ਹੀ ਕਿਹਾ ਹੈ - ***'ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥ ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥'***

ਮਹਾਂਪੁਰਸ਼ਾਂ ਨੇ ਸਾਨੂੰ ਜੀਵਨ ਦਾਨ ਬਖਸ਼ਿਆ ਹੈ, ਕਈ ਉਨ੍ਹਾਂ ਦੇ ਸਰੀਰਕ ਵਿਛੋੜੇ ਨੂੰ ਭਾਵੁਕ ਹੋ ਕੇ ਅਸਹਿ ਮੰਨਦੇ ਹਨ ਅਤੇ ਵਿਛੋੜੇ ਦੇ ਵੈਰਾਗ ਵਿਚੋਂ ਨਿਕਲ ਨਹੀਂ ਸਕਦੇ। ਅੱਖਾਂ ਹਰ ਸਮੇਂ ਸੇਜਲ ਰਹਿੰਦੀਆਂ ਹਨ ਪਰ ਕੁਝ ਐਸੇ ਵੀ ਹਨ ਜੋ ਉਨ੍ਹਾਂ ਨੂੰ ਉਨ੍ਹਾਂ ਦੀ ਹਾਜ਼ਰੀ ਹੁਣ ਵੀ ਮੰਨਦੇ ਹਨ। ਉਹ ਸੋਚਦੇ ਹਨ ਕਿ ਬਾਬਾ ਜੀ ਕਿਤੇ ਨਹੀਂ ਗਏ। ਸਾਡੇ ਸਾਰਿਆਂ ਵਿਚ ਹਨ। ਚੰਗੀ ਗੱਲ ਇਹ ਹੈ ਕਿ ਉਨ੍ਹਾਂ ਦੇ ਪ੍ਰਵਚਨਾਂ ਦੀ ਸੰਭਾਲ ਹੋ ਗਈ ਹੈ ਅਤੇ ਹੋ ਰਹੀ ਹੈ। ਪੁਸਤਕਾਂ ਰਾਹੀਂ, ਕੈਸਟਾਂ ਰਾਹੀ, ਸੀਡੀਜ਼ ਰਾਹੀਂ। ਉਨ੍ਹਾਂ ਦੇ ਅਨਮੋਲ ਬਚਨ ਅਸੀਂ ਸੁਣਦੇ ਹਾਂ ਤਾਂ ਇੰਜ ਲਗਦਾ ਹੈ ਕਿ ਉਹ ਪ੍ਰਤੱਖ ਬੋਲ ਰਹੇ ਹਨ।

ਸਾਨੂੰ ਸਭ ਸੰਗਤਾਂ ਨੂੰ ਮਿਲਕੇ ਉਨ੍ਹਾਂ ਵਲੋਂ ਆਰੰਭ ਕਾਰਜਾਂ ਨੂੰ ਪੂਰੀ ਤਨਦੇਹੀ ਨਾਲ ਸੰਪੰਨ ਕਰਨਾ ਹੈ। 'ਆਤਮ ਮਾਰਗ' ਨੂੰ ਚੜ੍ਹਦੀ ਕਲਾ ਵਿਚ ਰੱਖਣ ਲਈ ਨਵੇਂ ਮੈਂਬਰ ਬਣਾਉਣੇ ਹਨ, ਪਿਛਲਿਆਂ ਨੇ ਰਿਨਿਊਲ ਲੈਣੀ ਹੈ। ਉਨ੍ਹਾਂ ਦੀ ਯਾਦ ਵਿਚ ਹੋਰ ਸਕੂਲ ਖੋਲ੍ਹੇ ਜਾ ਰਹੇ ਹਨ। ਸੰਤ ਵਰਿਆਮ ਸਿੰਘ ਹਸਪਤਾਲ ਉਸਾਰੀ ਅਧੀਨ ਹੈ। ਆਤਮ ਮਾਰਗ ਲਈ ਨਵੀਂ ਬਿਲਡਿੰਗ ਬਣ ਗਈ ਹੈ। ਸੰਗਤਾਂ ਦੀ ਸਹੂਲਤ ਲਈ ਨਵੇ ਇਸ਼ਨਾਨ ਘਰ ਤੇ ਫਲੱਸ਼ਾਂ ਦਾ ਪ੍ਰਬੰਧ ਕੀਤਾ ਗਿਆ ਹੈ। ਆਪ ਜੀ ਨੇ ਸੰਗਤਾਂ ਨੂੰ ਨਾਮ ਸਿਮਰਨ ਜਾਪ ਰਾਹੀਂ ਜੀਵਨ ਸਫਲ ਕਰਨ ਦੀ ਪ੍ਰੇਰਨਾ ਦਿਤੀ। ਗੁਰ ਸਤੋਤਰ ਪੜ੍ਹਿਆ ਗਿਆ, ਅਰਦਾਸ ਅਤੇ ਹੁਕਮਨਾਮੇ ਦੀ ਬਖਸ਼ਿਸ਼ ਨਾਲ ਪਹਿਲੇ ਦਿਨ ਦਾ ਸਮਾਗਮ ਸੰਪੰਨ ਹੋਇਆ।

ਰਾਤ ਦੇ ਸਮਾਗਮ ਸ਼ਾਮ 6.00 ਵਜੇ ਤੋਂ ਰਾਤ 11.00 ਵਜੇ ਤਕ ਚੱਲੇ ਜਿਸ ਵਿਚ ਵਿਦਵਾਨ ਮਹਾਂਪੁਰਸ਼ਾਂ ਨੇ ਪ੍ਰਵਚਨਾਂ ਰਾਹੀਂ ਅਤੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਮਹਾਂਪੁਰਸ਼ਾਂ ਦੀ ਕੈਸਟ ਰਾਹੀਂ ਉਨ੍ਹਾਂ ਦੇ ਅਮੋਲਕ ਪ੍ਰਵਚਨ ਸਰਵਣ ਕਰਵਾਏ ਗਏ।

## ਮਹਾਨ ਗੁਰਮਤਿ ਸਮਾਗਮ ਦਾ ਦੂਜਾ ਦਿਨ

ਅੱਜ ਮਿਤੀ 31.10.2002 ਵੀਰਵਾਰ ਮਹਾਨ ਗੁਰਮਤਿ ਸਮਾਗਮ ਦੇ ਦੂਜੇ ਦਿਨ ਵਿਸ਼ੇਸ਼ ਤੌਰ ਤੇ ਮਹਾਂਪੁਰਸ਼ਾਂ ਦੇ ਜੀਵਨ ਪਰਉਪਕਾਰਾਂ ਨੂੰ ਯਾਦ ਕਰਕੇ ਉਨ੍ਹਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਪੂਰਾ ਇਕ ਸਾਲ ਪਹਿਲਾਂ ਅੱਜ ਦੇ ਦਿਨ 31 ਅਕਤੂਬਰ 2001 ਨੂੰ ਮਹਾਂਪੁਰਸ਼ ਸਰੀਰਕ ਜਾਮਾ ਛੱਡ ਕੇ ਬ੍ਰਹਮਲੀਨ ਹੋਏ ਸਨ। ਅੱਜ ਰਤਵਾੜਾ ਸਾਹਿਬ ਦਾ ਜ਼ਰਾ ਜ਼ਰਾ, ਹਰੇਕ ਬੇਲ ਬੂਟਾ ਹਰ ਪ੍ਰਾਣੀ, ਹਰ ਪ੍ਰੇਮੀ ਉਨ੍ਹਾਂ ਦੇ ਪਿਆਰ ਨੂੰ ਯਾਦ ਕਰਦਾ ਭਾਵਕ ਹੋ ਰਿਹਾ ਹੈ ਤੇ ਬਿਰਹਾ ਵਿਚ ਅੱਖਾਂ ਸੇਜਲ ਹੋ ਰਹੀਆਂ ਹਨ।

ਅੱਜ ਅੰਮ੍ਰਿਤ ਵੇਲੇ ਤੋਂ ਹੀ ਦੀਵਾਨ ਵਿਚ ਸੰਗਤਾਂ ਦੀ ਹਾਜ਼ਰੀ ਕਾਫੀ ਜ਼ਿਆਦਾ ਸੀ। ਸਜੇ ਹੋਏ ਪੰਡਾਲ ਵਿਚ ਅਰਦਾਸ ਅਤੇ ਹੁਕਮਨਾਮੇ ਉਪਰੰਤ ਭਾਈ ਪਾਲ ਸਿੰਘ ਜੀ, ਭਾਈ ਹਰਜਿੰਦਰ ਸਿੰਘ ਜੀ (ਲੰਗਰ ਵਾਲੇ) ਭਾਈ ਉਰਮੀਤ ਸਿੰਘ ਬਨੂੜ ਅਤੇ ਭਾਈ ਗੁਰਪਾਲ ਸਿੰਘ ਜੀ ਨੇ ਸ਼ਬਦ ਕੀਰਤਨ ਰਾਹੀਂ ਹਾਜ਼ਰੀ ਭਰੀ ਅਤੇ ਮਹਾਂਪੁਰਸ਼ਾਂ ਦੇ ਪਰਉਪਕਾਰ ਦੱਸੇ। ਬੀਬੀ ਨਰਿੰਦਰ ਕੌਰ ਇੰਗਲੈਂਡ ਵਾਲਿਆਂ ਨੇ ਬਾਬਾ ਜੀ ਦੀਆਂ ਪ੍ਰਦੇਸ ਫੇਰੀਆਂ ਦਾ ਵੇਰਵਾ ਦਿੰਦਿਆਂ ਦੱਸਿਆ ਕਿ ਇੰਗਲੈਂਡ ਵਿਚ ਵਿਸ਼ੇਸ਼ ਤੌਰ ਤੇ ਆਪ ਜੀ ਦੀ ਦੇਣ ਹੈ, ਆਪ ਜੀ ਨੇ ਸੰਗਤਾਂ ਨੂੰ ਗੁਰੂ ਨਾਲ ਜੋੜਿਆ ਹੈ। ਬਾਬਾ ਜੀ ਦੇ ਸ਼ੁਰੂ ਕੀਤੇ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਅਤੇ ਉਨ੍ਹਾਂ ਦੀ ਯਾਦ ਨੂੰ ਸਮਰਪਿਤ ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ ਦੇ ਬੱਚਿਆਂ ਨੇ ਰਸ-ਭਿੰਨੜੇ ਸ਼ਬਦ ਗਾਇਨ ਕੀਤੇ, ਬੀਬਾ ਅਮਰਪ੍ਰੀਤ ਕੌਰ ਨੇ ਬਾਬਾ ਜੀ ਦੇ ਜੀਵਨ ਤੇ ਚਾਨਣਾ ਪਾਇਆ।

ਪ੍ਰੋ. ਕੁਲਵੰਤ ਕੌਰ ਪਟਿਆਲਾ ਨੇ ਸੰਤ ਮਹਾਂਪੁਰਸ਼ਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਆਪਣੇ ਵਿਸ਼ੇ ***'ਮਾਇਆ ਬੰਦੀ ਖਸਮ ਕੀ ਤਿਨ ਅਗੈ ਕਮਾਵੈ ਕਾਰ॥' (ਪੰਨਾ-90)*** ਨੂੰ ਸਪਸ਼ਟ ਕਰਦਿਆਂ ਦੱਸਿਆ ਕਿ ਤੀਜੇ ਪਾਤਸ਼ਾਹ ਅਨੁਸਾਰ ਮਾਇਆਵਾਦੀ ਮਨੁੱਖ ਦਿਨ ਰਾਤ, ਸਾਰਾ ਮਹੀਨਾ, ਸਾਰਾ ਸਾਲ, ਸਾਰੀ ਉਮਰ ਭਟਕਦਾ ਫਿਰਦਾ ਹੈ, ਪਰ ਉਹੀ ਮਾਇਆ ਸੰਤਾਂ ਮਹਾਂਪੁਰਸ਼ਾਂ ਦੀ ਦਾਸੀ ਹੋ ਕੇ ਸੇਵਾ ਕਰਦੀ ਫਿਰਦੀ ਹੈ। ਬਾਬਾ ਜੀ ਨੇ ਸੱਚੇ ਦਿਲੋਂ ਗੁਰਮਤਿ ਨੂੰ ਧਾਰਨ ਕੀਤਾ ਸੀ, ਗੁਰਬਾਣੀ ਅਨੁਸਾਰ ***'ਨਾਨਕ ਹਰਿ ਨਾਮੁ ਜਿਨੀ ਆਰਾਧਿਆ ਅਨਦਿਨੁ ਹਰਿ ਲਿਵ ਤਾਰ'। (ਪੰਨਾ-90)*** ਬਾਬਾ ਜੀ ਸਦਾ ਹੀ ਨਾਮ ਵਿਚ ਵਿਲੀਨ ਰਹਿੰਦੇ ਸਨ, ਮਾਇਆ ਨੂੰ ਉਨ੍ਹਾਂ ਨੇ ਕਦੇ ਮਹੱਤਤਾ ਨਹੀਂ ਸੀ ਦਿਤੀ। ਉਹ ਅੰਦਰੋਂ ਤਿਆਗੀ ਸਨ, ਤਾਂ ਹੀ ਜੋ ਮਾਇਆ ਸੰਗਤਾਂ ਵਲੋਂ ਭੇਟ ਹੋਈ, ਆਪ ਨੇ ਸੰਗਤਾਂ ਦੇ ਭਲੇ ਲਈ ਹੀ ਲਾ ਦਿਤੀ। ਮਾਇਆ ਤੋਂ ਹੀ ਪੰਜ ਦੂਤ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਪੈਦਾ ਹੁੰਦੇ ਹਨ। ਬਾਬਾ ਜੀ ਦਾ ਇਨ੍ਹਾਂ ਉਪਰ ਪੂਰਾ ਨਿਯੰਤਰਣ ਰਿਹਾ ਹੈ। ਗੁਰਮਤਿ ਵਿਚ ਮਾਇਆ ਨੂੰ ਛਲਣੀ ਕਿਹਾ ਹੈ -'ਮਾਈ ਮਾਇਆ ਛਲ'। ਬਾਬਾ ਜੀ ਨੇ ਇਸ ਛਲਣੀ ਤੋਂ ਬਚਣ ਲਈ ਨਾਮ-ਜਪ-ਸਿਮਰਨ ਦਾ ਪ੍ਰਚਾਰ ਕੀਤਾ। ਮਾਇਆ ਨੇ ਵਿਣ-ਦੰਦਾਂ ਸੰਸਾਰ ਨੂੰ ਨਿਗਲਿਆ ਹੋਇਆ ਹੈ। ਗੁਰ ਫੁਰਮਾਨ ਹੈ -



Sri Satguru Jagjit Singh Ji eLibrary NamdhariElibrary@gmail.com

*ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ॥*
*ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ॥*
***ਪੰਨਾ – 643***

ਸੰਖੇਪ ਕਰਦਿਆਂ ਆਪ ਨੇ ਦੱਸਿਆ ਕਿ ਮਾਇਆ ਨੂੰ ਲੋਕ ਭਲਾਈ ਲਈ ਵਰਤਣਾ ਚਾਹੀਦਾ ਹੈ, ਇਸ ਨੂੰ ਦਾਸੀ ਬਣਾ ਕੇ ਰੱਖੀਏ, ਇਸ ਦੇ ਦਾਸ ਨਾ ਬਣੀਏ।

'ਮੀਰੀ ਪੀਰੀ ਖਾਲਸਾ ਕੀਰਤਨੀ ਜਥਾ' ਯਮਨਾਨਗਰ ਦੇ ਬੱਚਿਆਂ ਨੇ ਬੜੀ ਰਸ ਭਿੰਨਣੀ ਆਵਾਜ਼ ਵਿਚ 'ਗੁਰੂ ਤੇਗ ਬਹਾਦਰ ਸਿਮਰਿਐ ਘਰ ਨਉਨਿਧਿ ਆਵੈ ਧਾਇ' ਗਾਇਨ ਕਰਕੇ ਨਿਮਨ ਸ਼ਬਦ ਨਾਲ ਸਾਧ ਸੰਗਤ ਨੂੰ ਜੋੜਿਆ। 'ਆਉ ਸਜਣਾ ਹਉ ਦੇਖਾ ਦਰਸਨ ਤੇਰਾ ਰਾਮ' ਅਤੇ ਮਹਾਂਪੁਰਸ਼ਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

ਡਾਕਟਰ ਮਲਕੀਅਤ ਸਿੰਘ ਪੰਜਾਬੀ ਯੂਨੀਵਰਸਿਟੀ ਵਾਲਿਆਂ ਨੇ 'ਪਵਣ ਗੁਰੂ' ਵਿਸ਼ੇ ਨੂੰ ਧਾਰਮਿਕ ਅਤੇ ਵਿਗਿਆਨਕ ਦ੍ਰਿਸ਼ਟੀ ਤੋਂ ਬੜੇ ਸੁਚੱਜੇ ਢੰਗ ਨਾਲ ਸਪਸ਼ਟ ਕਰਦਿਆਂ ਦੱਸਿਆ ਕਿ ਗੁਰਬਾਨੀ ਅਤੇ ਸਿੱਖ ਧਰਮ ਇਸ ਯੁੱਗ ਦਾ ਸ੍ਰੇਸ਼ਠ ਧਰਮ ਹੈ, ਸਿੱਖ ਧਰਮ ਤਰਕ ਅਤੇ ਵਿਗਿਆਨ ਦੀ ਭਾਸ਼ਾ ਬੋਲਦਾ ਹੈ। ਸਿੱਖ ਸਿਧਾਂਤ ਵਿਚ 'ਗੁਰੂ' ਬਹੁਤ ਵੱਡਾ ਤੇ ਮਹੱਤਵਪੂਰਨ ਸੰਕਲਪ ਹੈ ਅਤੇ ਜਦੋਂ ਪਵਣ ਨੂੰ ਗੁਰੂ ਤੁੱਲ ਕਹਿ ਦਿਤਾ ਹੈ ਤਾਂ ਇਸ ਦੀ ਮਹੱਤਤਾ ਪ੍ਰਤੱਖ ਹੋ ਜਾਂਦੀ ਹੈ। ਗਹੁ ਨਾਲ ਵੇਖੀਏ ਤਾਂ ਸਾਡਾ ਸਾਰਾ ਜੀਵਨ ਪਵਣ ਤੇ ਆਧਾਰਤ ਹੈ, ਇਸ ਤਰ੍ਹਾਂ ਅਧਿਆਤਮਕ ਜੀਵਨ ਗੁਰੂ ਬਿਨਾਂ ਸੰਭਵ ਨਹੀਂ – 'ਗੁਰ ਬਿਨ ਘੋਰ ਅੰਧਾਰ ਗੁਰੂ ਬਿਨ ਸਮਝ ਨ ਆਵਈ' ਸਾਰੇ ਜੀਵਨ ਦਾ ਆਧਾਰ ਹਵਾ ਹੈ, ਕੋਈ ਪੌਦਾ ਹਵਾ ਬਿਨਾ ਪੁੰਗਰ ਨਹੀਂ ਸਕਦਾ, ਕੋਈ ਜੀਵਨ ਹਵਾ ਬਿਨਾਂ ਸੰਭਵ ਹੀ ਨਹੀਂ।

ਜਿਵੇਂ ਗੁਰੂ ਪ੍ਰਮਾਤਮਾ ਦਾ ਦੂਤ ਹੈ, ਗੁਰੂ ਰੱਬ ਦਾ ਪੈਗਾਮ ਦੇਣ ਵਾਲਾ ਹੈ, 'ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ' ਅਨੁਸਾਰ, ਤਿਵੇਂ ਹੀ ਪਉਣ ਸਾਡਾ ਸੁਨੇਹਾ ਲੈ ਕੇ ਜਾਂਦੀ ਹੈ, ਹੂ-ਬ-ਹੂ ਜਿਵੇਂ ਬੋਲਿਆ ਜਾਂਦਾ ਹੈ ਤਿਵੇਂ ਹੀ ਪਉਣ ਸਾਡੇ ਬੋਲਾਂ ਦਾ ਪਾਸਾਰ ਕਰਦੀ ਹੈ, ਇਕ ਦੂਤ ਵਾਂਗ।

ਤੀਜਾ ਗੁਣ ਇਹ ਹੈ ਗੁਰੂ ਸਭਨੀ ਥਾਂਈ ਹਾਜ਼ਰ ਹੈ, 'ਗੁਰੂ ਮੇਰੇ ਸੰਗ ਸਦਾ ਹੈ ਨਾਲੇ' ਗੁਰੂ ਸਾਰੇ ਬ੍ਰਹਿਮੰਡ ਵਿਚ ਹਾਜ਼ਰ ਨਾਜ਼ਰ ਹੈ, ਤਿਵੇਂ ਹੀ ਕੋਈ ਐਸੀ ਥਾਂ ਨਹੀਂ ਜਿਥੇ ਹਵਾ ਮੌਜੂਦ ਨਹੀਂ, ਹਵਾ ਹਰ ਥਾਂ, ਹਰ ਜ਼ਰੇ ਵਿਚ ਸਮਾਈ ਹੋਈ ਹੈ। ਚੌਥਾ ਗੁਰੂ ਕਿਸੇ ਕੌਮ, ਕਿਸੇ ਦੇਸ਼ ਦੇ ਨਹੀਂ ਹੁੰਦੇ, ਸਗੋਂ ਸਭਨਾਂ ਲਈ ਹੁੰਦੇ ਹਨ, ਹਵਾ ਲਈ ਵੀ ਕੋਈ ਸੀਮਾ ਨਹੀਂ, ਕੋਈ ਵਖੇਵੇਂ ਨਹੀਂ, ਸਭਨਾਂ ਲਈ ਹੈ।

ਗੁਰੂ ਹਰ ਥਾਂ ਹਰ ਪ੍ਰਾਣੀ ਦੀ ਰੱਖਿਆ ਕਰਦਾ ਹੈ, ਭਾਵੇਂ ਉਹ ਕੋਈ ਵੀ ਹੋਵੇ, ਹਵਾ ਵੀ ਏਸੇ ਤਰ੍ਹਾਂ ਹਰ ਥਾਂ ਰਖਿਅਕ ਹੈ, ਜੇ ਇਸ ਪਲੈਨਿਟ ਤੇ ਹਵਾ ਨਾ ਹੋਵੇ ਤਾਂ ਇਹ ਪਲੈਨਿਟ ਪੰਜ ਦਸ ਮਿੰਟਾਂ ਵਿਚ ਸਮਾਪਤ ਹੋ ਜਾਵੇ। ਟੁਟਦੇ ਤਾਰਿਆਂ ਦੀ ਤਬਾਹੀ ਤੋਂ ਬਚਾਉਣ ਵਾਲੀ ਹਵਾ ਉਹ ਸ਼ਕਤੀ ਹੈ ਜੋ ਇਸ ਨੂੰ ਖੇਰੂੰ ਖੇਰੂੰ ਕਰ ਦਿੰਦੀ ਹੈ। ਓਜ਼ੋਨ ਲੇਅਰ ਹਵਾ ਦੀ ਇਕ ਲੇਅਰ ਹੈ, ਜੇ ਇਹ ਖਤਮ ਕਰ ਦਿਤੀ ਜਾਵੇ ਜਾਂ ਇਸ ਵਿਚ ਮਘੋਰ ਹੋ ਜਾਵੇ ਤਾਂ ਮਾਰੂ ਕਿਰਨਾਂ ਨਾਲ ਮਿੰਟਾਂ ਵਿਚ ਤਬਾਹੀ ਮਚ ਸਕਦੀ ਹੈ। ਹਵਾ ਦਾ ਇਕ ਹੋਰ ਗੁਣ ਇਹ ਹੈ ਕਿ 'ਸੁਮੇਰ ਜਯੋਤੀ' ਜੋ ਮਾਰੂ ਕਿਰਨਾਂ ਨੇ, ਜੋ ਧਰਤੀ ਨੂੰ ਪੂਰੀ ਤਰ੍ਹਾਂ ਤਬਾਹ ਕਰ ਸਕਦੀਆਂ ਨੇ ਇਸ ਤੋਂ ਵੀ ਹਵਾ ਹੀ ਬਚਾਉਂਦੀ ਹੈ। ਜਿਵੇਂ ਗੁਰੂ ਗੋਬਿੰਦ ਰੂਪ ਹੁੰਦਾ ਹੈ, ਤਿਵੇਂ ਹੀ ਪਵਣ ਦਾ ਅਸਲਾ ਸੱਚ ਹੈ। ਗੁਰੂ ਮਹਾਰਾਜ ਦਾ ਕਥਨ ਹੈ – ***ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ।। (ਪੰਨਾ-19)***

ਜਿਵੇਂ ਗੁਰੂ ਬ੍ਰਹਮ ਵਿਚ ਲੀਨ ਹੋ ਜਾਂਦਾ ਹੈ ਤਿਵੇਂ ਜਦੋਂ ਸਾਡਾ ਜੀਵਨ ਸਮਾਪਤ ਹੁੰਦਾ ਹੈ ਸਾਡੀ 'ਪਵਣ' ਮਹਾਨ ਪਵਣ ਵਿਚ ਸਮਾਅ ਜਾਂਦੀ ਹੈ। ਇਸ ਤਰ੍ਹਾਂ ਪਵਣ ਗੁਰੂ ਗੁਣਾਂ ਨਾਲ ਭਰਪੂਰ ਹੈ ਕਿਉਂਕਿ ਪਵਣ ਵੀ ਪ੍ਰਭੂ ਕਿਰਤ ਹੈ, ਪ੍ਰਭੂ ਰੂਪ ਹੀ ਹੈ, ਗੁਰੂ ਰੂਪ ਹੈ।

ਉਪਰੰਤ ਬਾਬਾ ਗੁਰਦੀਪ ਸਿੰਘ ਯੂ.ਪੀ. ਵਾਲਿਆਂ ਨੇ ਮਹਾਂਪੁਰਸ਼ਾਂ ਦੇ ਪਿਆਰ ਤੇ ਵੈਰਾਗ ਵਿਚ ਸੰਗਤਾਂ ਨੂੰ ਇਸ ਸ਼ਬਦ ਨਾਲ ਜੋੜਿਆ –

*ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥*
*ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥*
***ਪੰਨਾ – 97***

ਸ੍ਰੀ ਮਾਨ ਸੰਤ ਮਾਨ ਸਿੰਘ ਪਹੇਵੇ ਵਾਲਿਆਂ ਨੇ ਬਾਬਾ ਜੀ ਨੂੰ ਭਰਪੂਰ ਸ਼ਰਧਾਂਜਲੀ ਭੇਂਟ ਕਰਦਿਆਂ ਪ੍ਰਵਚਨ ਕੀਤੇ ਕਿ ਜਦੋਂ ਕਲਜੁਗ ਜ਼ੋਰ ਪਕੜਦੈ ਤਾਂ ਮਹਾਂਪੁਰਸ਼ ਸੰਸਾਰ ਵਿਚ ਆਉਂਦੇ ਨੇ ਤੇ ਸੰਸਾਰ ਨੂੰ ਮਾਇਆ ਜਾਲ ਵਿਚੋਂ ਕੱਢ ਕੇ ਨਾਮ ਸਿਮਰਨ ਭਗਤੀ ਵਿਚ ਜੋੜਦੇ ਹਨ। ਸੰਸਾਰ ਦੇ ਲੋਕ ਆਪਣਾ ਨਾਮ ਅਮਰ ਕਰਨ ਲਈ ਭਟਕਦੇ ਫਿਰਦੇ ਹਨ ਪਰ ਗੁਰੂ ਮਹਾਰਾਜ ਦਾ ਫ਼ੁਰਮਾਨ ਹੈ ਕਿ ਸੰਸਾਰ ਵਿਚ ਕੇਵਲ ਗੋਬਿੰਦ ਨਾਮ ਅਤੇ ਸਾਧੂ ਹੀ ਅਮਰ ਹੁੰਦੇ ਹਨ। ਫ਼ੁਰਮਾਨ ਹੈ – ***ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ॥ ਪੰਨਾ-1429***

ਸੰਤ ਬਾਬਾ ਵਰਿਆਮ ਸਿੰਘ ਜੀ ਅਮਰ ਹਨ, ਉਨ੍ਹਾਂ ਦਾ ਨਾਮ ਸਦਾ ਲਈ ਰਹੇਗਾ। ਉਨ੍ਹਾਂ ਨੇ ਸੰਸਾਰ ਨੂੰ ਨਾਮ ਨਾਲ ਜੋੜਿਆ, ਜੀਅ ਦਾਨ ਬਖਸ਼ਿਆ।

ਸੰਤ ਸਾਧੂ ਸਿੰਘ ਸੰਗਰੂਰ ਵਾਲੇ, ਜਿਨ੍ਹਾਂ ਨੇ ਬਾਬਾ ਜੀ ਦੀ ਬਹੁਤ ਸੰਗਤ ਮਾਣੀ ਹੈ, ਬਾਬਾ ਜੀ ਦੇ ਪਰਉਪਕਾਰਾਂ ਨੂੰ ਯਾਦ ਕੀਤਾ ਤੇ ਦੱਸਿਆ ਕਿ ਬਾਬਾ ਜੀ ਸਭ ਪ੍ਰੇਮੀਆਂ ਦੇ ਅੰਗ ਸੰਗ ਹਨ। ਬਾਬਾ ਹਰਪਾਲ ਸਿੰਘ ਜੀ ਰਤਵਾੜਾ



Sri Satguru Jagjit Singh Ji eLibrary NamdhariElibrary@gmail.com

ਸਾਹਿਬ ਨੇ ਬੜੇ ਭਾਵਕ ਹੋ ਕੇ ਬਾਬਾ ਜੀ ਦੇ ਸੰਸਾਰ ਯਾਤਰਾ ਦੇ ਅੰਤਿਮ ਸਮੇਂ ਦਾ, ਵਿਛੋੜੇ ਦਾ ਜ਼ਿਕਰ ਕਰਦਿਆਂ, ਪਿਆਰੇ ਦੀ ਯਾਦ ਵਿਚ ਕੁਝ ਸਮਾਂ ਸਿਮਰਨ ਵਿਚ ਜੁੜਨ ਲਈ ਬੇਨਤੀ ਕੀਤੀ। ਬਾਬਾ ਜੀ ਦੀ ਛੋਟੀ ਬੇਟੀ ਰਿਪਜੀਤ ਕੌਰ ਸਿੱਧੂ ਨੇ ਬਾਬਾ ਜੀ ਦੀ ਪਿਆਰੀ ਯਾਦ ਵਿਚ 'ਵਾਹਿਗੁਰੂ' ਸ਼ਬਦ ਦਾ ਜਾਪ ਬੜੇ ਸ਼ਾਂਤ ਮਾਹੌਲ ਵਿਚ ਸੰਗਤਾਂ ਨਾਲ ਮਿਲ ਕੇ ਕੀਤਾ। ਭਾਈ ਸਤਿਨਾਮ ਸਿੰਘ ਯੂ.ਐਸ.ਏ. ਨੇ ਬਾਬਾ ਜੀ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਦੱਸਿਆ ਕਿ ਬਾਬਾ ਜੀ ਪਿਆਰ ਦੀ ਮੂਰਤ ਸਨ। ਪਿਆਰ ਵਿਚ ਮਨੁੱਖ ਸਭ ਕੁਝ ਗਵਾ ਕੇ ਸਭ ਕੁਝ ਪਾ ਲੈਂਦਾ ਹੈ। ਬਾਬਾ ਜੀ ਸਮਦ੍ਰਿਸ਼ਟੀ ਦੇ ਮਾਲਕ ਸਨ, ਸਦਾ ਖਿਮਾ ਦੇ ਘਰ ਵਿਚ ਵਿਚਰਦੇ ਸਨ। ਉਨ੍ਹਾਂ ਦੇ ਪਰਉਪਕਾਰ ਦੱਸੇ ਨਹੀਂ ਜਾ ਸਕਦੇ। ਬਾਬਾ ਜੀ ਨੂੰ ਸਮਰਪਿਤ ਮਲਕੀਅਤ ਸਿੰਘ ਦੀ ਕੈਸਿਟ ਰੀਲੀਜ਼ ਕੀਤੀ ਗਈ ਤੇ ਉਸ ਨੇ ਬਾਬਾ ਜੀ ਦੀ ਯਾਦ ਵਿਚ ਗੀਤ ਵੀ ਗਾਇਨ ਕੀਤਾ।

ਡਾ. ਸਵਾਮੀ ਵੇਦ ਭਾਰਤੀ ਜੀ ਮਹਾਂਪੁਰਸ਼ਾਂ ਦੇ ਪਿਆਰ ਵਾਲੇ ਸਾਥੀ ਸਨ ਅਤੇ ਡਾ. ਸਵਾਮੀ ਰਾਮ ਜੀ ਨਾਲ ਬਾਬਾ ਜੀ ਦੇ ਸੰਪਰਕ ਵਿਚ ਆਏ। ਬਾਬਾ ਜੀ ਨੂੰ ਉਨ੍ਹਾਂ ਨੇ ਭਰਵੀਂ ਸ਼ਰਧਾਂਜਲੀ ਭੇਂਟ ਕਰਦਿਆਂ ਫੁਰਮਾਇਆ ਕਿ ਜਿਵੇਂ ਸਮੁੰਦਰ ਵਿਚ ਰਹਿੰਦੀ ਮਛਲੀ ਨੂੰ ਪਤਾ ਨਹੀਂ ਕਿ ਉਹ ਸਮੁੰਦਰ ਵਿਚ ਵਿਚਰ ਰਹੀ ਹੈ, ਜੇ ਉਹ ਸਮੁੰਦਰ ਦੀ ਭਾਲ ਕਰੇ ਤਾਂ ਅਸੀਂ ਕੀ ਕਹਾਂਗੇ? ਜੀਵ ਪ੍ਰਭੂ ਦੀ ਹਾਜ਼ਰੀ ਵਿਚ ਵਿਚਰਦਾ ਹੈ ਪਰ ਉਸ ਨੂੰ ਗਿਆਨ ਨਹੀਂ ਹੁੰਦਾ। ਸੰਤ ਬਾਬਾ ਵਰਿਆਮ ਸਿੰਘ ਇਸ ਅਨੁਭਵ ਵਿਚ ਵਿਚਰਦੇ ਸਾਨੂੰ ਇਹ ਅਨੁਭਵ ਬਖਸ਼ਦੇ ਰਹੇ।

ਉਨ੍ਹਾਂ ਕਿਹਾ ਕਿ ਮੇਰਾ ਮਨ, ਮੇਰਾ ਜਿਸਮ, ਮੇਰੇ ਸਾਰੇ ਅੰਗ ਇਨ੍ਹਾਂ ਵਿਚ ਕੰਮ ਕਰਨ ਦੀ ਸ਼ਕਤੀ ਉਸ ਦੀ ਜੋਤਿ ਹੀ ਹੈ। ਸਰੀਰ ਵਿਚ ਜੋਤਿ ਹੈ, ਸਰੀਰ ਕਿਰਿਆਸ਼ੀਲ ਹੈ, ਜੋਤਿ ਨਿਕਲ ਜਾਂਦੀ ਹੈ, ਪਰਮ ਜੋਤਿ ਵਿਚ ਲੀਨ ਹੋ ਜਾਂਦੀ ਹੈ। ਮਹਾਂਪੁਰਸ਼ ਸਦਾ ਹੀ ਬ੍ਰਹਮਲੀਨ ਰਹਿੰਦੇ ਸਨ। ਸਦਾ ਬ੍ਰਹਮ-ਧੁਨੀ ਅਨਹਦ-ਨਾਦ ਦੇ ਸੰਗੀਤ ਵਿਚ ਮਹਿਵ ਰਹਿੰਦੇ ਸਨ। ਮਨ ਦੇ ਗੁਰਦਵਾਰੇ ਵਿਚ ਇਸ ਅਨਹਦ-ਨਾਦ ਨੂੰ ਸੁਣੋ, ਇਹ ਸੁਣਨ ਨਾਲ ਬ੍ਰਹਮ ਜੋਤਿ ਦਾ ਪ੍ਰਕਾਸ਼ ਆਪ ਅਨੁਭਵ ਕਰੋਗੇ। ਸੰਤ ਬਾਬਾ ਵਰਿਆਮ ਸਿੰਘ ਜੀ ਦੱਸਿਆ ਕਰਦੇ ਸੀ ਕਿ ਹਉਮੈ ਦੀਆਂ ਦੀਵਾਰਾਂ ਵਿਚ ਅਸੀਂ ਬੰਦ ਹੋ ਜਾਂਦੇ ਹਾਂ, ਵੈਰ ਵਿਰੋਧ ਵਿਚ ਘਿਰ ਜਾਂਦੇ ਹਾਂ, ਅਨਹਦ-ਨਾਦ ਤੋਂ ਟੁੱਟ ਜਾਂਦੇ ਹਾਂ। ਜੇ ਮਨ ਵਿਚ ਸਤਿਨਾਮ ਵਾਹਿਗੁਰੂ ਦਾ ਜਾਪ ਆ ਜਾਵੇ ਤਾਂ ਇਹ ਦੀਵਾਰਾਂ ਟੁੱਟਣੀਆਂ ਸ਼ੁਰੂ ਹੋ ਜਾਂਦੀਆਂ ਹਨ। ਸੁੰਨ-ਮਹੱਲ ਵਿਚ ਜਾਣ ਦੇ ਕੁਝ ਤਰੀਕੇ ਹਨ, ਕੁਝ ਰਸਤੇ ਹਨ। ਪਹਿਲਾਂ ਮਨ ਨੂੰ ਸ਼ਾਂਤ ਕਰੋ, ਸਾਰੀਆਂ ਉਮੰਗਾਂ ਦੂਰ ਕਰੋ, ਇਕੋ ਉਮੰਗ ਪੈਦਾ ਕਰੋ ਕਿ ਇਹ ਅਨਹਦ ਨਾਦ ਮੈਨੂੰ ਸੁਣਾਈ ਦੇਵੇ, ਆਪਣੇ ਮਸਤਕ ਦੇ ਸ਼ਿਕਨ ਦੂਰ ਕਰ ਲਵੋ, ਫੇਰ ਚਲਦੇ ਫਿਰਦੇ, ਉਠਦੇ ਬੈਠਦੇ, ਮਨ ਦੀ ਗੁਫਾ ਵਿਚ ਜਾਵੋ, ਇਸ ਗੁਫਾ ਵਿਚ ਅਖੁੱਟ ਭੰਡਾਰਾ ਹੈ। ਫਿਰ ਪਿਆਰ ਵਿਚ ਬੋਲੋ, ਸਤਿਨਾਮ ਸ੍ਰੀ ਵਾਹਿਗੁਰੂ, ਸਤਿਨਾਮ ਸ੍ਰੀ ਵਾਹਿਗੁਰੂ। ਬੁਲ੍ਹਾਂ ਰਾਹੀਂ, ਜੀਭਾ ਰਾਹੀਂ, ਮਨ ਰਾਹੀਂ, ਸੁਆਸਾਂ ਰਾਹੀਂ ਆਪ ਜੀ ਨੇ ਜਾਪ ਦੀ ਵਿਧੀ ਵੀ ਦੱਸੀ ਤੇ ਜਾਪ ਵੀ ਕਰਵਾਇਆ।

ਸੰਤ ਬਾਬਾ ਬਲਵੰਤ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਨੇ ਬਾਬਾ ਜੀ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਫੁਰਮਾਇਆ ਕਿ ਸੰਤਾਂ ਦੇ ਹਿਰਦੇ ਵਿਚ ਸਦਾ ਨਾਮ ਦੀ ਮਹਿਮਾ ਵਸਦੀ ਹੈ। ਵੇਪਰਵਾਹ ਫਿਰਦੇ ਲੋਕਾਂ ਨੂੰ ਉਹ ਨਾਮ ਦੀ ਸੋਝੀ ਬਖਸ਼ਦੇ ਹਨ।

31 ਅਕਤੂਬਰ ਜਿਸ ਦਿਨ ਮਹਾਂਪੁਰਸ਼ਾਂ ਨੇ ਆਪਣੇ ਪੰਚ ਭੂਤਕ ਸਰੀਰ ਦਾ ਤਿਆਗ ਕੀਤਾ ਇਸ ਦਿਨ ਭਾਈ ਸਾਹਿਬ ਲਖਬੀਰ ਸਿੰਘ ਜੀ ਨੇ ਸੰਗਤਾਂ ਦੇ ਸਾਮ੍ਹਣੇ ਵੈਰਾਗ ਦਾ ਉਹ ਨਕਸ਼ਾ ਪੇਸ਼ ਕੀਤਾ ਕਿ ਸੰਗਤਾਂ ਵਿਚ ਪਿਆਰ ਤੇ ਵੈਰਾਗ ਦਾ ਹੜ੍ਹ ਆ ਗਿਆ। ਆਪ ਜੀ ਨੇ ਉਸ ਕਵਿਤਾ ਦਾ ਗਾਇਨ ਕੀਤਾ ਜਿਸ ਦੇ ਬੋਲ ਇਸ ਪ੍ਰਕਾਰ ਹਨ 'ਸਮਾਂ ਰੋਕਿਆਂ ਕਦੇ ਵੀ ਰੁਕਦਾ ਨਹੀਂ ਯਤਨ ਕਰੀਏ ਭਾਵੇਂ ਲੱਖ ਹਜ਼ਾਰਾਂ ਜੀ।' ਅਤੇ ਫੇਰ ਇਹ ਧਾਰਨਾ ਲਾਈ 'ਸਾਜਨ ਚਲੇ ਪਿਆਰਿਆ ਕਿਉਂ ਮੇਲਾ ਹੋਈ।' ਭਾਈ ਸਾਹਿਬ ਨੇ 31 ਤਾਰੀਕ ਦਾ ਉਹ ਦ੍ਰਿਸ਼ ਅੱਖਾਂ ਦੇ ਸਾਮ੍ਹਣੇ ਲਿਆ ਕੇ ਰੱਖ ਦਿਤਾ ਅਤੇ ਇਉਂ ਪ੍ਰਤੀਤ ਹੋ ਰਿਹਾ ਸੀ ਕਿ ਜਿਵੇਂ ਮਹਾਂਪੁਰਖ ਅੱਖਾਂ ਦੇ ਸਾਮ੍ਹਣੇ ਵਿਛੋੜਾ ਦੇ ਰਹੇ ਹਨ। ਉਪਰੰਤ ਜਦੋਂ ਇਹ ਧਾਰਨਾ ਦਾ ਗਾਇਨ ਕੀਤਾ 'ਬਾਬਾ ਬੋਲਤੇ ਥੇ ਕਹਾਂ ਗਏ।' ਫੇਰ ਤਾਂ ਸੰਗਤ ਦੇ ਵਿਚੋਂ ਉਚੀ ਹਉਕੇ ਸੁਣਾਈ ਦੇ ਰਹੇ ਸਨ। ਪਿਆਰ ਤੇ ਵੈਰਾਗ ਤੇ ਸ਼ਾਂਤੀ ਵਾਤਾਰਵਣ ਇਸ ਤਰ੍ਹਾਂ ਛਾ ਗਿਆ ਸੀ ਕਿ ਜਿਵੇਂ ਮਹਾਂਪੁਰਸ਼ ਪ੍ਰਤੱਖ ਤੌਰ ਤੇ ਸੰਗਤ ਵਿਚ ਹਾਜ਼ਰ ਹੋ ਕੇ ਇਸ ਦ੍ਰਿਸ਼ ਨੂੰ ਤੱਕ ਰਹੇ ਹੁੰਦੇ ਹਨ। ਉਨ੍ਹਾਂ ਦੇ ਪਰਉਪਕਾਰਾਂ ਨੂੰ ਬਿਆਨ ਕਰਦਿਆਂ ਭਾਈ ਸਾਹਿਬ ਜੀ ਨੇ ਦੱਸਿਆ ਕਿ ਬਾਬਾ ਜੀ ਨੇ ਸਾਰਾ ਜੀਵਨ ਰੂਹਾਨੀਅਤ ਦਾ ਸੰਦੇਸ਼ ਦਿਤਾ, ਸਾਰੀ ਮਨੁੱਖਤਾ ਨੂੰ ਰੂਹਾਨੀਅਤ ਨਾਲ ਜੋੜਿਆ, ਮਜ਼੍ਹਬਾਂ ਦੀ ਭੀੜੀ ਵਲਗਣ ਵਿਚੋਂ ਕੱਢ ਕੇ ਸੱਚੇ ਧਰਮ ਨਾਲ ਜੋੜਿਆ। ਸਾਰੀ ਮਨੁੱਖਤਾ ਦਾ ਧਰਮ ਇਕੋ ਹੈ, ਸਭ ਰੱਬ ਦੇ ਪ੍ਰਕਾਸ਼ ਵਿਚ ਜੀਉਂਦੇ ਹਨ। ਸਭਨਾਂ ਵਿਚ ਇਕੋ ਜੋਤਿ ਪ੍ਰਕਾਸ਼ਮਾਨ ਹੋ ਰਹੀ ਹੈ - ***'ਸਭ ਮਹਿ ਜੋਤਿ ਜੋਤਿ ਹੈ ਸੋਇ, ਤਿਸਦੈ ਚਾਨਣ ਸਭ ਮਹਿ ਚਾਨਣ ਹੋਇ।'*** ਮਹਾਂਪੁਰਸ਼ ਐਸੀ ਜੋਤਿ ਦੀ ਪਛਾਣ ਬਖਸ਼ਦੇ ਰਹੇ ਹਨ ਅਤੇ ਹੁਣ ਵੀ ਸਾਡੇ ਅੰਗ ਸੰਗ ਹਨ ਅਤੇ ਗਿਆਨ ਚਾਨਣ ਪ੍ਰਦਾਨ ਕਰ ਰਹੇ ਹਨ। ਇਹ ਮਿਸ਼ਨ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰ ਰਿਹਾ ਹੈ ਜਿਸ ਵਿਚ ਮਹਾਂਪੁਰਸ਼ਾਂ



Sri Satguru Jagjit Singh Ji eLibrary NamdhariElibrary@gmail.com

ਦੇ ਪਰਿਵਾਰ ਉਨ੍ਹਾਂ ਦੇ ਬੱਚੇ, ਡੇਰੇ ਦੇ ਸਿੰਘ, ਸੇਵਾਦਾਰ, ਪ੍ਰੇਮੀ ਸਭ ਮਿਲ ਕੇ ਪਿਆਰ ਅਤੇ ਪੂਰੀ ਤਨਦੇਹੀ ਨਾਲ ਸੇਵਾ ਕਰ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਭਾਵੇਂ ਹਰ ਪ੍ਰਾਣੀ ਨੇ ਸੰਸਾਰ ਵਿਚੋਂ ਚਲੇ ਜਾਣਾ ਹੈ ਪਰ ਬ੍ਰਹਮਗਿਆਨੀ ਦੀ ਯਾਦ ਦਿਨ ਪ੍ਰਤੀਦਿਨ ਵਧਦੀ ਰਹਿੰਦੀ ਹੈ। ਜਦੋਂ ਕਿ ਸੰਸਾਰੀ ਬੰਦੇ ਦੀ ਯਾਦ ਸਮਾਂ ਪਾ ਕੇ ਧੁੰਧਲੀ ਹੁੰਦੀ ਜਾਂਦੀ ਹੈ। ਉਨ੍ਹਾਂ ਨੇ ਇਹ ਧਾਰਨਾ ਗਾਇਨ ਕੀਤੀ - ***'ਅੰਦਰ ਸਹਿਜ ਸਮਾਧੀ ਦੁਆਰੇ ਦਸਵੇਂ ਪ੍ਰਕਾਸ਼ ਇਕੋ ਆਤਮਾ ਦਾ।'*** ਅਤੇ ਇਸਦੀ ਵਿਸਥਾਰ ਪੂਰਵਕ ਵਿਆਖਿਆ ਕੀਤੀ।

## ਮਹਾਨ ਗੁਰਮਤਿ ਸਮਾਗਮ ਦਾ ਤੀਜਾ ਦਿਨ

ਮਿਤੀ 1 ਨਵੰਬਰ ਰਤਵਾੜਾ ਸਾਹਿਬ ਵਿਖੇ ਮਹਾਨ ਗੁਰਮਤਿ ਸਮਾਗਮ ਦਾ ਅੱਜ ਤੀਜਾ ਦਿਨ ਸੀ। 700 x 250 ਫੁੱਟ ਦਾ ਸਜਿਆ ਹੋਇਆ ਵਿਸ਼ਾਲ ਪੰਡਾਲ ਅੱਜ ਸਵੇਰ ਤੋਂ ਹੀ ਸੰਗਤਾਂ ਨਾਲ ਭਰਪੂਰ ਹੋ ਰਿਹਾ ਸੀ। ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅਰਦਾਸ ਅਤੇ ਹੁਕਮਨਾਮੇ ਉਪਰੰਤ ਅੱਜ ਦੇ ਦੀਵਾਨ ਦੀ ਪਰਾਰੰਭਤਾ ਭਾਈ ਪਾਲ ਸਿੰਘ ਜੀ ਦੇ ਸ਼ਬਦ ਗਾਇਨ ਨਾਲ ਹੋਈ। ਉਪਰੰਤ ਭਾਈ ਹਰਜੀਤ ਸਿੰਘ ਜੀ ਯੂ.ਪੀ., ਬੀਬਾ ਗੁਰਵਿੰਦਰ ਕੌਰ ਸਰਹਾਲੀ ਅੰਮ੍ਰਿਤਸਰ, ਭਾਈ ਰਜਿੰਦਰ ਸਿੰਘ ਰਤਵਾੜਾ ਸਾਹਿਬ, ਆਈ.ਟੀ. ਕਾਲਜ ਰਤਵਾੜਾ ਸਾਹਿਬ ਦੇ ਵਿਦਿਆਰਥੀ, ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ ਅਤੇ ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਰਤਵਾੜਾ ਸਾਹਿਬ ਸਕੂਲ ਦੇ ਬੱਚਿਆਂ ਨੇ ਮਿੱਠੀਆਂ ਸੁਰੀਲੀਆਂ ਆਵਾਜ਼ਾਂ ਵਿਚ ਇਕ ਇਕ ਸ਼ਬਦ ਗਾਇਨ ਕਰਕੇ ਮਹਾਂਪੁਰਸ਼ਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ। ਉਪਰੰਤ ਭਾਈ ਲਸ਼ਕਰ ਸਿੰਘ ਯੂ.ਪੀ. ਅਤੇ ਡਾਕਟਰ ਡੀ.ਕੇ. ਪਾਂਡੇ, ਐਡੀਟਰ ਆਤਮ ਮਾਰਗ, 'ਹਿੰਦੀ' ਨੇ ਮਹਾਂਪੁਰਸ਼ਾਂ ਦੇ ਜੀਵਨ ਤੇ ਰੌਸ਼ਨੀ ਪਾਈ ਤੇ ਉਨ੍ਹਾਂ ਦੇ ਪਰਉਪਕਾਰ ਦੱਸੇ। ਭਾਈ ਕੁਲਵੀਰ ਸਿੰਘ ਨੇ ਸ਼ਬਦ ਗਾਇਨ ਕੀਤਾ ਤੇ ਬੱਚੀ ਕੁਲਵੀਰ ਕੌਰ ਨੇ ਬਾਬਾ ਜੀ ਨੂੰ ਸੰਬੋਧਨ ਕਰਕੇ ਕਵਿਤਾ ਰਾਹੀਂ ਭਾਵਨਾਵਾਂ ਪ੍ਰਗਟ ਕੀਤੀਆਂ।

ਸੰਤ ਕਲਿਆਣ ਦਾਸ ਜੀ ਅਨੰਦਪੁਰ ਸਾਹਿਬ ਵਾਲਿਆਂ ਨੇ ਮਹਾਂਪੁਰਸ਼ਾਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਦੱਸਿਆ ਕਿ ਮਰਨਾ ਵੀ ਕਈ ਪ੍ਰਕਾਰ ਦਾ ਹੈ, ਦੁਨਿਆਵੀ ਲੋਕ ਹਾਦਸਿਆਂ ਵਿਚ, ਬੀਮਾਰੀ ਵਿਚ, ਅਣਆਈ ਮੌਤ ਵੀ ਮਰਦੇ ਹਨ ਪਰ ਸੰਤ ਮਹਾਂਪੁਰਸ਼ ਮਰਦੇ ਨਹੀਂ, ਉਹ ਤਾਂ ਜੀਵਨ ਮੁਕਤਿ ਹੁੰਦੇ ਹਨ, ਸਰੀਰ ਵਿਚ ਰਹਿੰਦਿਆਂ ਵੀ ਬਦੇਹ ਹੋ ਕੇ ਜੀਉਂਦੇ ਹਨ। ਉਨ੍ਹਾਂ ਦੇ ਪਿਆਰ ਵਿਚ ਵਿਚਰਨ ਵਾਲੇ ਵੀ ਹਉਂ-ਰਹਿਤ ਹੋ ਕੇ, ਆਪਾ ਸਮਰਪਿਤ ਕਰਕੇ ਜੀਉਂਦੇ ਹਨ। ਗੁਰੂ ਅੰਗਦ ਦੇਵ ਜੀ ਦਾ ਫੁਰਮਾਨ ਹੈ -

***ਜਿਸ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥***
***ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥ ਪੰਨਾ-83***

ਗੁਰੂ ਅੰਗਦ ਦੇਵ ਜੀ ਨੇ ਆਪਣੇ ਪਿਆਰੇ ਪ੍ਰੀਤਮ ਗੁਰੂ ਨਾਨਕ ਦੇਵ ਜੀ ਦੀ ਸਰੀਰਕ ਹੋਂਦ ਤੋਂ ਬਾਅਦ ਆਪਣੇ ਸਰੀਰ ਦੀ ਅਹੂਤੀ ਨਹੀਂ ਦਿਤੀ, ਜਿਵੇਂ ਕਿ ਕਈ ਅਣਜਾਣ ਐਸਾ ਵੀ ਕਰਦੇ ਹਨ। ਉਨ੍ਹਾਂ ਨੇ ਤਾਂ ਗੁਰੂ ਦੀ ਸ਼ਰਨ ਵਿਚ ਆ ਕੇ ਸਾਰਾ ਆਪਾ ਸਮਰਪਿਤ ਕਰ ਦਿਤਾ ਸੀ, ਸਰੀਰ, ਮਨ, ਬੁੱਧੀ, ਅਹੰਕਾਰ ਸਭ ਕੁਝ ਗੁਰੂ ਅਰਪਨ ਕਰਕੇ ਸੇਵਾ ਵਿਚ ਲਗ ਗਏ ਤੇ ਹੁਕਮ ਦੀ ਪਾਲਨਾ ਕੀਤੀ ਤੇ ਪ੍ਰਵਾਨ ਹੋਏ, ***'ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ॥ ਪੰਨਾ-471***

ਸਵਾਮੀ ਬ੍ਰਹਮ ਮੁਨੀ ਜੀ ਜਲਾਲ ਪੁਰ ਬਠਿੰਡਾ ਵਾਲਿਆਂ ਨੇ ਬਾਬਾ ਜੀ ਨੂੰ ਭਰਵੀਂ ਸ਼ਰਧਾਂਜਲੀ ਭੇਂਟ ਕੀਤੀ ਤੇ ਕਿਹਾ -

***ਬ੍ਰਹਮਗਿਆਨੀ ਸਦ ਜੀਵੈ ਨਹੀ ਮਰਤਾ॥ ਪੰਨਾ-273***

ਭਾਈ ਸਾਹਿਬ ਗੁਰਦੀਪ ਸਿੰਘ ਯੂ.ਪੀ. ਵਾਲਿਆਂ ਨੇ ਸ਼ਬਦ-ਕੀਰਤਨ ਅਤੇ ਵਿਆਖਿਆ ਕਰਦਿਆਂ ਸਪਸ਼ਟ ਕੀਤਾ ਕਿ ਅਸਲ ਮਰਨਾ 'ਹਉਂ' ਦਾ ਮਰਨਾ ਹੈ ਜਿਸ ਨਾਲ ਮਨੁੱਖ ਜਨਮ ਮਰਨ ਦੇ ਗੇੜ ਵਿਚੋਂ ਨਿਕਲ ਜਾਂਦਾ ਹੈ। ਗੁਰਵਾਕ ਹੈ -

***ਐਸੀ ਮਰਨੀ ਜੋ ਮਰੈ ਬਹੁਰਿ ਨ ਮਰਨਾ ਹੋਇ॥***
***ਪੰਨਾ-555***

ਆਪ ਜੀ ਨੇ ਦੱਸਿਆ ਕਿ ਮਹਾਂਪੁਰਸ਼ਾਂ ਦੇ ਮਿਸ਼ਨ ਦਾ ਸੰਬੰਧ ਭਾਈ ਸਾਹਿਬ ਭਾਈ ਦਯਾ ਸਿੰਘ ਜੀ ਦੀ ਸੰਪਰਦਾ ਨਾਲ ਹੈ। ਇਸ ਪਰੰਪਰਾ ਦੇ ਮੁਖੀਆਂ ਨੇ ਨਾਮ ਬਾਣੀ ਰਾਹੀਂ ਲੱਖਾਂ ਲੋਕਾਂ ਦਾ ਉਧਾਰ ਕੀਤਾ - ***'ਗੁਰਮੁਖਿ ਕੋਟਿ ਉਧਾਰਦਾ ਦੇਹ ਨਾਵੈ ਏਕ ਕਣੀ।'***

ਇਸ ਪਰੰਪਰਾ ਵਿਚ ਹੀ ਬਾਬਾ ਸਾਹਿਬ ਸਿੰਘ ਬੇਦੀ ਊਨੇ ਵਾਲੇ, ਬਾਬਾ ਰਾਮ ਸਿੰਘ ਵਿਰੱਕਤ, ਬਾਬਾ ਬੀਰ ਸਿੰਘ ਨੌਰੰਗਾਬਾਦ ਵਾਲੇ, ਬਾਬਾ ਮਹਾਰਾਜ ਸਿੰਘ ਜੀ ਬੜੇ ਬੜੇ ਮਹਾਂਪੁਰਖ ਹੋਏ ਹਨ ਜਿਨ੍ਹਾਂ ਨੇ ਨਾਮ ਦਾ ਛੱਟਾ ਦੇ ਕੇ ਕੋਟਾਂ ਦਾ ਉਧਾਰ ਕੀਤਾ ਹੈ।

ਸਵਾਮੀ ਬੀਬੀ ਪ੍ਰੀਤਮ ਜਯੋਤੀ ਜੀ ਅੰਮ੍ਰਿਤਸਰ ਵਾਲਿਆਂ ਨੇ 'ਸ਼ਬਦ ਗੁਰੂ ਸੁਰਤਿ ਧੁਨਿ ਚੇਲਾ' ਵਿਸ਼ੇ ਤੇ ਆਪਣੇ ਅੰਮ੍ਰਿਤਮਈ ਪ੍ਰਵਚਨ ਸੰਗਤਾਂ ਨਾਲ ਸਾਂਝੇ ਕੀਤੇ। ਉਨ੍ਹਾਂ ਦੱਸਿਆ ਕਿ ਪਰਮ ਗੁਰੂ ਪ੍ਰਮਾਤਮਾ ਹੈ, ਗੁਰੂ ਨਾਨਕ ਦੇਵ ਜੀ ਦਾ ਗੁਰੂ ਅਪਰੰਪਰ ਪਾਰਬ੍ਰਹਮ ਪ੍ਰਮੇਸ਼ੂਰ ਹੀ ਸੀ ***'ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ॥ ਪੰਨਾ 599***

ਮਿਥਿਆ ਸ਼ਬਦ ਜਾਲ ਨੇ ਸੰਸਾਰ ਨੂੰ ਭਟਕਣਾ ਵਿਚ ਪਾਇਆ ਹੋਇਆ ਹੈ, ਬੰਧਨਾਂ ਵਿਚ ਬੰਨ੍ਹਿਆ ਹੋਇਆ ਹੈ। ਇਲਾਹੀ ਸ਼ਬਦ, ਗੁਰੂ ਦਾ ਸ਼ਬਦ ਇਨ੍ਹਾਂ ਬੰਧਨਾਂ ਤੋਂ ਮੁਕਤ ਕਰਦਾ ਹੈ। ਸ਼ਬਦ ਗਿਆਨ ਹੈ, ਰੌਸ਼ਨੀ ਹੈ, ਅਗਿਆਨਤਾ



Sri Satguru Jagjit Singh Ji eLibrary NamdhariElibrary@gmail.com

ਨੂੰ ਦੂਰ ਕਰਦਾ ਹੈ, ਗਿਆਨ ਦਾ ਪ੍ਰਕਾਸ਼ ਕਰਦਾ ਹੈ। ਪਹਿਲਾਂ ਅਸੀਂ ਕੰਨਾਂ ਰਾਹੀਂ ਸ਼ਬਦ ਸੁਣਦੇ ਹਾਂ, ਫੇਰ ਉਸਦੇ ਅਰਥ ਭਾਵ ਸਪਸ਼ਟ ਹੁੰਦੇ ਹਨ। ਦੁਨਿਆਵੀ ਸ਼ਬਦ ਵੀ ਨਾਮੀ ਨਾਲ ਜੋੜਦੇ ਹਨ, ਤਿਵੇਂ ਹੀ ਰੂਹਾਨੀ ਸ਼ਬਦ, ਗੁਰਬਾਣੀ ਅਤੇ ਨਾਮ ਨਾਮੀ ਨਾਲ ਜੋੜਦੇ ਹਨ। ਇਸ ਸ਼ਬਦ ਵਿਚ ਹੀ ਸੁਰਤਿ ਨੂੰ ਜੋੜਨਾ ਹੈ। ਸ਼ਬਦ ਗੁਰੂ ਅੰਦਰ ਵਸਦੇ ਸ਼ਬਦ ਨਾਲ ਜੋੜ ਦਿੰਦਾ ਹੈ। ਮਹਾਤਮਾ, ਮਹਾਂਪੁਰਸ਼ ਸੁਰਤਿ ਨੂੰ ਜੋੜਨ ਵਿਚ ਸਹਾਇਤਾ ਕਰਦੇ ਹਨ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸ਼ਬਦ ਗੁਰੂ ਹੈ, ਇਸ ਦੇ ਅਭਿਆਸ ਰਾਹੀਂ ਸੁਰਤਿ ਨੂੰ ਸ਼ਬਦ ਵਿਚ ਜੋੜ ਸਕਦੇ ਹਾਂ। ਗੁਰੂ ਦਾ ਸ਼ਬਦ ੧ਓ ਰੂਪ ਵਿਚ ਪ੍ਰਗਟ ਹੋਇਆ, ਗੁਰਮੰਤਰ ਰੂਪ ਵਿਚ ਪ੍ਰਗਟ ਹੋਇਆ।

ਡਾ. ਜਗਜੀਤ ਸਿੰਘ, ਚੀਫ ਐਡੀਟਰ 'ਆਤਮ ਮਾਰਗ' ਨੇ 'ਮਹਾਂਪੁਰਸ਼ਾਂ ਦੇ ਜੀਵਨ ਵਿਚ ਸਹਜ' ਵਿਸ਼ੇ ਤੇ ਬੋਲਦਿਆਂ ਦੱਸਿਆ ਕਿ ਸੰਸਾਰ ਤਿੰਨਾਂ ਗੁਣਾਂ ਵਿਚ ਭਟਕ ਰਿਹਾ, ਸਹਿਜ ਅਵਸਥਾ ਅਡੋਲਤਾ ਦੀ, ਅਨੰਦ ਦੀ ਅਵਸਥਾ ਹੈ ਜੋ ਤਿੰਨਾਂ ਗੁਣਾਂ ਵਿਚੋਂ ਨਿਕਲ ਕੇ ਤੁਰੀਆ ਵਿਚ ਵਿਚਰਨ ਦੀ ਅਵਸਥਾ ਹੈ ਜਿਥੇ ਕੋਈ ਵੈਰ ਵਿਰੋਧ ਨਹੀਂ, ਬਖੇੜੇ ਨਹੀਂ। ਇਹ 'ਬੇਗਮਪੁਰਾ' ਹੈ ਜੋ ਹਰ ਤਰ੍ਹਾਂ ਦੁਖ ਅੰਦੇਸ਼ਿਆਂ ਤੋਂ ਮੁਕਤ ਹੁੰਦਾ ਹੈ। ਤਿੰਨਾਂ ਗੁਣਾਂ ਦੇ ਸੰਸਾਰ ਵਿਚ ਵੈਰ ਵਿਰੋਧ, ਕਾਮ, ਕ੍ਰੋਧ, ਮੋਹ, ਝੂਠ, ਵਿਕਾਰ ਮਹਾ ਲੋਭ, ਧ੍ਰੋਹ ਦਾ ਵਾਤਾਵਰਣ ਹੁੰਦਾ ਹੈ। ਮਹਾਂਪੁਰਸ਼ ਇਨ੍ਹਾਂ ਗੁਣਾਂ ਤੋਂ ਉਪਰ ਉਠ ਕੇ ਸਹਿਜ, ਅਨੰਦ, ਵਿਗਾਸ, ਅਡੋਲਤਾ ਦੀ ਅਵਸਥਾ ਵਿਚ ਵਿਚਰਦੇ ਹਨ ਅਤੇ ਐਸੀ ਸਹਿਜ ਅਵਸਥਾ ਵਿਚ ਵਿਚਰਨ ਦਾ ਮਾਰਗ ਦਰਸ਼ਨ ਕਰਦੇ ਹਨ।

ਸੰਤ ਸਾਧੂ ਸਿੰਘ ਸੰਗਰੂਰ ਵਾਲਿਆਂ ਨੇ 'ਸਿੱਖੋ ਸਬਦ ਪਿਆਰਿਓ 'ਜਨਮ ਮਰਣ ਕੀ ਟੇਕ' ਦੀ ਧਾਰਨਾ ਨਾਲ ਸੰਗਤਾਂ ਨੂੰ ਜੋੜਦਿਆਂ ਆਪਣੇ ਪ੍ਰਵਚਨਾਂ ਵਿਚ ਦੱਸਿਆ ਕਿ ਮਹਾਂਪੁਰਸ਼ ਸਦਾ ਹੀ ਸਿਮਰਨ ਵਿਚ ਜੁੜੇ ਰਹਿੰਦੇ ਸਨ ਅਤੇ ਸੰਗਤਾਂ ਨੂੰ ਨਾਮ ਸਿਮਰਨ ਨਾਲ ਜੋੜਦੇ ਰਹਿੰਦੇ ਸੀ। ਉਨ੍ਹਾਂ ਦੀ ਅਭੁੱਲ ਯਾਦ ਸਦਾ ਬਣੀ ਰਹੇਗੀ। ਉਹ ਜਨਮ ਮਰਣ ਤੋਂ ਰਹਿਤ ਸਨ।

ਬਾਬਾ ਹਰਪਾਲ ਸਿੰਘ ਜੀ ਰਤਵਾੜਾ ਸਾਹਿਬ ਵਾਲੇ ਜਿਨ੍ਹਾਂ ਨੇ ਤਨ ਮਨ ਧਨ ਸਭ ਕੁਝ ਮਹਾਂਪੁਰਸ਼ਾਂ ਨੂੰ ਸੌਂਪ ਕੇ ਰਤਵਾੜਾ ਸਾਹਿਬ ਆ ਨਿਵਾਸ ਕੀਤਾ। ਉਨ੍ਹਾਂ ਨੇ ਮਹਾਂਪੁਰਸ਼ਾਂ ਨੂੰ ਆਪਣੀ ਅਕੀਦਤ ਪੇਸ਼ ਕਰਦਿਆਂ ਦੱਸਿਆ ਕਿ ਮਾਰਫਤ ਵਿਚ ਵਿਚਰਨ ਵਾਲਿਆਂ ਸਭਨਾਂ ਦੀ ਆਪਸੀ ਡੂੰਘੀ ਸਾਂਝ ਹੁੰਦੀ ਹੈ। ਜਿਵੇਂ ਨਾਮਧਾਰੀ ਪ੍ਰਥਾ ਵਾਲਿਆਂ ਨਾਲ ਭਾਵੇਂ ਕੁਝ ਲੋਕ ਵਖੇਵਾਂ ਰਖਦੇ ਹੋਣ ਪਰ ਮਹਾਂਪੁਰਸ਼ ਉਨ੍ਹਾਂ ਨੂੰ ਇਸ ਕਰਕੇ ਪਿਆਰ ਤੇ ਸਤਿਕਾਰ ਦਿੰਦੇ ਸੀ ਕਿ ਉਹ ਨਾਮ ਅਭਿਆਸੀ ਹਨ। ਉਨ੍ਹਾਂ ਦੇ ਸਤਿਗੁਰੂ ਵੀ ਮਹਾਂਪੁਰਸ਼ਾਂ ਨੂੰ ਬਹੁਤ ਪਿਆਰ ਤੇ ਸਤਿਕਾਰ ਦਿੰਦੇ ਹਨ। ਉਨ੍ਹਾਂ ਦੱਸਿਆ ਕਿ ਗੁਰੂ ਗ੍ਰੰਥ ਸਾਹਿਬ ਸਭ ਦੇ ਸਾਂਝੇ ਹਨ, ਸਰਬ ਮਨੁੱਖਤਾ ਲਈ ਹਨ, ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ਵਾਸ਼ ਰੱਖਣ ਵਾਲੇ ਹਰ ਖੇਤਰ ਦੇ ਪ੍ਰਭੂ ਪਿਆਰਿਆਂ ਨਾਲ ਪਿਆਰ ਦੀ ਸਾਂਝ ਪਾਉਂਦੇ ਹਨ।

ਭੈਣੀ ਸਾਹਿਬ ਤੋਂ ਆਏ ਨਾਮਧਾਰੀ ਕੀਰਤਨੀ ਜੱਥੇ ਨੇ ਨਿਰਧਾਰਤ ਰਾਗਾਂ ਵਿਚ ਅਤੇ ਮਿੱਠੀ ਸੁਰੀਲੀ ਆਵਾਜ਼ ਵਿਚ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਵਿਸ਼ੇਸ਼ ਕਰਕੇ 'ਮਹਿਮਾ ਕਵਨ ਬਖਾਨੋ ਸੰਤਨ ਕੀ' ਪੰਗਤੀ ਨੂੰ ਧਾਰਨਾ ਬਣਾ ਕੇ ਅਨੇਕ ਪ੍ਰਮਾਣਾ ਰਾਹੀਂ ਸੰਤਾਂ ਸਾਧੂਆਂ ਦੀ ਮਹਿਮਾ ਦਾ ਗਾਇਨ ਕਰਦਿਆਂ ਮਹਾਂਪੁਰਸ਼ਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ। ਇਸ ਜੱਥੇ ਨੇ ਦੂਜਾ ਸ਼ਬਦ, ਕਬੀਰ ਜੀ ਦੀ ਰਚਨਾ ***'ਹਰਿ ਕੇ ਸੰਤ ਸਦਾ ਥਿਰੁ ਪੂਜਹੁ ਜੋ ਹਰਿ ਨਾਮੁ ਜਪਾਤ॥ ਪੰਨਾ-1251*** ਦਾ ਗਾਇਨ ਕੀਤਾ। ਸੰਤ ਬਾਬਾ ਖੁਸ਼ਹਾਲ ਸਿੰਘ ਜੀ ਟਿੱਬੀ ਸਾਹਿਬ ਵਾਲਿਆਂ ਨੂੰ ਸਿਰੋਪਾ ਬਖਸ਼ਿਸ਼ ਕੀਤਾ ਗਿਆ ਹੈ। ਬਾਬਾ ਜਸਵੰਤ ਸਿੰਘ ਜੀ ਲੁਧਿਆਣੇ ਵਾਲਿਆਂ ਦੇ ਕੀਰਤਨੀ ਜੱਥੇ ਨੇ 'ਵਾਹਿਗੁਰੂ' ਗੁਰਮੰਤਰ ਦਾ ਕੀਰਤਨ ਰਾਹੀਂ ਜਾਪ ਕਰਵਾਇਆ ਅਤੇ 'ਆਪ ਮੁਕਤਿ ਮੁਕਤਿ ਕਰੇ ਸੰਸਾਰ' ਸ਼ਬਦ ਦਾ ਗਾਇਨ ਕੀਤਾ। ਕੈਪਟਨ ਕੰਵਲਜੀਤ ਸਿੰਘ ਪੰਜਾਬ ਸਰਕਾਰ ਦੇ ਸਾਬਕਾ ਖਜ਼ਾਨਾ ਮੰਤਰੀ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਮਹਾਂਪੁਰਸ਼ਾਂ ਨੂੰ ਭਰਪੂਰ ਸ਼ਰਧਾਂਜਲੀ ਭੇਂਟ ਕਰਦਿਆਂ ਦੱਸਿਆ ਕਿ ਸੰਤ ਮਹਾਂਪੁਰਸ਼ਾਂ ਨੇ ਇਸ ਇਲਾਕੇ ਦੇ ਘਰ ਘਰ ਪਿੰਡ ਪਿੰਡ ਵਿਚ ਜਾ ਕੇ ਲੋਕਾਂ ਨੂੰ ਗੁਰੂ ਘਰ ਨਾਲ ਜੋੜਿਆ। ਉਹ ਨਿਮਰਤਾ ਦੇ ਪੁੰਜ ਸਨ। ਅੱਜ ਦੀ ਚਣੌਤੀਆਂ ਨੂੰ ਮੁੱਖ ਰਖਦਿਆਂ ਇਕ ਪਾਸੇ ਰੂਹਾਨੀਅਤ ਦਾ ਪ੍ਰਚਾਰ ਕੀਤਾ, ਓਥੇ ਨਾਲ ਨਾਲ ਆਧੁਨਿਕ ਵਿਦਿਅਕ ਲੋੜਾਂ ਨੂੰ ਵੀ ਸਮਝਿਆ ਤੇ ਸਕੂਲ ਤੇ ਟੈਕਨੀਕਲ ਕਾਲਜ ਖੋਲ੍ਹੇ ਜੋ ਪ੍ਰਫੁੱਲਤ ਹੋ ਕੇ ਇਕ ਦਿਨ ਯੂਨੀਵਰਸਿਟੀ ਦਾ ਰੂਪ ਧਾਰਨ ਕਰ ਸਕਦੇ ਹਨ। ਬੀਬੀ ਸਤਵੰਤ ਕੌਰ ਸੰਧੂ ਸਾਬਕਾ ਮੰਤਰੀ ਪੰਜਾਬ ਅਤੇ ਇਲਾਕੇ ਦੇ ਐਮ.ਐਲ. ਨੇ ਮਹਾਂਪੁਰਸ਼ਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਤੇ ਦੱਸਿਆ ਕਿ ਬਾਬਾ ਜੀ ਨੇ ਏਥੇ ਰੂਹਾਨੀ ਜਾਗਰਤੀ ਵੀ ਲਿਆਂਦੀ ਤੇ ਵਿਦਿਆ ਦਾ ਪਾਸਾਰ ਵੀ ਕੀਤਾ। ਬਾਬਾ ਜੀ ਨੇ ਬੜੇ ਕਠਨ ਸਮੇਂ ਵਿਚ ਘਰ ਘਰ ਜਾ ਕੇ ਲੋਕਾਂ ਨੂੰ ਗੁਰੂ ਦਾ ਸੰਦੇਸ਼ ਦਿਤਾ।

ਉਪਰੰਤ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ ਦੇ ਵਿਦਿਆਰਥੀ ਜਤਿੰਦਰ ਸਿੰਘ ਨੇ ਬਾਬਾ ਜੀ ਦੇ ਜੀਵਨ ਉਪਰ ਭਾਸ਼ਣ ਦਿਤਾ ਅਤੇ ਸੰਤ ਵਰਿਆਮ ਸਿੰਘ ਮੈਮੋਰੀਅਲ ਸਕੂਲ ਰਤਵਾੜਾ ਸਾਹਿਬ ਬੱਚਿਆਂ ਨੇ ਸ਼ਬਦ ਕੀਰਤਨ ਕੀਤਾ ਤੇ ਕਵਿਤਾਵਾਂ ਪੜ੍ਹੀਆਂ।



Sri Satguru Jagjit Singh Ji eLibrary NamdhariElibrary@gmail.com

ਸ. ਸੰਤੋਖ ਸਿੰਘ ਰੰਧਾਵਾ, ਸਾਬਕਾ ਪ੍ਰਧਾਨ ਪੰਜਾਬ ਕਾਂਗਰਸ ਨੇ ਮਹਾਂਪੁਰਸ਼ਾਂ ਨੂੰ ਭਰਪੂਰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਬਾਬਾ ਜੀ ਨੇ ਸਾਰੀ ਆਯੂ ਇਨਸਾਨੀਅਤ ਦਾ ਪ੍ਰਚਾਰ ਕੀਤਾ। ਗੁਰੂ ਦਾ ਸੰਦੇਸ਼ "ਮਾਨਸ ਕੀ ਜਾਤਿ ਸਭੈ ਏਕੋ ਪਹਿਚਾਨਬੋ' ਨੂੰ ਹੀ ਉਨ੍ਹਾਂ ਨੇ ਜੀਵਨ ਦਾ ਧੁਰਾ ਬਣਾਇਆ। ਸ. ਹਰਪਾਲ ਸਿੰਘ ਦੇਸੂ ਮਾਜਰਾ ਨੇ ਆਪ ਜੀ ਨੂੰ ਸਿਰੋਪਾ ਭੇਟ ਕੀਤਾ। ਬੀਬੀ ਰਾਜਿੰਦਰ ਕੌਰ ਭੱਠਲ ਰੂਰਲ ਡੀਵੈਲਪਮੈਂਟ ਮਨਿਸਟਰ ਨੇ ਮਹਾਂਪੁਰਸ਼ਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਪੰਜਾਬ ਦੀ ਧਰਤੀ ਦੇ ਜ਼ਰੇ ਜ਼ਰੇ ਨੂੰ ਸੰਤਾਂ ਮਹਾਂਪੁਰਸ਼ਾਂ ਦੇ ਚਰਨਾਂ ਦੀ ਛੋਹ ਪ੍ਰਾਪਤ ਹੈ, ਇਹ ਸ਼ਹੀਦਾਂ ਦੀ ਧਰਤੀ ਹੈ, ਯੋਧਿਆਂ ਸੂਰਬੀਰਾਂ ਦੀ ਧਰਤੀ ਹੈ ਪਰ ਅੱਜ ਦੋਖੀ ਪਿਆਰ ਵਿਚ ਜ਼ਹਿਰ ਘੋਲਣ ਦੀ ਕੋਸ਼ਿਸ਼ ਕਰ ਰਹੇ ਹਨ। ਇਹੋ ਜਿਹੇ ਹਾਲਾਤ ਵਿਚ ਬਾਬਾ ਜੀ ਦੇ ਮਿਸ਼ਨ ਦੀ ਹੋਰ ਵੀ ਵਧੇਰੇ ਲੋੜ ਹੈ। ਬੀਬੀ ਭੱਠਲ ਨੇ ਆਪਣੇ ਅਖਤਿਆਰੀ ਫੰਡ ਵਿਚੋਂ 51,000 ਰੁਪਏ ਬਾਬਾ ਜੀ ਵਲੋਂ ਬਣਾਏ ਐਜੂਕੇਸ਼ਨ ਟਰੱਸਟ ਲਈ ਦੇਣ ਦਾ ਐਲਾਨ ਕੀਤਾ।

ਸੰਗਤ ਦੇ ਵਿਸ਼ਾਲ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਮਿਸ਼ਨ ਦੇ ਮੁਖੀ ਭਾਈ ਸਾਹਿਬ ਭਾਈ ਲਖਬੀਰ ਸਿੰਘ ਜੀ ਨੇ ਕਿਹਾ ਕਿ ਮਹਾਂਪੁਰਸ਼ ਸੇਵਾ ਸਿਮਰਨ ਇਸ ਲਈ ਨਹੀਂ ਕਰਦੇ ਕਿ ਕੁਝ ਬਣਨਾ ਹੈ ਸਗੋਂ ਆਪਣਾ ਆਪ ਮਿਟਾਉਣਾ ਹੈ। ਆਪਣੀ ਹੋਂਦ ਖਤਮ ਕਰਕੇ ਹੀ ਰੱਬ ਪ੍ਰਾਪਤ ਹੁੰਦਾ ਹੈ ਸਗੋਂ ਰੱਬ ਦਾ ਰੂਪ ਹੀ ਹੋ ਜਾਈਦਾ ਹੈ। ਉਨ੍ਹਾਂ ਦਸਿਆ ਕਿ ਮਹਾਂਪੁਰਸ਼ਾਂ ਨੇ ਪਰਉਪਕਾਰਾਂ ਦੀ ਜੋ ਨੀਂਹ ਰੱਖੀ, ਸਤਿਕਾਰਯੋਗ ਬੀਜੀ ਦੀ ਅਗਵਾਈ ਵਿਚ ਅਤੇ ਮਿਸ਼ਨ ਦੇ ਸਾਰੇ ਪ੍ਰੇਮੀਆਂ ਦੇ ਸਹਿਯੋਗ ਨਾਲ ਪੂਰੀ ਹੋ ਰਹੀ ਹੈ ਤੇ ਪੂਰੀ ਤਨ ਦੇਹੀ ਨਾਲ ਅਸੀਂ ਸਭ ਨੇ ਕਾਰਜਸ਼ੀਲ ਰਹਿਣਾ ਹੈ। ਮਹਾਂਪੁਰਸ਼ਾਂ ਨੇ ਸਾਰੀ ਮਨੁੱਖਤਾ ਨਾਲ ਪਿਆਰ ਦੀ ਸਾਂਝ ਪਾਈ, ਨਫਰਤ ਦੀਆਂ ਵਿੱਥਾਂ ਮੇਟੀਆਂ, ਅਸੀਂ ਉਨ੍ਹਾਂ ਦੇ ਫੁਰਨੇ ਸਾਕਾਰ ਕਰਨੇ ਹਨ। 'ਆਤਮ ਮਾਰਗ' ਦਾ ਮੁੱਖ ਸੁਨੇਹਾ ਵੀ ਇਹੋ ਹੈ, 'ਜਿਨਿ ਪ੍ਰੇਮ ਕੀਓ ਤਿਨਿ ਹੀ ਪ੍ਰਭ ਪਾਇਓ' ਇਸ ਸੁਨੇਹੇ ਨੂੰ ਸੰਸਾਰ ਅੰਦਰ ਦੇਣ ਦਾ ਉਪਰਾਲਾ ਕਰਨਾ ਹੈ। ਵਿਦੇਸ਼ਾਂ ਵਿਚ ਵਸਦੇ ਪ੍ਰੇਮੀਆਂ ਦੇ ਅਥਾਹ ਪਿਆਰ, ਸ਼ਰਧਾ ਤੇ ਭਾਵਨਾ ਬਾਰੇ ਬੋਲਦਿੱਆਂ ਉਨ੍ਹਾਂ ਨੇ ਦੱਸਿਆ ਕਿ ਬਾਬਾ ਜੀ ਇਨ੍ਹਾਂ ਪ੍ਰੇਮੀਆਂ ਨਾਲ ਬਹੁਤ ਨਿਕਟ ਸਬੰਧ ਰਖਦੇ ਸਨ। ਅਸੀਂ ਇਹ ਪਿਆਰ ਤੇ ਸਾਂਝ ਬਣਾਈ ਰਖਣੀ ਹੈ। ਉਨ੍ਹਾਂ ਨੇ ਇਸ ਧਾਰਨਾ ਰਾਹੀਂ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ - ***"ਬਾਝ ਪਿਆਰੇ ਦੇ ਉਜਾੜ ਸਾਨੂੰ ਦਿਸਦਾ, ਜਗ ਭਾਵੇਂ ਸਾਰਾ ਵਸਦਾ।"*** ਆਪ ਜੀ ਨੇ ***"ਏਕੋ ਕਹੀਐ ਨਾਨਕਾ, ਏਕੋ ਕਹੀਐ ਨਾਨਕਾ"*** ਦਾ ਅਰਥ ਭਾਵ ਅਨੇਕਾਂ ਪ੍ਰਮਾਣਾਂ ਰਾਹੀਂ ਸਪਸ਼ਟ ਕੀਤੇ। ਉਪਰੰਤ ਭਾਈ ਸਾਹਿਬ ਜੀ ਨੇ ਇਸ ਕਵਿਤਾ ਦਾ ਗਾਇਨ ਕੀਤਾ ਜਿਸ ਨੇ ਸੰਗਤਾਂ ਦੇ ਦਿਲਾਂ ਨੂੰ ਟੁੰਬ ਕੇ ਸਾਰੀ ਸੰਗਤ ਦੇ ਨੇਤਰ ਸੇਜਲ ਕਰ ਦਿਤੇ। 'ਪਿਆਰੇ ਦੀ ਅੱਜ ਯਾਦ ਸਤਾਵੇ, ਬਿਰਹੋਂ ਵਿਚ ਸੜਦੇ ਸੜਦੇ ਸੜ ਜਾਈਏ।' ਮਹਾਂਪੁਰਖਾਂ ਦੇ ਪਰਉਪਕਾਰਾਂ ਬਾਰੇ ਉਨ੍ਹਾਂ ਦੱਸਿਆ ਕਿ ਬ੍ਰਹਮਗਿਆਨੀ ਦੇ ਅੰਦਰ ਪਰਉਪਕਾਰ ਦਾ ਉਮਾਹ ਹੁੰਦਾ ਹੈ ਜਿਸ ਦੀ ਮਿਸਾਲ ਉਹ ਖੁਦ ਆਪ ਹੀ ਸਨ ਕਿਉਂਕਿ ਹੜ੍ਹਾਂ ਤੇ ਭੁਚਾਲ ਦੇ ਦੌਰਾਨ ਜਿਸ ਤਰ੍ਹਾਂ ਉਨ੍ਹਾਂ ਨੇ ਮਨੁੱਖਤਾ ਦੀ ਸੇਵਾ ਕੀਤੀ ਅਤੇ ਲੱਖਾਂ ਪ੍ਰਾਣੀਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ। ਬ੍ਰਹਮਗਿਆਨੀ ਦੇ ਅੰਦਰ ਪਰਉਪਕਾਰ ਦਾ ਚਾਅ ਹੁੰਦਾ ਹੈ -

***ਬ੍ਰਹਮਗਿਆਨੀ ਪਰਉਪਕਾਰ ਉਮਾਹਾ।।***

## ਗੁਰਮਤਿ ਸਮਾਗਮ ਦਾ ਚੌਥਾ ਦਿਨ

ਅੱਜ ਮਿਤੀ 2 ਨਵੰਬਰ ਸ਼ਨੀਵਾਰ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਦੀ ਨਿੱਘੀ ਯਾਦ ਨੂੰ ਸਮਰਪਿਤ ਸਾਲਾਨਾ ਗੁਰਮਤਿ ਸਮਾਗਮ ਦਾ ਚੌਥਾ ਤੇ ਆਖਰੀ ਦਿਨ ਸੀ। ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅਰਦਾਸ ਅਤੇ ਹੁਕਮਨਾਮੇ ਉਪਰੰਤ ਸ਼ਬਦ ਕੀਰਤਨ ਅਤੇ ਪ੍ਰਵਚਨਾਂ ਦੀ ਲੜੀ ਆਰੰਭ ਹੋਈ। ਭਾਈ ਉਜਾਗਰ ਸਿੰਘ, ਭਾਈ ਮਨਪ੍ਰੀਤ ਸਿੰਘ, ਗਿਆਨੀ ਸਾਹਿਬ ਸਿੰਘ ਹੈਡ ਗ੍ਰੰਥੀ, ਭਾਈ ਰਣਜੀਤ ਸਿੰਘ ਰਤਵਾੜਾ ਸਾਹਿਬ, ਸੰਤ ਅਜੀਤ ਸਿੰਘ ਕਾਰ ਸੇਵਾ ਵਾਲੇ, ਸਭਨਾਂ ਨੇ ਸ਼ਬਦ ਦੀ ਹਾਜ਼ਰੀ ਭਰੀ। ਉਪਰੰਤ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਅਤੇ ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ ਦੇ ਬੱਚਿਆਂ ਨੇ ਸ਼ਬਦ ਗਾਇਨ ਕੀਤੇ ਅਤੇ ਕਵਿਤਾਵਾਂ ਪੜ੍ਹੀਆਂ ਤੇ ਬਾਬਾ ਜੀ ਨੂੰ ਯਾਦ ਕੀਤਾ। ਡਾ. ਬਲਵਿੰਦਰ ਕੌਰ ਚਾਹਲ, ਪ੍ਰਿੰਸੀਪਲ ਨੇ ਮਹਾਂਪੁਰਸ਼ਾਂ ਪ੍ਰਤੀ ਆਪਣੀਆਂ ਭਾਵਨਾਵਾਂ ਪ੍ਰਗਟ ਕੀਤੀਆਂ।

ਭਾਈ ਗੁਰਪਾਲ ਸਿੰਘ ਜੀ ਨੇ ਸ਼ਬਦ ਕੀਰਤਨ ਅਤੇ ਵਖਿਆਨ ਰਾਹੀਂ ਇਹ ਵਿਚਾਰ ਦ੍ਰਿੜ੍ਹ ਕਰਵਾਇਆ ਕਿ ਕੁਝ ਵੀ ਪ੍ਰਾਪਤ ਕਰਨਾ ਹੋਵੇ, ਅੰਦਰ ਜਗਿਆਸਾ ਹੋਣੀ ਚਾਹੀਦੀ ਹੈ। ਭਾਈ ਫਕੀਰ ਸਿੰਘ ਰਤਵਾੜਾ ਸਾਹਿਬ ਨੇ ਕਵਿਤਾ ਰਾਹੀਂ ਮਹਾਂਪੁਰਸ਼ਾਂ ਪ੍ਰਤੀ ਆਪਣੇ ਦਿਲ ਦੇ ਵਲਵਲੇ ਪ੍ਰਗਟ ਕੀਤੇ।

ਭਾਈ ਸਾਹਿਬ ਭਾਈ ਦਇਆ ਸਿੰਘ ਮੈਮੋਰੀਅਲ ਪਬਲਿਕ ਸਕੂਲ ਰਾਜਪੁਰਾ ਅਤੇ ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ ਬਨੂੜ ਦੇ ਬੱਚਿਆਂ ਨੇ ਬੜੇ ਪਿਆਰੇ ਤੇ ਜੋਸ਼ੀਲੇ ਢੰਗ ਨਾਲ ਕਵਿਤਾਵਾਂ ਦਾ ਗਾਇਨ ਕੀਤਾ। ਬਾਬਾ ਗੁਰਦੇਵ ਸਿੰਘ ਬਨੂੜ ਵਾਲਿਆਂ ਨੇ ਆਪਣੇ ਪਿਆਰੇ ਲਈ ਵਗੇ ਹੰਝੂਆਂ ਨੂੰ ਕਵਿਤਾ ਰਾਹੀਂ ਪ੍ਰਗਟ ਕੀਤਾ।

ਸੰਤ ਬਾਬਾ ਹਰੀ ਸਿੰਘ ਰੰਧਾਵੇ ਵਾਲਿਆਂ ਨੇ 'ਸ਼ਬਦ



Sri Satguru Jagjit Singh Ji eLibrary NamdhariElibrary@gmail.com

ਗੁਰੂ ਸੁਰਤਿ ਧੁਨਿ ਚੇਲਾ' ਵਿਸ਼ੇ ਤੇ ਗਿਆਨ ਭਰਪੂਰ ਵਿਚਾਰ ਪ੍ਰਗਟ ਕਰਦਿਆਂ ਦੱਸਿਆ ਕਿ 'ਸਿੱਧ ਗੋਸ਼ਟਿ' ਵਿਚ ਸਿੱਧਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਇਕ ਪ੍ਰਸ਼ਨ ਕੀਤਾ ਸੀ ***'ਕਵਣ ਮੂਲੁ ਕਵਣ ਮਤਿ ਵੇਲਾ॥ ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ।।' ਪੰਨਾ-942*** ਗੁਰੂ ਨਾਨਕ ਦੇਵ ਜੀ ਨੇ ਇਸੇ ਸੁਰ ਵਿਚ ਸੰਖੇਪ ਉਤਰ ਦਿਤਾ –

***ਪਵਨ ਅਰੰਭੁ ਸਤਿਗੁਰ ਮਤਿ ਵੇਲਾ॥***
***ਸਬਦੁ ਗੁਰੂ ਸੁਰਤਿ ਧੁਨਿ ਚੇਲਾ॥ ਪੰਨਾ – 943***

ਗੁਰਬਾਨੀ ਵਿਚ ਇਸ ਨੂੰ ਗੁਰਮਤਿ ਦਾ ਮੁਢਲਾ ਸਿਧਾਂਤ ਦਰਸਾਇਆ ਗਿਆ ਹੈ। ਫੁਰਮਾਨ ਹੈ ***'ਸਬਦ ਸੁਰਤਿ ਕੀ ਨੀਵ ਰਖਾਈ।'*** ਗੁਰੂ ਮਹਾਰਾਜ ਦਾ ਫੁਰਮਾਨ ਹੈ ਕਿ ਸੁਰਤਿ ਨੂੰ ਸ਼ਬਦ ਨਾਲ ਜੋੜੇ ਬਿਨਾਂ ਮਨੁੱਖ ਬਾਰ ਬਾਰ ਜੰਮਦਾ ਮਰਦਾ ਰਹਿੰਦਾ ਹੈ। ***'ਸਬਦੁ ਸੁਰਤਿ ਬਿਨੁ ਆਈਐ ਜਾਈਐ॥' ਪੰਨਾ-1042*** ਬਾਣੀ ਨੂੰ ਗੁਰੂ ਰੂਪ ਮੰਨਿਆ ਹੈ। ***ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥ ਪੰਨਾ – 982*** ਸ਼ਬਦ ਦਾ ਭਾਵ ਹੈ, ਧੁਨਿ, ਆਵਾਜ਼, ਗੁਰੂ ਦਾ ਉਪਦੇਸ਼, ਬ੍ਰਹਮ, ਪ੍ਰਮਾਤਮਾ ਅਨੇਕ ਅਰਥ ਮਿਲਦੇ ਹਨ। ਆਕਾਸ਼ ਦਾ ਗੁਣ ਆਵਾਜ਼ ਹੈ, ਹਵਾ ਵਿਚ ਦੋ ਗੁਣ ਹਨ। ਆਕਾਸ਼ ਤੋਂ ਆਵਾਜ਼ ਦਾ ਗੁਣ ਉਸ ਨੇ ਲਿਆ ਅਤੇ ਨਾਲ ਹੀ ਸਪਰਸ਼ ਦਾ ਗੁਣ ਧਾਰਨ ਕੀਤਾ। ਅੱਗ ਵਿਚ ਤਿੰਨ ਗੁਣ ਹਨ – ਸ਼ਬਦ, ਸਪਰਸ਼ ਤੇ ਰੂਪ। ਪਾਣੀ ਦੇ ਚਾਰ ਗੁਣ ਹਨ, ਰਸ ਗੁਣ ਦਾ ਵਾਧਾ ਹੋਇਆ। ਧਰਤੀ ਨੇ 'ਗੰਧ' ਇਕ ਹੋਰ ਗੁਣ ਦਾ ਵਾਧਾ ਕਰ ਲਿਆ, ਪੰਜ ਗੁਣ ਧਾਰਨ ਕਰ ਲਏ। ਸਾਡੀ ਸੁਰਤਿ ਸੰਸਾਰਕ ਵਸਤਾਂ ਪੰਜਾਂ ਤੱਤਾਂ ਤੋਂ ਬਣੀਆਂ ਵਸਤਾਂ ਨੂੰ ਤਾਂ ਪਕੜ ਲੈਂਦੀ ਹੈ ਪਰ ਸ਼ਬਦ 'ਧੁਨਿ' ਨੂੰ, ਨਹੀਂ ਪਕੜਦੀ। ਕਾਰਨ ਇਹ ਹੈ ਕਿ ਇਹ ਗੁਰੂ ਦੀ ਆਗਿਆ ਵਿਚ ਨਹੀਂ ਰਹਿੰਦੀ, ਗੁਰੂ ਦੇ ਸ਼ਬਦ ਨੂੰ ਨਹੀਂ ਸੁਣਦੀ ਕਿਉਂਕਿ ਲਗਾਉ ਨਹੀਂ ਹੈ, ਅੰਦਰ ਪਿਆਰ ਨਹੀਂ ਹੈ, ਅੰਦਰ ਤਾਂ ਫੁਰਨਿਆਂ ਨਾਲ ਭਰਿਆ ਪਿਆ ਹੈ। ਉਨ੍ਹਾਂ ਫੁਰਨਿਆਂ ਦਾ ਪ੍ਰਕ੍ਰਿਤੀ ਦੀਆਂ ਆਕਰਸ਼ਣ ਸ਼ਕਤੀਆਂ ਵਿਚ ਧਿਆਨ ਮੁੜ ਮੁੜ ਜਾਂਦਾ ਹੈ। ਸੁਰਤਿ ਵਿਚ ਗੰਧਲਾਪਨ (ਮੈਲ) ਆ ਗਿਆ ਹੈ ਜਿਸ ਨੂੰ ਗੁਰੂ ਜੀ ਨਾਮ ਰਾਹੀਂ ਧੋਣ ਦਾ ਉਪਦੇਸ਼ ਦਿੰਦੇ ਹਨ – ***'ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥' ਪੰਨਾ-4*** ਸਭ ਤੋਂ ਸ਼ਕਤੀਸ਼ਾਲੀ ਧਾਤ ਹੈ, ਲੋਹਾ, ਲੋਹੇ ਵਿਚ ਵੀ ਮੈਲ ਆ ਜਾਏ ਤਾਂ ਜੰਗਾਲ ਲਗ ਜਾਂਦਾ ਹੈ। ਸੁਰਤਿ ਦੇ ਬਸਤਰ ਨੂੰ ਵੀ ਮੈਲ ਖਾ ਗਈ ਹੈ। ਸੁਰਤਿ ਇਕ ਮਾਰਗ ਹੈ, ਸੁਰਤਿ ਨੂੰ ਗੁਰੂ ਦਾ ਚੇਲਾ ਬਣਾਉਣਾ ਹੈ। ਜਦੋਂ ਸੁਰਤਿ ਤੇ ਨਾਮ ਨੂੰ ਟਿਕਾਉਂਦੇ ਹਾਂ ਪਰ ਅੰਦਰੋਂ ਕਾਮ, ਕ੍ਰੋਧ, ਲੋਭ, ਮੋਹ ਦਾ ਜ਼ੋਰ ਪੈਂਦਾ ਹੈ ਸੁਰਤਿ ਖਿੰਡ ਜਾਂਦੀ ਹੈ, ਟਿਕਦੀ ਨਹੀਂ। ਫੁਰਮਾਨ ਹੈ –

***ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ॥***
***ਨਾਨਕ ਪ੍ਰਭ ਸਰਣਾਗਤੀ ਕਰਿ ਪ੍ਰਸਾਦੁ ਗੁਰਦੇਵ॥***
***ਪੰਨਾ – 269***

ਸੁਰਤਿ ਅੰਦਰ ਐਨਾ ਕੂੜ ਕਬਾੜ ਜਮ੍ਹਾਂ ਹੋ ਗਿਆ ਹੈ ਕਿ ਅੰਦਰ ਨਾਮ ਟਿਕਣ ਦੀ ਥਾਂ ਹੀ ਨਹੀਂ ਰਹੀ। ਗੁਰੂ ਤੋਂ ਬਿਨਾਂ ਇਸ ਦਾ ਇਲਾਜ ਕਿਸੇ ਪਾਸ ਨਹੀਂ। ਸ਼ਬਦ ਹੀ ਗੁਰੂ ਹੈ, ਸ਼ਬਦ ਦੇਹਾਂ ਵਿਚ ਵਿਚਰਦਾ ਸੀ, ਫੇਰ ਦੇਹਾਂ ਤੋਂ ਗੁਰਬਾਣੀ ਵਿਚ ਪ੍ਰਗਟ ਹੋਇਆ, ਇਸੇ ਲਈ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਬਖਸ਼ਿਸ਼ ਹੋਈ। ਹਉਮੈ 'ਅਹੰਕਾਰ' ਸਭ ਤੋਂ ਵੱਡੀ ਰੁਕਾਵਟ ਹੈ, ਸੁਰਤਿ ਨੂੰ ਸ਼ਬਦ ਵਿਚ ਜੋੜਨ ਲਈ 'ਹਉਮੈ' ਦੀ ਸੁਰਤਿ' ਨੂੰ ਵਿਸਾਰਨਾ ਜ਼ਰੂਰੀ ਹੈ। ਫੁਰਮਾਨ ਹੈ, 'ਭੋਲਿਆ ਹਉਮੈ ਸੁਰਤਿ ਵਿਸਾਰ॥' ਭਾਈ ਸਾਹਿਬ ਭਾਈ ਗੁਰਦੀਪ ਸਿੰਘ ਖੂਬੀਆ ਨੰਗਲ ਵਾਲਿਆਂ ਨੇ ਬੜੇ ਪਿਆਰ ਤੇ ਵੈਰਾਗ ਵਿਚ ਮਹਾਂਪੁਰਸ਼ਾਂ ਦੇ ਪਰਉਪਕਾਰ ਦੱਸੇ ਕਿ ਕਿਵੇਂ ਉਨ੍ਹਾਂ ਨੇ ਸੱਚੀ ਸੁੱਚੀ ਕਿਰਤ ਆਪ ਕੀਤੀ ਹੈ ਤੇ ਸਾਨੂੰ ਐਸਾ ਕਰਨ ਦੀ ਸਿਖਿਆ ਦਿਤੀ। ਅਪਰਾਧ ਕਰਨ ਵਾਲਿਆਂ ਨੂੰ ਨਾਮ ਨਾਲ ਜੋੜ ਕੇ ਸੱਚੇ ਸੁੱਚੇ ਇਨਸਾਨ ਬਣਾ ਦਿਤਾ। ਏਥੇ ਪਿੰਡ ਰਤਵਾੜਾ ਦੇ ਉਜਾੜ ਨੂੰ ਸੋਹਣੇ ਬਾਗ ਬਗੀਚੇ ਤਪੋਬਨ ਵਿਚ ਬਦਲ ਦਿਤਾ। ਇਹ ਉਨ੍ਹਾਂ ਦੇ ਨਾਮ ਜਾਪ ਤੇ ਭਗਤੀ ਦਾ ਪ੍ਰਤਾਪ ਹੈ। ਸਵਾਮੀ ਬੀਬੀ ਪ੍ਰੀਤਮ ਜੋਤੀ ਹਰੀ ਜੀ ਅੰਮ੍ਰਿਤਸਰ ਵਾਲਿਆਂ ਨੇ 'ਸੰਤ ਰਹਿਤ ਸੁਨਹੁ ਮੇਰੇ ਭਾਈ ਤਾਕੀ ਮਹਿਮਾ ਕਥੀ ਨ ਜਾਈ' ਵਿਸ਼ੇ ਤੇ ਬੋਲਦਿਆਂ ਦੱਸਿਆ ਕਿ ਗੁਰੂ ਮਹਾਰਾਜ ਜੀ ਨੇ ਗੁਰਮਤਿ ਸਿਧਾਂਤ ਦੇ ਤਿੰਨ ਮੁੱਖ ਅੰਗ ਦੱਸੇ ਹਨ – ਸਤਿਸੰਗ, ਸਿਮਰਨ ਤੇ ਸੇਵਾ। ਇਹੋ ਸੰਤਾਂ ਦੀ ਰਹਿਤ ਹੁੰਦੀ ਹੈ। ਸੰਤ ਰਹਿਤ ਹੈ, ***ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ॥ (ਪੰਨਾ 611)*** ਸੰਤ ਰਹਿਤ ਹੈ ***ਰਾਮਦਾਸ ਸਰੋਵਰਿ ਨਾਤੇ॥ ਸਭਿ ਉਤਰੇ ਪਾਪ ਕਮਾਤੇ॥ ਪੰਨਾ-625*** ਨਾਮ ਸਿਮਰਨ ਵਿਚ ਜੁੜੀ ਸੰਗਤ ਨਾਮ ਦਾ ਸਰੋਵਰ ਹੈ। ਸੰਤ ਵੈਰਾਗੀ ਹੁੰਦਾ ਹੈ, ਸੂਰਬੀਰ ਹੁੰਦਾ ਹੈ, ਵਿਕਾਰਾਂ ਵਿਰੁੱਧ ਲੜਨਵਾਲਾ, ਬਚਨਾਂ ਦਾ ਬਲੀ ਹੁੰਦਾ ਹੈ, ਸੱਚੇ ਬਚਨ ਬੋਲਦਾ ਹੈ, ਉਸ ਦੇ ਬਚਨ 'ਸਾਧ ਬਚਨ ਅਟਲਾਧਾ' ਹੁੰਦੇ ਹਨ। ਇਕ ਸਥੂਲ ਸਰੀਰ ਹੈ ਅਤੇ ਇਕ ਸੂਖਸ਼ਮ ਸਰੀਰ ਹੈ। ਸੂਖਸ਼ਮ ਹੋਣ ਲਈ ਵਿਵੇਕ ਦੀ ਲੋੜ ਹੈ, ਜਿਉਂ ਜਿਉਂ ਮਨੁੱਖ ਦੀ ਬਿਰਤੀ ਸੂਖਸ਼ਮ ਹੁੰਦੀ ਹੈ, ਉਸ ਦੀ ਨਾਮ-ਸਿਮਰਨ ਵਿਚ ਲਿਵ ਜੁੜਦੀ ਜਾਂਦੀ ਹੈ। ਗੁਰਬਾਣੀ ਮੂਲ-ਰੂਪ ਦੀ ਪਛਾਣ ਲਈ ਉਪਦੇਸ਼ ਦਿੰਦੀ ਹੈ – ***'ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥' ਪੰਨਾ-441*** ਜੋਤਿ ਸਰੂਪ ਪ੍ਰਮਾਤਮਾ ਅੰਦਰ ਬੈਠਾ ਸਤਿ ਚਿਤ ਅਨੰਦ ਹੈ। ਇਸ ਨਾਲ ਜੁੜਿਆਂ ਬਾਹਰ ਦੇ ਬੰਧਨ ਟੁੱਟ ਜਾਂਦੇ ਹਨ। ਹਉਂ, ਮੈਂ, ਮੇਰੀ ਦੀਆਂ ਕੈਦਾਂ ਖਤਮ ਹੋ ਜਾਂਦੀਆਂ ਹਨ। ਗਿਆਨੀ ਹਰਮਿੰਦਰ ਸਿੰਘ ਜਵੱਦੀ ਕਲਾਂ ਨੇ ਗੁਰਮਤਿ ਵਿਚਾਰਾਂ ਪੇਸ਼ ਕੀਤੀਆਂ ਅਤੇ ਸੰਤ ਬਾਬਾ ਕਰਨੈਲ ਸਿੰਘ ਜਵੱਦੀ ਵਾਲਿਆਂ ਨੂੰ ਗਿਆਨੀ ਹਰਿੰਦਰ ਸਿੰਘ ਯੂ.ਪੀ. ਵਾਲਿਆਂ ਨੇ ਸਿਰੋਪਾ ਭੇਟ ਕੀਤਾ। ਸੰਤ ਕਲਿਆਣਦਾਸ ਸਿੰਘ ਅਨੰਦਪੁਰ ਸਾਹਿਬ ਵਾਲਿਆਂ ਨੇ ਆਪਣੇ ਪ੍ਰਵਚਨਾਂ ਵਿਚ ਦੱਸਿਆ ਕਿ ਸੰਤ ਮਾਤਾ ਪਿਤਾ


Sri Satguru Jagjit Singh Ji eLibrary NamdhariElibrary@gmail.com

ਦੇ ਘਰ ਜਨਮ ਤਾਂ ਲੈਂਦੇ ਹਨ ਪਰ ਇਹ ਸੱਚ ਹੈ ਕਿ ਉਹ ਮਰਦੇ ਨਹੀਂ ਕਿਉਂਕਿ ਨਾਮ-ਸਿਮਰਨ-ਭਗਤੀ ਕਰਦਿਆਂ ਉਹ ਪ੍ਰਭੂ ਨਾਲ ਇਕਮਿਕਿ ਹੋ ਜਾਂਦੇ ਹਨ, ਉਨ੍ਹਾਂ ਦੀ ਆਪਣੀ ਹੋਂਦ ਖਤਮ ਹੋ ਜਾਂਦੀ ਹੈ, ਉਹ ਅਕਾਲ ਪੁਰਖ ਦਾ ਰੂਪ ਹੋ ਜਾਂਦੇ ਹਨ ਤੇ ਅਕਾਲ ਤਾਂ ਕਾਲ ਰਹਿਤ ਹੈ, ਇਸ ਤਰ੍ਹਾਂ ਉਹ ਵੀ ਕਾਲ ਅਤੇ ਅਥਵਾ ਮਰਨ ਤੋਂ ਮੁਕਤ ਹੋ ਜਾਂਦੇ ਹਨ। ***ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥ ਪੰਨਾ - 749*** ਭਾਈ ਸਤਨਾਮ ਸਿੰਘ ਅਮਰੀਕਾ ਵਾਲੇ, ਜਿਹੜੇ ਸੈਨਹੋਜ਼ੇ ਕੈਲੇਫੋਰਨੀਆਂ ਵਿਖੇ ਮਿਸ਼ਨ ਦੇ ਸੈਂਟਰ ਵਿਖੇ ਸੰਗਤਾਂ ਨੂੰ ਜੋੜਦੇ ਹਨ, ਏਥੇ ਵੀ ਉਨ੍ਹਾਂ ਨੇ ਬਾਬਾ ਜੀ ਦੇ ਪਰਉਪਕਾਰ ਦੱਸੇ ਤੇ ਸੰਗਤ ਨੂੰ ਨਾਮ ਸਿਮਰਨ 'ਵਾਹਿਗੁਰੂ' ਸ਼ਬਦ ਦੇ ਜਾਪ ਵਿਚ ਜੋੜਿਆ। ਸ. ਮਨਜੀਤ ਸਿੰਘ ਜੀ, ਮਹਾਂਪੁਰਸ਼ਾਂ ਦੇ ਵੱਡੇ ਸਪੁੱਤਰ, ਜਿਹੜੇ ਅਮਰੀਕਾ ਵਿਚ ਰਹਿੰਦੇ ਹਨ, ਨੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਦਿਆਂ ਦੱਸਿਆ ਕਿ ਸੰਤ ਪਿਤਾ ਪਿਆਰ ਦੇ ਸਾਗਰ ਸਨ। ਉਨ੍ਹਾਂ ਨੇ ਸਭ ਨੂੰ ਪਿਆਰ ਦਿਤਾ। ਉਹ ਚਾਹੁੰਦੇ ਸੀ ਕਿ ਬੱਚਿਆਂ ਨੂੰ ਸਭ ਤੋਂ ਉਚੀ ਤੇ ਸ੍ਰੇਸ਼ਠ ਵਿਦਿਆ ਦਿਤੀ ਜਾਵੇ। ਸੁੰਦਰ ਬਗੀਚੇ ਸਿਰਜਣੇ, ਸੋਹਣੇ ਗੁਰਦਵਾਰਾ ਸਾਹਿਬ ਨੂੰ ਸੰਪੰਨ ਕਰਨਾ ਉਨ੍ਹਾਂ ਦੀਆਂ ਖਾਹਸ਼ਾਂ ਸਨ। ਉਨ੍ਹਾਂ ਦੱਸਿਆ ਕਿ ਭਾਈ ਸਾਹਿਬ ਲਖਬੀਰ ਸਿੰਘ ਭਾਈ ਹਰਪਾਲ ਸਿੰਘ ਜੀ ਅਤੇ ਹੋਰ ਸਭ ਸਿੰਘਾਂ ਨੇ ਤੇ ਸੰਗਤਾਂ ਨੇ ਮਿਲ ਕੇ ਸੰਤ ਪਿਤਾ ਦੀ ਯਾਦ ਵਿਚ ਇਕ ਅਜੈਬ-ਘਰ ਬਣਾਉਣਾ ਹੈ ਅਤੇ ਲੰਗਰ ਦਾ ਸਥਾਨ ਹੋਰ ਸੋਹਣਾ, ਸਾਫ ਤੇ ਸੁੰਦਰ ਬਣਾਉਣਾ ਹੈ। ਆਸ ਹੈ ਨਾਮ ਸਿਮਰਨ ਦੇ ਨਾਲ ਅਸੀਂ ਇਹ ਪਰਉਪਕਾਰੀ ਕਾਰਜ ਵੀ ਕਰਾਂਗੇ। ਸੰਤ ਅਵਤਾਰ ਸਿੰਘ ਜੀ ਅਤੇ ਸੰਤ ਸੁਰਜੀਤ ਸਿੰਘ ਜੀ ਨੂੰ ਗਿਆਨੀ ਹਰਿੰਦਰ ਸਿੰਘ ਜੀ ਨੇ ਸਰੋਪਿਆਂ ਰਾਹੀਂ ਨਿਵਾਜਿਆ। ਗਿਆਨੀ ਹਰਿੰਦਰ ਸਿੰਘ ਯੂ.ਪੀ. ਵਾਲਿਆਂ ਨੂੰ ਮਹਾਂਪੁਰਸ਼ਾਂ ਦੀ ਸੰਗਤ ਬਹੁਤ ਦੇਰ ਤੋਂ ਪ੍ਰਾਪਤ ਹੈ। ਉਨ੍ਹਾਂ ਨੇ ਮਹਾਂਪੁਰਸ਼ਾਂ ਬਾਰੇ ਦਸਦਿਆਂ ਕਿਹਾ ਕਿ 'ਸੰਤਨ ਕੀ ਸੁਣ ਸਾਚੀ ਸਾਖੀ ਸੋ ਬੋਲੇ ਜੋ ਪੇਖੈ ਆਖੀ।' ਉਨ੍ਹਾਂ ਦੀ ਮਹਾਂਪੁਰਸ਼ਾਂ ਨਾਲ 1953 ਵਿਚ ਸੰਗਤ ਹੋਈ ਤੇ ਅਖੀਰ ਤਕ ਨਿਭੀ। ਉਨ੍ਹਾਂ ਦੱਸਿਆ ਕਿ ਸੰਤ ਬਾਬਾ ਅਤਰ ਸਿੰਘ ਰੇਰੂ ਸਾਹਿਬ ਨਾਲ ਵੀ ਉਨ੍ਹਾਂ ਦੀ ਡੂੰਘੀ ਸਾਂਝ ਸੀ, ਉਨ੍ਹਾਂ ਦੇ ਵਰੋਸਾਏ ਸ੍ਰੀ ਮਾਨ ਸੰਤ ਬਾਬਾ ਈਸ਼ਰ ਸਿੰਘ ਜੀ ਸਾਡੇ ਦੋਹਾਂ ਪਰਿਵਾਰਾਂ ਦੇ ਪਿਆਰ ਸਤਿਕਾਰ ਵਾਲੇ ਸਨ। ਯੂ.ਪੀ. ਵਿਚ ਮਿਲ ਕੇ ਯੂ.ਪੀ. ਸਿੱਖ ਪ੍ਰਤੀਨਿਧੀ ਬੋਰਡ ਦਾ ਸੰਗਠਨ ਕੀਤਾ ਤੇ ਰਲਕੇ ਸੇਵਾ ਕੀਤੀ। ਗਿਆਨੀ ਜੀ ਨੇ ਕਿਹਾ ਕਿ ਆਪ ਜੀ ਸਚਿਆਰੇ ਪੁਰਸ਼ ਸਨ, ਸਦਾ ਸੱਚ ਦਾ ਸਾਥ ਦਿਤਾ ਤੇ ਬਿਖੜੇ ਪੈਂਡਿਆਂ ਤੇ ਚੱਲੇ। ਰਤਵਾੜਾ ਸਾਹਿਬ ਦੀ ਸਿਰਜਨਾ ਉਨ੍ਹਾਂ ਦੇ ਇਕ ਸੰਕਲਪ ਦੀ ਪੂਰਤੀ ਹੈ। ਇਹ ਗੁਰੂ ਨਾਨਕ ਦਾ ਘਰ ਹੈ। ਪਰਚਾ ਸ਼ਬਦ ਦਾ ਰਖਣਾ ਹੈ। ਲੜ ਗੁਰੂ ਦਾ ਫੜਨਾ ਹੈ।

ਆਪਣੇ ਪ੍ਰਵਚਨਾਂ 'ਚ ਮਿਸ਼ਨ ਦੇ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਨੇ ਕਿਹਾ ਕਿ ਨਾਮ ਸਿਮਰਨ ਵਿਚ ਜੁੜੀ ਸੰਗਤ ਨਾਮ ਦਾ ਸਰੋਵਰ ਹੈ। ਸੰਤ ਵੈਰਾਗੀ ਹੁੰਦਾ ਹੈ, ਸੂਰਬੀਰ ਹੁੰਦਾ ਹੈ, ਵਿਕਾਰਾਂ ਵਿਰੁੱਧ ਲੜਨਵਾਲਾ, ਬਚਨਾਂ ਦਾ ਬਲੀ ਹੁੰਦਾ ਹੈ, ਸੱਚੇ ਬਚਨ ਬੋਲਦਾ ਹੈ, ਉਸ ਦੇ ਬਚਨ 'ਸਾਧ ਬਚਨ ਅਟਲਾਧਾ' ਹੁੰਦੇ ਹਨ। ਇਕ ਸਥੂਲ ਸਰੀਰ ਹੈ ਅਤੇ ਇਕ ਸੂਖਸ਼ਮ ਸਰੀਰ ਹੈ। ਸੂਖਸ਼ਮ ਹੋਣ ਲਈ ਵਿਵੇਕ ਦੀ ਲੋੜ ਹੈ, ਜਿਉਂ ਜਿਉਂ ਮਨੁੱਖ ਦੀ ਬਿਰਤੀ ਸੂਖਸ਼ਮ ਹੁੰਦੀ ਹੈ, ਉਸ ਦੀ ਨਾਮ-ਸਿਮਰਨ ਵਿਚ ਲਿਵ ਜੁੜਦੀ ਜਾਂਦੀ ਹੈ। ਗੁਰਬਾਣੀ ਮੂਲ-ਰੂਪ ਦੀ ਪਛਾਣ ਲਈ ਉਪਦੇਸ਼ ਦਿੰਦੀ ਹੈ - ***'ਮਨ ਤੂੰ ਜੋਤਿ ਸਰੂਪ ਹੈਂ ਆਪਣਾ ਮੂਲ ਪਛਾਣ॥'*** ਜੋਤਿ ਸਰੂਪ ਪ੍ਰਮਾਤਮਾ ਅੰਦਰ ਬੈਠਾ ਸਤਿ ਚਿਤ ਅਨੰਦ ਹੈ। ਇਸ ਨਾਲ ਜੁੜਿਆਂ ਬਾਹਰ ਦੇ ਬੰਧਨ ਟੁੱਟ ਜਾਂਦੇ ਹਨ। ਹਉਂ, ਮੈਂ, ਮੇਰੀ ਦੀਆਂ ਕੈਦਾਂ ਖਤਮ ਹੋ ਜਾਂਦੀਆਂ ਹਨ। ਆਪਣੇ ਪਿਆਰੇ ਮਹਾਂਪੁਰਸ਼ਾਂ ਦੀ ਯਾਦ ਵਿਚ ਉਨ੍ਹਾਂ ਨੇ ਇਹ ਧਾਰਨਾ ਪੜ੍ਹੀ - ***'ਜਿੱਥੇ ਵਸੀਆਂ ਪਿਆਰੇ ਤੇਰੀਆਂ ਯਾਦਾਂ, ਓਹੀਓ ਤੇਰਾ ਰੂਪ ਬਣ ਗਏ।'*** ਅਤੇ ਇਸ ਦਾ ਵਿਸਤਾਰਪੂਰਵਕ ਵਰਣਨ ਕੀਤਾ। ਉਨ੍ਹਾਂ ਨੇ ਕਿਹਾ ਕਿ ਬ੍ਰਹਮਗਿਆਨੀ ਮਹਾਂਪੁਰਸ਼ ਸੰਸਾਰ ਅੰਦਰ ਹਰ ਇਨਸਾਨ, ਹਰ ਵਸਤੂ 'ਚ ਅਕਾਲਪੁਰਖ ਦਾ ਰੂਪ ਦੇਖਦੇ ਹਨ। ਨਾਮ ਦੇ ਸਿਮਰਨ ਵਾਲਿਆਂ ਲਈ ਸਮੁੱਚੀ ਕਾਇਨਾਤ ਹੀ ਉਸ ਦਾ ਰੂਪ ਹੈ। ਆਪ ਜੀ ਨੇ ਇਹ ਧਾਰਨਾ ਪੜ੍ਹੀ ***"ਦੂਜਾ ਨਾ ਦੇਖਦੇ, ਪ੍ਰਭ ਜੀ ਬਿਨ, ਬ੍ਰਹਮਗਿਆਨੀ।"*** ਅਤੇ ਕਿਹਾ ਕਿ ਲੋੜ ਹੈ ਮਹਾਂਪੁਰਸ਼ਾਂ ਦੇ ਕਮਾਏ ਹੋਏ ਬਚਨਾਂ ਤੇ ਚੱਲੀਏ। ਇਹੋ ਹੀ ਸਭ ਤੋਂ ਵੱਡੀ ਬਾਬਾ ਜੀ ਪ੍ਰਤੀ ਸਾਡੀ ਸ਼ਰਧਾ ਹੋਵੇਗੀ। ਉਹ ਹਮੇਸ਼ਾ ਹੀ ਸੰਗਤਾਂ ਨੂੰ ਗੁਰਮਤਿ ਅਨੁਸਾਰ ਚੱਲਣ ਦਾ ਉਪਦੇਸ਼ ਹੀ ਕਰਦੇ ਸਨ।

ਸਮਾਗਮ ਵਿਚ ਬੋਲਦਿਆਂ ਕੈਬਨਿਟ ਮੰਤਰੀ ਸ. ਜਗਮੋਹਨ ਸਿੰਘ ਕੰਗ ਨੇ ਕਿਹਾ ਕਿ ਸੰਤ ਬਾਬਾ ਵਰਿਆਮ ਸਿੰਘ ਨੇ ਰਤਵਾੜਾ ਸਾਹਿਬ ਦੀ ਧਰਤੀ ਤੋਂ ਪਛੜੇ ਇਲਾਕਿਆਂ 'ਚ ਜੋ ਗੁਰਬਾਣੀ ਦਾ ਪ੍ਰਚਾਰ ਕੀਤਾ ਹੈ, ਉਸ ਦੀ ਜਿਤਨੀ ਪ੍ਰਸੰਸਾ ਕਰੀਏ ਥੋੜ੍ਹੀ ਹੈ। ਉਨ੍ਹਾਂ ਕਿਹਾ ਕਿ ਉਹ ਪੰਜਾਬ ਸਰਕਾਰ ਵਲੋਂ ਇਸ ਅਸਥਾਨ ਦੀ ਮਨੁੱਖਤਾ ਦੀ ਭਲਾਈ ਲਈ ਕੀਤੇ ਕਾਰਜਾਂ ਲਈ ਆਪਣਾ ਯੋਗਦਾਨ ਪਾਉਂਦੇ ਰਹਿਣਗੇ। ਸ. ਜਗਮੋਹਨ ਸਿੰਘ ਕੰਗ ਨੂੰ ਅਸਥਾਨ ਵਲੋਂ ਸ. ਹਰਭਾਗ ਸਿੰਘ ਦੇਸੂਮਾਜਰਾ ਨੇ ਸਿਰੋਪਾ ਦੇ ਕੇ ਸਨਮਾਨਿਤ ਕੀਤਾ। ਜਥੇਦਾਰ ਉਜਾਗਰ ਸਿੰਘ ਬਡਾਲੀ ਤੇ ਗਿਆਨੀ ਹਰਿੰਦਰ ਸਿੰਘ ਨੂੰ ਵੀ ਸਿਰੋਪੇ ਬਖਸ਼ਿਸ਼ ਕੀਤੇ।

ਸਮਾਗਮ ਦੇ ਚੌਥੇ ਦਿਨ ਭਾਈ ਸਾਹਿਬ ਭਾਈ ਲਖਬੀਰ ਸਿੰਘ ਜੀ ਨੇ ਇਹ ਕਵਿਤਾ ਸੁਣਾ ਕੇ ਸੰਗਤਾਂ ਦੇ ਮਨਾਂ ਵਿਚ ਪਿਆਰ ਤੇ ਸ਼ਰਧਾ ਦੀ ਨੀਂਹ ਮਜ਼ਬੂਤ ਕੀਤੀ। ***'ਦੇਖਣ ਵਾਲੇ ਸਾਡੇ ਨੈਣ ਨਹੀਂ, ਜਿਸ ਬੇਗਮਪੁਰੇ ਤੁਸੀਂ ਵਸਦੇ ਜੀ'*** ਅਤੇ ਇਹ ਧਾਰਨਾ ਲਾਈ ਕਿ 'ਜਿਥੇ



Sri Satguru Jagjit Singh Ji eLibrary NamdhariElibrary@gmail.com

ਵਸੀਆਂ ਪਿਆਰੇ ਯਾਦਾਂ ਤੇਰੀਆਂ........। ਜਿਸ ਤਰ੍ਹਾਂ ਚੰਦਨ ਦੇ ਨੇੜੇ ਰਹਿ ਕੇ ਸਾਰੇ ਦਰਖਤਾਂ ਵਿਚ ਚੰਦਨ ਦੀ ਖੁਸ਼ਬੂ ਪੈਦਾ ਹੋ ਜਾਂਦੀ ਹੈ ਮਹਾਂਪੁਰਸ਼ਾਂ ਨੇ ਇਸ ਤਰ੍ਹਾਂ ਹੀ ਪਿਆਰ ਦਾ ਰੂਪ ਹੋ ਕੇ ਸਭ ਨੂੰ ਪ੍ਰਭੂ ਦਾ ਪਿਆਰ ਵੰਡਿਆ ਹੈ -

***ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ॥***
***ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ॥***
***ਪੰਨਾ - 1365***

ਜਿਸ ਤਰ੍ਹਾਂ ਵਾਹਿਗੁਰੂ ਜੀ ਦੀ ਜੋਤ ਅਨੇਕਤਾ ਵਿਚ ਵਿਚਰ ਰਹੀ ਹੈ, ਇਸ ਤਰ੍ਹਾਂ ਪ੍ਰਭੂ ਦੇ ਪਿਆਰੇ ਭੀ ਵਾਹਿਗੁਰੂ ਦੀ ਜੋਤ ਵਿਚ ਲੀਨ ਹੋ ਕੇ ਇਕ ਤੋਂ ਅਨੇਕ ਹੋ ਕੇ ਵਿਚਰਦੇ ਹਨ। ਆਪ ਜੀ ਨੇ ਰਸ-ਭਿੰਨਵੀ ਆਵਾਜ਼ ਵਿਚ ***'ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ'*** ਇਸ ਧਾਰਨਾ ਦਾ ਗਾਇਨ ਕੀਤਾ।

ਭਾਈ ਸਾਹਿਬ ਨੇ ਸੰਗਤ ਨੂੰ ਵਿਦਾ ਕਰਦਿਆਂ ਇਹ ਧਾਰਨਾ ਪੜ੍ਹੀ, ***'ਆਪੇ ਸੰਗਤ ਸੱਦ ਬੁਲਾਵੇ ਆਪੇ ਵਿਦਾ ਕਰਾਇੰਦਾ।'*** ਇਸ ਧਾਰਨਾ ਨਾਲ ਆਪ ਜੀ ਨੇ ਸਮਾਗਮ ਦੀ ਸਮਾਪਤੀ ਕੀਤੀ। ਆਪ ਜੀ ਨੇ ਸਮੂੰਹ ਸੰਗਤ ਦਾ ਧੰਨਵਾਦ ਕਰਦਿਆਂ, ਵਿਦੇਸ਼ਾਂ ਤੋਂ ਆਈ ਸੰਗਤ ਦਾ ਉਚੇਚੇ ਤੌਰ ਤੇ ਜ਼ਿਕਰ ਕੀਤਾ ਕਿ ਸੱਤ ਸਮੁੰਦਰ ਪਾਰ ਕਰਕੇ ਪਿਆਰੇ ਦੀ ਯਾਦ ਵਿਚ ਆ ਕੇ ਆਪ ਨੇ ਪਿਆਰ ਦਾ ਸਬੂਤ ਦਿਤਾ ਹੈ। ਸੰਗਤਾਂ ਦਾ ਸੇਵਾਦਾਰਾਂ ਦਾ ਤੇ ਪ੍ਰਬੰਧਕਾਂ ਦਾ ਧੰਨਵਾਦ ਕਰਦਿਆਂ ਆਪ ਜੀ ਨੇ ਕਿਹਾ ਅੱਗੇ ਨਾਲੋਂ ਵੀ ਵੱਧ ਸਾਰਿਆਂ ਨੇ ਆਪਣੀ ਆਪਣੀ ਜ਼ਿੰਮੇਵਾਰੀ ਨਿਭਾ ਕੇ ਇਕ ਮਿਸਾਲ ਕਾਇਮ ਕੀਤੀ ਹੈ। ਸਤਿਗੁਰੂ ਜੀ ਦੀ ਬਖਸ਼ਿਸ਼ ਹੈ ਕਿ ਤਿੰਨ ਦਿਨ ਲਗਾਤਾਰ ਅੰਮ੍ਰਿਤ ਸੰਚਾਰ ਹੋਇਆ ਹੈ ਤੇ ਸੈਂਕੜੇ ਪ੍ਰਾਣੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗੇ ਹਨ। ਦੀਵਾਨ ਦੀ ਸਮਾਪਤੀ ਕਰਦਿਆਂ ਆਪ ਜੀ ਨੇ ਸਾਰੀ ਸੰਗਤ ਦਾ ਧੰਨਵਾਦ ਕਰਦਿਆਂ ਬੜੀ ਨਿਮਰਤਾ ਨਾਲ ਸੀਸ ਝੁਕਾਉਂਦਿਆਂ ਨਮਸ਼ਕਾਰ ਕਰਕੇ ਵਿਦਾਇਗੀ ਦਿਤੀ।

'ਆਤਮ ਮਾਰਗ' ਅਤੇ ਬਾਬਾ ਜੀ ਦੀਆਂ ਅਧਿਆਤਮਕ ਪੁਸਤਕਾਂ ਦੇ ਸਟਾਲਾਂ ਤੇ ਸੰਗਤ ਨੇ ਗਹਿਰੀ ਦਿਲਚਸਪੀ ਦਿਖਾਈ ਅਤੇ ਹਜ਼ਾਰਾਂ ਦੀ ਗਿਣਤੀ ਵਿਚ 'ਆਤਮ ਮਾਰਗ' ਦੇ ਨਵੇਂ ਮੈਂਬਰ ਬਣੇ। ਰਾਤ ਦੇ ਦੀਵਾਨਾਂ ਵਿਚ ਅਨੇਕਾਂ ਮਹਾਂਪੁਰਸ਼ਾਂ ਅਤੇ ਵਿਦਵਾਨਾਂ ਨੇ ਕੀਰਤਨ ਅਤੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਮੈਡੀਕਲ ਕੈਂਪ ਅਤੇ ਗੁਰੂ ਕੇ ਅਤੁੱਟ ਲੰਗਰ ਨਿਰੰਤਰ ਵਰਤਦੇ ਰਹੇ। ਸਟੇਜ ਸਕੱਤਰ ਦੀ ਸੇਵਾ ਇੰਜ. ਜਸਵੰਤ ਸਿੰਘ 'ਸਿਆਣ' ਅਤੇ ਪ੍ਰੋ. ਗੁਰਦੇਵ ਸਿੰਘ ਨੇ ਬਾਖੂਬੀ ਨਿਭਾਈ। ਇਹ ਚਾਰ ਦਿਨਾਂ ਦਾ ਗੁਰਮਤਿ ਸਮਾਗਮ ਨਾਮ, ਸਿਮਰਨ, ਸੇਵਾ ਤੇ ਪ੍ਰਭੂ ਪਿਆਰਿਆਂ ਦੀ ਸੰਗਤ ਦੀ ਪ੍ਰੇਰਨਾ ਦੇਂਦਿਆ ਸੰਪੰਨ ਹੋਇਆ। ਸਿੱਖ ਇਤਿਹਾਸ 'ਚ ਵਿਸ਼ੇਸ਼ ਥਾਂ ਰੱਖਣ ਵਾਲੇ ਸ਼ਹੀਦ ਭਾਈ ਤਾਰੂ ਸਿੰਘ ਅਤੇ ਭਾਈ ਮਤੀ ਦਾਸ ਦੀਆਂ ਕੁਰਬਾਨੀਆਂ ਨੂੰ ਪੇਸ਼ ਕਰਦੇ ਅਤੇ ਸ਼ੇਰ ਏ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਬੁੱਤਾਂ ਦੀ ਪ੍ਰਦਰਸ਼ਨੀ ਸੰਗਤਾਂ ਦੀ ਖਿੱਚ ਦਾ ਕੇਂਦਰ ਰਹੀ। ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਵਲੋਂ ਬੜੀ ਵੱਡੀ ਪ੍ਰਦਰਸ਼ਨੀ ਲਗਾਈ ਗਈ ਜਿਸ ਦਾ ਉਦਘਾਟਨ ਸਤਿਕਾਰਯੋਗ ਬੀਜੀ ਨੇ ਕੀਤਾ। ਉਨ੍ਹਾਂ ਨੇ ਸਾਰਿਆਂ ਕਮਰਿਆਂ ਵਿਚ ਵਿਚਰ ਕੇ ਨੁਮਾਇਸ਼ ਦੀਆਂ ਕਿਰਤਾਂ ਦੀ ਬਹੁਤ ਸਰਾਹਨਾ ਕੀਤੀ। ਗੁਰੂ ਮਹਾਰਾਜ ਦੀ ਅਪਾਰ ਕ੍ਰਿਪਾ ਸਦਕਾ ਸਮੂਹ ਸੰਗਤਾਂ ਮਹਾਂਪੁਰਸ਼ਾਂ ਦੀ ਨਿੱਘੀ ਯਾਦ ਨੂੰ ਦਿਲ ਦੀਆਂ ਡੂੰਘਾਈਆਂ ਵਿਚ ਸਮੋਂਦਿਆਂ 'ਵਾਹਿਗੁਰੂ' ਜਾਪ ਕਰਦੀਆਂ ਆਪੋ ਆਪਣੇ ਘਰਾਂ ਨੂੰ ਪਰਤੀਆਂ। ਪਰਤ ਰਹੀਆਂ ਸੰਗਤਾਂ ਨੂੰ ਮੁੱਖ ਦਵਾਰ ਤੇ ਗੁਰੂ ਸਸ਼ੋਭਤ ਮਹਾਰਾਜ ਦੀ ਅਸੀਸ ਪ੍ਰਾਪਤ ਹੋਈ।

***ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ***
***ਸੁਖ ਸਹਜ ਸੇਤੀ ਘਰਿ ਜਾਤੇ॥***

ਭਾਈ ਸਾਹਿਬ ਜੀ ਨੇ ਗੁਰਸਤੋਤਰ ਪੜ੍ਹਿਆ, ਅਰਦਾਸ ਹੋਈ ਅਤੇ ਗੁਰੂ ਮਹਾਰਾਜ ਜੀ ਨੇ ਨਿਮਨ ਹੁਕਮਨਾਮੇ ਦੀ ਬਖਸ਼ਿਸ਼ ਕੀਤੀ -

***ਸੋਰਠਿ ਮਹਲਾ ੫***

***ਗੁਰਿ ਪੂਰੈ ਕਿਰਪਾ ਧਾਰੀ॥***
***ਪ੍ਰਭਿ ਪੂਰੀ ਲੋਚ ਹਮਾਰੀ॥***
***ਕਰਿ ਇਸਨਾਨੁ ਗ੍ਰਿਹਿ ਆਏ॥***
***ਅਨਦ ਮੰਗਲ ਸੁਖ ਪਾਏ॥***
***ਸੰਤਹੁ ਰਾਮ ਨਾਮਿ ਨਿਸਤਰੀਐ॥***
***ਊਠਤ ਬੈਠਤ ਹਰਿ ਹਰਿ ਧਿਆਈਐ ਅਨਿਦਿਨੁ ਸੁਕ੍ਰਿਤੁ ਕਰੀਐ॥***
***ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ॥***
***ਕੋਟਿ ਜਨਮ ਕੇ ਕਿਲਬਿਖ ਨਾਸੇ ਹਰਿ ਚਰਣੀ ਚਿਤੁ ਲਾਏ॥***
***ਉਸਤਤਿ ਕਰਹੁ ਸਦਾ ਪ੍ਰਭ ਅਪਨੇ ਜਿਨਿ ਪੂਰੀ ਕਲ ਰਾਖੀ॥***
***ਜੀਅ ਜੰਤ ਸਭਿ ਭਏ ਪਵਿਤ੍ਰਾ ਸਤਿਗੁਰਿ ਕੀ ਸਚੁ ਸਾਖੀ॥***
***ਬਿਘਨ ਬਿਨਾਸਨ ਸਭਿ ਦੁਖ ਨਾਸਨ ਸਤਿਗੁਰਿ ਨਾਮੁ ਦ੍ਰਿੜਾਇਆ॥***
***ਖੋਏ ਪਾਪ ਭਏ ਸਭਿ ਪਾਵਨ ਜਨ ਨਾਨਕ ਸੁਖਿ ਘਰਿ ਆਇਆ॥***
***ਪੰਨਾ -***



Sri Satguru Jagjit Singh Ji eLibrary NamdhariElibrary@gmail.com

# ਗੁਰੂ ਤੇਗ ਬਹਾਦਰ ਜੀ ਦੀ ਅਦੁੱਤੀ ਸ਼ਹਾਦਤ

***ਪ੍ਰੀਤਮ ਸਿੰਘ ਸਫੀਰ***

ਗੁਰੂ ਤੇਗ ਬਹਾਦਰ ਜੀ ਦਾ ਜਨਮ 1 ਅਪ੍ਰੈਲ ਸੰਨ 1621 ਈ. ਵਿਚ, ਪਿਤਾ ਗੁਰੂ ਹਰਿਗੋਬਿੰਦ ਜੀ ਤੇ ਮਾਤਾ ਨਾਨਕੀ ਜੀ ਦੀ ਕੁਖੋਂ, ਅੰਮ੍ਰਿਤਸਰ ਦੀ ਪਾਵਨ ਧਰਤੀ ਉਤੇ ਹੋਇਆ ਸੀ। ਗੁਰੂ-ਦਰਬਾਰ ਦੀ ਤਾਬਿਆਂ ਵਿਚ ਹੀ ਉਨ੍ਹਾਂ ਨੇ ਗਿਆਨ ਤੇ ਸ਼ਸਤਰ ਦੀ ਵਿਦਿਆ ਪ੍ਰਾਪਤ ਕੀਤੀ ਸੀ। ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਦੀ ਸੇਵਾ-ਲਗਨ ਦੀ ਛੋਹ ਵੀ ਉਨ੍ਹਾਂ ਨੇ ਪ੍ਰਾਪਤ ਕੀਤੀ ਸੀ। ਗੁਰੂ-ਦਰਬਾਰ ਦੇ ਆਤਮਕ ਤੇ ਇਨਕਲਾਬੀ ਵਾਤਾਵਰਣ ਦਾ ਰਸ-ਰੰਗ ਵੀ ਉਨ੍ਹਾਂ ਨੇ ਰੱਜ ਕੇ ਮਾਣਿਆ ਸੀ। ਸਭ ਤੋਂ ਛੋਟੇ ਸਪੁੱਤਰ ਹੋਣ ਦੇ ਨਾਤੇ ਉਨ੍ਹਾਂ ਨੂੰ ਪਿਤਾ-ਮਾਤਾ ਦਾ ਪਿਆਰ-ਨਿੱਘ ਵੀ ਬਹੁਤ ਪ੍ਰਾਪਤ ਹੋਇਆ। ਉਨ੍ਹਾਂ ਦੀ ਆਪਣੀ ਬਿਰਤੀ ਵੀ ਬੜੀ ਪ੍ਰਚੰਡ ਤੇ ਪ੍ਰਬੁੱਧਤਾ ਵਾਲੀ ਸੀ। ਇਹੋ ਕਾਰਨ ਹੈ ਕਿ ਬਚਪਨ ਵਿਚ ਉਨ੍ਹਾਂ ਨੇ ਡਰ, ਚੰਚਲਤਾ ਤੇ ਮੋਹ ਮਾਇਆ ਦੀ ਪਕੜ ਦਾ ਤਿਆਗ ਕਰ ਦਿੱਤਾ, ਤੇ ਗੰਭੀਰਤਾ, ਗਿਆਨ, ਨਿਡਰਤਾ, ਰਸ-ਮੰਡਲ ਤੇ ਸਹਿਜ ਦਾ ਲੜ ਫੜ ਲਿਆ। ਬਿਰਤੀ ਦੀ ਸੰਤੁਸ਼ਟਤਾ ਤੇ ਦ੍ਰਿਸ਼ਟੀ ਦੀ ਸਾਰਥਿਕਤਾ ਵੀ ਕਈ ਵਾਰੀ ਮਨੁੱਖ ਦੀ ਹੋਣੀ ਨੂੰ ਬਦਲਣ ਦੇ ਸਮਰੱਥ-ਸਿੱਧ ਹੁੰਦੀ ਹੈ। ਗੁਰੂ ਤੇਗ ਬਹਾਦਰ ਜੀ ਦੇ ਬਚਪਨ ਦੀ ਬਾਹਰਮੁਖੀ ਬਿਰਤੀ ਤੇ ਦ੍ਰਿਸ਼ਟੀ ਸੱਚਮੁੱਚ ਹੀ ਤਿਆਗ ਵਾਲੀ ਸੀ। ਇਸੇ ਕਰਕੇ ਘਰ ਵਿਚ ਉਨ੍ਹਾਂ ਦਾ ਪ੍ਰਚੱਲਤ ਨਾਮ 'ਤਿਆਗ ਮੱਲ' ਹੀ ਪੈ ਗਿਆ, ਪਰ ਜਦੋਂ ਕਰਤਾਰਪੁਰ ਦੇ ਧਰਮ-ਯੁੱਧ ਵਿਚ ਉਨ੍ਹਾਂ ਦੀ ਅੰਤਰਬਿਰਤੀ ਤੇ ਦ੍ਰਿਸ਼ਟੀ 'ਧਰਮ' ਤੇ 'ਤੇਗ' ਦੇ ਰੂਪ ਵਿਚ ਪ੍ਰਚੰਡ ਹੋਈ, ਤਾਂ ਨਿਸ਼ਚੇ ਹੀ ਤਿਆਗ ਮੱਲ ਦੀ ਹੋਣੀ ਗੁਰੂ ਤੇਗ ਬਹਾਦਰ ਦੀ ਹੋਣੀ ਦੇ ਰੂਪ ਵਿਚ ਬਦਲ ਜਾਂਦੀ ਹੈ। ਗੁਰੂ ਤੇਗ ਬਹਾਦਰ ਦੀ ਹੋਣੀ ਦੀ ਪ੍ਰਵਾਨਗੀ ਤੇ ਪ੍ਰਮਾਣਿਕ ਰੂਪ ਸਹੀ ਅਰਥਾ ਵਿਚ ਉਨ੍ਹਾਂ ਦੀ ਸ਼ਹਾਦਤ ਹੈ। ਇਹੀ ਸ਼ਹਾਦਤ ਉਨ੍ਹਾਂ ਦੀ ਜੀਵਨ ਬਹਾਦਰੀ ਦਾ ਸਿਖਰ ਹੈ ਤੇ ਇਹੀ ਸਿੱਖ ਦੀ ਸ਼ਖਸੀਅਤ ਦਾ ਸਿਰਜਨਾਤਮਿਕ ਤੇ ਹਿਤਕਾਰੀ ਕਰਤੱਵ ਹੈ।

ਪਿਤਾ ਗੁਰੂ ਹਰਿਗੋਬਿੰਦ ਜੀ ਦੇ ਜੋਤੀ ਜੋਤਿ ਸਮਾ ਜਾਣ ਪਿਛੋਂ, ਤੇਗ ਬਹਾਦਰ ਜੀ ਨੇ ਆਪਣਾ ਨਿਵਾਸ ਨਾਨਕੇ ਪਿੰਡ ਬਕਾਲਾ ਵਿਖੇ ਕਰ ਲਿਆ। ਮਾਤਾ ਗੁਜਰੀ ਜੀ ਵੀ ਆਪ ਜੀ ਦੇ ਨਾਲ ਸਨ। ਬਕਾਲਾ ਵਿਖੇ ਹੀ ਆਪ ਜੀ ਨੇ ਜਿਥੇ ਆਪਣੇ ਜੀਵਨ ਦਾ ਬਹੁਤਾ ਸਮਾਂ ਸਮਾਧੀ-ਸਥਿਤ ਹੋ ਕੇ ਪ੍ਰਭੂ ਭਗਤੀ ਵਿਚ ਬਿਤਾਣਾ ਸ਼ੁਰੂ ਕਰ ਦਿਤਾ, ਉਥੇ ਕੁਝ ਸਮਾਂ ਸਿੱਖ ਲਹਿਰ ਦੀ ਗਤੀ ਨੂੰ ਵੀ ਵੇਖਣ ਤੇ ਵਾਚਣ ਵਾਸਤੇ ਖਰਚ ਕਰਨਾ ਸ਼ੁਰੂ ਕਰ ਦਿਤਾ। ਬਕਾਲਾ ਦੇ ਇਕਾਂਤ ਭੋਰੇ ਵਿਚ ਬੈਠ ਕੇ ਕੀਤੀ ਪ੍ਰਭੂ ਭਗਤੀ ਨੇ ਜਿਥੇ ਉਨ੍ਹਾਂ ਦੇ ਸਿੱਖ ਚਰਿੱਤਰ ਨੂੰ ਹੋਰ ਪਕਿਆਈ ਤੇ ਬੱਲ ਪ੍ਰਦਾਨ ਕੀਤਾ, ਉਥੇ ਸਿੱਖ ਲਹਿਰ ਦੀ ਅਗਵਾਈ ਸੰਭਾਲਣ ਦੇ ਵੀ ਉਨ੍ਹਾਂ ਨੂੰ ਯੋਗ ਸਿੱਧ ਕੀਤਾ। ਜਦੋਂ ਮਾਰਚ 1664 ਈ. ਵਿਚ ਗੁਰੂ ਹਰਿਕ੍ਰਿਸ਼ਨ ਜੀ ਨੇ ਆਪਣੀ ਜੋਤਿ ਦੇ ਅਧਿਕਾਰੀ ਤੇ ਸਿੱਖ ਲਹਿਰ ਦੇ ਆਗੂ ਦਾ ਸੰਕੇਤ ਬਾਬਾ ਬਕਾਲੇ ਆਖ ਕੇ ਕੀਤਾ, ਤਾਂ ਨਿਸ਼ਚੇ ਵੀ ਸੀ ਤੇ ਸਪਸ਼ਟ ਵੀ ਸੀ ਕਿ ਗੁਰੂ ਜੋਤਿ ਦਾ ਅਧਿਕਾਰੀ ਤੇ ਸਿੱਖ ਲਹਿਰ ਦਾ ਆਗੂ ਬਾਬੇ ਦੇ ਰੂਪ ਵਿਚ ਬਕਾਲੇ ਵਿਖੇ ਹੀ ਸਥਿਤ ਹੈ।

ਆਪਣੇ ਭੋਰੇ ਵਿਚੋਂ ਬਾਹਰ ਨਿਕਲ ਕੇ ਗੁਰ-ਗੱਦੀ ਤੇ ਬਹਿੰਦਿਆਂ ਹੀ ਗੁਰੂ ਤੇਗ ਬਹਾਦਰ ਜੀ ਨੂੰ ਵੱਡੇ ਕਾਰਜ ਦਾ ਬੀੜਾ ਚੁੱਕਣਾ ਪਿਆ, ਆਤਮਕ ਤੇ ਸੰਸਾਰਕ ਸ਼ਕਤੀ ਦਾ ਸੰਗਠਨ ਅਜੇ ਪ੍ਰਵਾਨ ਚੜ੍ਹਨ ਵਾਲਾ ਸੀ। ਵਰ੍ਹਿਆਂ-ਬੱਧੀ ਕੀਤੀ ਉਪਾਸਨਾ ਸਦਕਾ ਉਨ੍ਹਾਂ ਨੇ ਸਮਝ ਲਿਆ ਸੀ ਕਿ ਹਾਕਮਾਂ ਦੇ ਧਿੰਗਾਣੇ ਅਤੇ ਜਬਰ ਵਿਰੁੱਧ ਤਿੱਖੀ ਤਰ੍ਹਾਂ ਜੂਝਣ ਦਾ ਸਮਾਂ ਆ ਗਿਆ ਹੈ।

ਮੁਗਲ ਸਲਤਨਤ ਦੀ ਹੋਣੀ ਨਾਜ਼ਕ ਪੜਾਉ ਉਤੇ ਪਹੁੰਚ ਚੁਕੀ ਸੀ। ਔਰੰਗਜ਼ੇਬ, ਜਿਸਨੇ ਬੇਰਹਿਮੀ ਵਾਲੇ ਢੰਗ ਵਰਤ ਕੇ ਸੱਤਾ ਹਥਿਆਈ ਸੀ, ਖੁਲ੍ਹਮ ਖੁਲ੍ਹਾ ਤੌਰ ਤੇ ਕੱਟੜ ਸੀ, ਉਹਨੇ ਆਪਣੇ ਵੱਡੇ ਭਰਾ ਦਾਰਾ ਸ਼ਿਕੋਹ ਨੂੰ ਕਤਲ ਕਰਵਾ ਦਿਤਾ ਸੀ ਅਤੇ ਉਸ ਦੇ ਛੋਟੇ ਭਰਾ ਮੁਰਾਦ ਦਾ ਵੀ ਇਹੋ ਹਸ਼ਰ ਹੋਇਆ ਸੀ। ਤੀਜਾ ਭਰਾ, ਸ਼ੁਜਾਹ, ਜਾਨ ਬਚਾ ਕੇ ਬਚ ਨਿਕਲਿਆ ਸੀ ਤੇ ਅਰਾਕਾਨ ਵਿਖੇ ਜਾ ਲੁਕਿਆ ਸੀ। ਜਿਹੜੇ ਆਦਮੀ ਨੇ ਆਪਣੇ ਪਿਤਾ ਨੂੰ ਬੰਦੀ ਬਣਾਇਆ ਤੇ ਆਪਣੇ ਹੱਥ ਭਰਾਵਾਂ ਦੇ ਖੂਨ ਨਾਲ ਰੰਗੇ, ਉਸ ਤੋਂ ਗੈਰ-ਮੁਸਲਿਮ ਪਰਜਾ ਵਲ ਉਦਾਰ ਚਿਤ ਹੋਣ ਦੀ ਆਸ ਨਹੀਂ ਸੀ ਰੱਖੀ ਜਾ ਸਕਦੀ।

ਲੋਕਾਂ ਵਿਚ ਸਵੈ-ਭਰੋਸਾ ਜਗਾਉਣ ਦਾ ਕੰਮ ਨੌਵੇਂ ਗੁਰੂ ਦੇ ਸਾਮ੍ਹਣੇ ਸੀ। ਗੁਰੂ ਸਾਹਿਬ ਨੇ ਫੈਸਲਾ ਕੀਤਾ ਕਿ ਦੱਬੇ ਕੁਚਲੇ ਤੇ ਪੀੜਿਤ ਲੋਕਾਂ ਨੂੰ, ਉਹ ਭਾਵੇਂ ਹਿੰਦੂ ਸਨ ਜਾਂ ਮੁਸਲਮਾਨ, ਉਨ੍ਹਾਂ ਦੇ ਹੀ ਧਾਰਮਿਕ ਵਿਸ਼ਵਾਸ਼ ਦੇ ਅਧੀਨ ਮੁਤਹਿਦ ਕੀਤਾ ਜਾਵੇ ਅਤੇ ਜ਼ੁਲਮ ਜਬਰ ਦੀਆਂ ਤਾਕਤਾਂ ਵਿਰੁੱਧ ਜੂਝਣ ਲਈ ਪ੍ਰੇਰਿਆ ਜਾਵੇ। ਗੁਰੂ ਤੇਗ ਬਹਾਦਰ ਜੀ ਨੇ ਪ੍ਰਚਾਰ ਕੀਤਾ ਕਿ ਸਿੱਖ ਮਤ ਦਾ ਮਨੋਰਥ ਇਕੋ ਰੱਬ ਵਿਚ ਲੋਕਾਂ ਦਾ ਵਿਸ਼ਵਾਸ਼ ਜਗਾਉਣਾ ਹੈ ਜਿਹੜਾ ਹਰ ਥਾਂ ਮੌਜੂਦ ਹੈ ਤੇ ਆਤਮਾ ਨੂੰ ਪ੍ਰੇਰਨਾ ਦੇ ਕੇ ਬਲਵਾਨ ਬਣਾਉਂਦਾ ਹੈ। ਵਿਅਕਤੀ ਨੂੰ ਨਿਡਰ ਬਣਾ ਕੇ ਤੇ ਇਹ ਜਤਲਾ ਕੇ ਕਿ ਉਹ ਖੁਦਮੁਖਤਾਰ ਹੈ, ਉਹਦੇ ਅੰਦਰ ਜਬਰ ਜ਼ੁਲਮ ਦਾ ਜੂਲਾ ਲਾਹ ਕੇ ਸੁੱਟ ਪਾਉਣ ਦਾ ਦ੍ਰਿੜ੍ਹ ਇਰਾਦਾ ਪੈਦਾ ਕਰਨਾ ਹੈ, ਕੋਈ ਅਬੁੱਝ ਲਾਟ ਬਾਲਣੀ ਹੈ।



Sri Satguru Jagjit Singh Ji eLibrary NamdhariElibrary@gmail.com

ਦੂਜੇ ਪਾਸੇ, ਔਰੰਗਜ਼ੇਬ ਕੱਟੜ ਬਿਰਤੀ ਕਾਰਨ ਹਰ ਤਰ੍ਹਾਂ ਹਿੰਦੂਆਂ ਦੇ ਵਿਰੁੱਧ ਤਅੱਸਬ ਨਾਲ ਭਰਿਆ ਪਿਆ ਸੀ। ਉਹਨੇ ਗ਼ੈਰ-ਮੁਸਲਿਮਾਂ ਉਤੇ ਮੁੜ ਜਜ਼ੀਆ ਲਾ ਦਿਤਾ ਜਿਹੜਾ ਜ਼ਲੀਲ ਕਰਨ ਵਾਲਾ ਟੈਕਸ ਸੀ। ਇਨ੍ਹਾਂ ਹਾਲਤਾਂ ਵਿਚ ਇਕੋ ਸੱਚੇ ਰੱਬ ਦੀ ਹੋਂਦ ਵਿਚ ਜਿਹੜਾ ਹਰ ਵਿਅਕਤੀ ਅੰਦਰ, ਉਹ ਭਾਵੇਂ ਹਿੰਦੂ ਹੈ ਜਾਂ ਮੁਸਲਮਾਨ, ਵਸਦਾ ਹੈ, ਅਜੇਹਾ ਭਰੋਸਾ ਪੈਦਾ ਕਰਨਾ ਬਹੁਤ ਹੀ ਜ਼ਰੂਰੀ ਸੀ। ਲੋਕਾਂ ਨੂੰ ਸੁਚੇਤ ਤੇ ਬਾਖਬਰ ਕਰਨਾ ਜ਼ਰੂਰੀ ਸੀ ਕਿ ਇਸ ਦੀ ਉਕਾ ਹੀ ਕੋਈ ਪ੍ਰਮਾਣਕਤਾ ਨਹੀਂ ਹੈ ਤੇ ਇਹਦਾ ਕੋਈ ਵੀ ਸਬੂਤ ਨਹੀਂ ਹੈ ਕਿ ਮੁਗਲ ਕਿਸੇ ਉਤਮ ਨਸਲ ਵਿਚੋਂ ਹਨ ਅਤੇ ਇਸ ਪੱਖੋਂ ਉਹ ਹਿੰਦੁਸਤਾਨ ਉਤੇ ਰਾਜ ਕਰਨ ਦੇ ਹੱਕਦਾਰ ਹਨ। ਨਸਲਾਂ ਉਤਮ ਜਾਂ ਅੱਧਮ, ਉਚੀਆਂ ਜਾਂ ਨੀਵੀਆਂ ਨਹੀਂ ਹੁੰਦੀਆਂ। ਸਭ ਨਸਲਾਂ, ਸਭ ਲੋਕ ਬਰਾਬਰ ਹਨ।

ਇਸ ਵਿਚਾਰ ਦੇ ਪਾਸਾਰ ਲਈ ਗੁਰੂ ਤੇਗ ਬਹਾਦਰ ਜੀ ਨੇ ਦੇਸ ਦੇ ਵੱਖ ਵੱਖ ਭਾਗਾਂ ਦਾ ਵਿਸ਼ਾਲ ਤੌਰ ਤੇ ਦੌਰਾ ਲਾਇਆ, ਵੱਖ ਵੱਖ ਸਥਾਨਾਂ ਉਤੇ ਹੋਏ ਰੂਹਾਨੀ ਸਮਾਗਮਾਂ ਵਿਚ ਸ਼ਾਮਿਲ ਹੋਣ ਦਾ ਸਦਕਾ ਅਤੇ ਗੁਰੂ ਮਹਾਰਾਜ ਨਾਲ ਸੰਪਰਕ ਵਿਚ ਆਉਣ ਸਦਕਾ ਵਿਸ਼ਾਲ ਇਲਾਕਿਆਂ ਵਿਚ ਆਜ਼ਾਦੀ ਲਈ ਲਗਨ ਜਾਗ ਪਈ ਤੇ ਸੁਤੰਤਰਤਾ ਪ੍ਰਾਪਤੀ ਲਈ ਇਕ ਨਵੇਂ ਜਜ਼ਬੇ ਤੋਂ ਪ੍ਰੇਰਤ ਲਹਿਰ ਚਲ ਪਈ। ਇਨ੍ਹਾਂ ਲੰਮੇ ਸਫਰਾਂ ਵਿਚ ਉਨ੍ਹਾਂ ਦੇ ਮਾਤਾ ਨਾਨਕੀ ਜੀ ਤੇ ਪਤਨੀ ਗੁਜਰੀ ਜੀ ਉਨ੍ਹਾਂ ਦੇ ਨਾਲ ਰਹੇ।

1665 ਵਿਚ ਗੁਰੂ ਤੇਗ ਬਹਾਦਰ ਜੀ ਨੇ ਦੂਰ-ਦੁਰਾਡੇ ਦੇ ਸਥਾਨਾਂ ਤੇ ਜਾ ਕੇ ਅਜੇਹੇ ਕੇਂਦਰ ਕਾਇਮ ਕੀਤੇ ਜਿਥੇ ਉਨ੍ਹਾਂ ਦੀ ਗੈਰ-ਹਾਜ਼ਰੀ ਵਿਚ ਵੀ ਧਾਰਮਿਕ ਤੇ ਸੰਸਾਰਕ ਸੱਤਾ ਕਾਰਜ-ਸ਼ੀਲ ਰਹਿਣੀ ਸੀ। ਉਹ ਹਰ ਰੋਜ਼ ਕੁਝ ਮੀਲ ਹੀ ਸਫਰ ਕਰਦੇ ਸਨ। ਇਹਦਾ ਫੈਸਲਾ ਉਨ੍ਹਾਂ ਨੇ ਇਸ ਕਰਕੇ ਕੀਤਾ ਸੀ ਤਾਂ ਜੁ ਹਰ ਰੋਜ਼ ਕੁਝ ਸਮਾਗਮ ਕੀਤੇ ਜਾ ਸਕਣ।

ਧਾਰਮਕ ਮਹੱਤਤਾ ਵਾਲੇ ਬਹੁਤ ਸਾਰੇ ਕੇਂਦਰਾਂ ਦੀ ਯਾਤਰਾ ਪਿਛੋਂ ਪਟਨਾ ਪਹੁੰਚੇ। ਪਟਨਾ ਉਦੋਂ ਇਕ ਵੱਡਾ ਧਾਰਮਕ ਤੇ ਤਿਜਾਰਤੀ ਕੇਂਦਰ ਸੀ। ਇਹ ਇਕ ਪ੍ਰਾਚੀਨ ਤੇ ਪ੍ਰਸਿੱਧ ਸ਼ਹਿਰ ਸੀ। ਇਹਦਾ ਨਾਂ ਮਹਾਤਮਾ ਬੁੱਧ ਨਾਲ ਵੀ ਜੁੜਿਆ ਹੋਇਆ ਹੈ। ਗੁਰੂ ਨਾਨਕ ਦੇਵ ਜੀ ਇਥੇ ਆਏ ਸਨ। ਗੁਰੂ ਤੇਗ ਬਹਾਦਰ ਜੀ ਨੇ ਪਟਨੇ ਆਣ ਡੇਰਾ ਲਾਇਆ। ਉਨ੍ਹਾਂ ਦੇ ਮਾਤਾ ਜੀ ਤੇ ਪਤਨੀ ਵੀ ਉਨ੍ਹਾਂ ਦੇ ਨਾਲ ਸਨ, ਜਿਹੜੇ ਲੰਗਰ ਚਲਾਉਣ ਦਾ ਪ੍ਰਬੰਧ ਕਰਦੇ ਸਨ।

ਅਗਸਤ 1666 ਵਿਚ ਨੌਵੇਂ ਗੁਰੂ ਆਪਣੇ ਕੁਝ ਸ਼ਰਧਾਲੂਆਂ ਨਾਲ ਬੰਗਾਲ ਤੇ ਆਸਾਮ ਗਏ। ਅਕਤੂਬਰ ਵਿਚ ਉਹ ਢਾਕੇ ਪਹੁੰਚ ਗਏ, ਇਥੇ ਹੀ, ਕੁਝ ਚਿਰ ਪਿਛੋਂ, ਉਨ੍ਹਾਂ ਨੂੰ ਆਪਣੇ ਘਰ ਪੁੱਤਰ ਹੋਣ ਦੀ ਖਬਰ ਮਿਲੀ ਸੀ। ਏਸ ਬਾਲਕ ਦਾ ਜਨਮ, ਜੀਹਨੇ ਅੱਗੇ ਚੱਲ ਕੇ ਗੁਰੂ ਗੋਬਿੰਦ ਸਿੰਘ ਬਣਨਾ ਸੀ, 22 ਦਸੰਬਰ 1666 ਨੂੰ ਪਟਨੇ ਹੋਇਆ ਸੀ ਤੇ ਇਹ ਸ਼ੁਭ ਖਬਰ ਪਟਨੇ ਤੋਂ ਇਕ ਖਾਸ ਆਦਮੀ ਲਿਆਇਆ ਸੀ। ਵੱਡੀਆਂ ਖੁਸ਼ੀਆਂ ਮਨਾਈਆਂ ਗਈਆਂ, ਲੰਗਰ ਚੱਲਿਆ ਤੇ ਬਸਤਰ ਵੰਡੇ ਗਏ। ਖਾਸ ਅਰਦਾਸੇ ਸੋਧੇ ਗਏ। ਗੁਰੂ ਤੇਗ ਬਹਾਦਰ ਜੀ ਨੇ ਆਪਣੀ ਯਾਤਰਾ ਜਾਰੀ ਰੱਖੀ। ਉਹ ਆਸਾਮ ਗਏ, ਲੋਕਾਂ ਨੂੰ ਸੱਚੇ ਮਾਰਗ ਤੇ ਲਾਇਆ। ਆਪ ਨੇ ਗੁਰੂ ਨਾਨਕ ਦਾ ਸੁਨੇਹਾ ਆਸਾਮ ਦੇ ਲੋਕਾਂ ਨੂੰ ਪੁਚਾਇਆ।

ਪਟਨਾ-ਵਾਪਸੀ ਤੇ ਇਹ ਵੇਖ ਕੇ ਬਹੁਤ ਹੀ ਖੁਸ਼ ਹੋਏ ਕਿ ਪੁੱਤਰ ਵਿਚ ਉਹ ਸਭ ਦੈਵੀ ਗੁਣ ਮੌਜੂਦ ਹਨ, ਜਿਨ੍ਹਾਂ ਸਦਕਾ ਉਕਾ ਹੀ ਨਵੇਂ ਜੀਵਨ-ਢੰਗ ਦੀ ਸ਼ੁਰੂਆਤ ਕੀਤੀ ਜਾ ਸਕੇਗੀ। ਉਨ੍ਹਾਂ ਨੂੰ ਨਜ਼ਰ ਆਇਆ ਕਿ ਇਹ ਬਾਲਕ ਭਾਰਤ ਲਈ ਇਕ ਨਵੀਂ ਆਸ ਦਾ ਸੰਦੇਸ਼ ਲੈ ਕੇ ਪ੍ਰਗਟ ਹੋਇਆ ਹੈ। ਇਹ ਭਾਰਤ ਵਾਸੀਆਂ ਨੂੰ ਉਨ੍ਹਾਂ ਦੀ ਜੁਗਾਂ-ਪੁਰਾਣੀ ਮਹਾਨਤਾ ਤੋਂ ਜਾਣੂ ਕਰਵਾਏਗਾ ਤੇ ਉਨ੍ਹਾਂ ਦੀ ਚੇਤੰਨਤਾ ਨੂੰ ਸਾਣ ਚੜ੍ਹਾਏਗਾ। ਉਹ ਦੇਸ-ਵਾਸੀਆਂ ਦੇ ਭਵਿੱਖ ਲਈ ਆਸ ਉਮੀਦ ਦਾ ਸਾਕਾਰ ਰੂਪ ਸੀ।

(ਗੁਰੂ) ਗੋਬਿੰਦ ਰਾਇ ਜੀ ਨੌਂ ਕੁ ਵਰ੍ਹਿਆਂ ਦੇ ਹੀ ਸਨ ਜਦੋਂ ਔਰੰਗਜ਼ੇਬ ਦੀ ਬੇ-ਰਹਿਮ ਤਲਵਾਰ ਤੇ ਦਹਿਸ਼ਤਪਸੰਦ ਢੰਗ ਕਸ਼ਮੀਰ ਦੇ ਹਿੰਦੂਆਂ ਦਾ ਨੱਕ ਵਿਚ ਦਮ ਕਰ ਰਹੇ ਸਨ। ਉਥੋਂ ਦੇ ਬ੍ਰਾਹਮਣਾਂ ਨੇ ਇਕ ਇਕੱਤਰਤਾ ਕੀਤੀ ਅਤੇ ਆਪਣੇ ਦੁੱਖ ਤੇ ਔਕੜਾਂ ਗੁਰੂ ਤੇਗ ਬਹਾਦਰ ਜੀ ਅੱਗੇ ਰੱਖਣ ਦਾ ਫੈਸਲਾ ਕੀਤਾ। ਉਹ ਸਮਝਦੇ ਸਨ ਕਿ ਇਸ ਸਮੇਂ ਜਦੋਂ ਔਰੰਗਜ਼ੇਬ ਗ਼ੈਰ-ਮੁਸਲਿਮਾਂ ਨੂੰ ਤਲਵਾਰ ਦੇ ਜ਼ੋਰ ਮੁਸਲਮਾਨ ਬਣਾਉਣ ਉਤੇ ਤੁਲਿਆ ਹੋਇਆ ਹੈ, ਸਿਰਫ ਗੁਰੂ ਤੇਗ ਬਹਾਦਰ ਹੀ ਧਰਮ ਦੀ ਰੱਖਿਆ ਲਈ ਉਨ੍ਹਾਂ ਨੂੰ ਬਹੁੜ ਸਕਦੇ ਹਨ।

ਗੁਜਰਾਤ ਦੇ ਗਵਰਨਰ ਦੀ ਹੈਸੀਅਤ ਵਿਚ, ਔਰੰਗਜ਼ੇਬ ਨੇ ਅਜਿਹਾ ਪਾਪ ਕੀਤਾ, ਜਿਸ ਨੇ ਸਭਨਾਂ ਦੇਸ-ਵਾਸੀਆਂ ਨੂੰ ਵੱਡਾ ਮਾਨਸਕ ਕਸ਼ਟ ਪੁਚਾਇਆ। ਉਸਨੇ ਚਿੰਤਾਮਨੀ ਦੇ ਮੰਦਰ ਵਿਚ ਗਊ ਬੱਧ ਕਰਵਾਇਆ ਤੇ ਫੇਰ ਉਹਨੂੰ ਇਕ ਮਸਜਦ ਵਿਚ ਬਦਲ ਦਿਤਾ। ਸ਼ਹਿਨਸ਼ਾਹ ਸ਼ਾਹਜਹਾਨ ਨੇ ਇਹ ਇਮਾਰਤ ਮੁੜ ਹਿੰਦੂਆਂ ਦੇ ਹਵਾਲੇ ਕਰ ਦਿਤੀ ਸੀ। ਪਰ ਜਦੋਂ ਔਰੰਗਜ਼ੇਬ ਮੁਗਲ-ਤਖਤ ਤੇ ਬੈਠਾ, ਉਹਨੇ ਹਿੰਦੂ ਧਰਮ ਦਾ ਫਸਤਾ ਵੱਢਣ ਦਾ ਬੀੜਾ ਚੁੱਕ ਲਿਆ। ਸਤਾਰਾ ਦੀ ਪਹਾੜੀ ਉਤੇ ਬਣੇ ਮੰਦਰ ਨੂੰ ਢਾਹ ਕੇ ਉਹਨੂੰ ਬਹੁਤ ਪ੍ਰਸੰਨਤਾ ਹੋਈ ਸੀ। 1656 ਈ. ਵਿਚ ਦਿੱਲੀ ਦੇ ਤਖਤ ਉਤੇ ਬਹਿਣ ਪਿਛੋਂ ਉਹਨੇ ਇਸ ਮਤਲਬ ਦਾ ਹੁਕਮ ਜਾਰੀ ਕੀਤਾ ਕਿ ਕੋਈ ਨਵੇਂ ਮੰਦਰ ਨਾ ਉਸਾਰੇ ਜਾਣ। ਆਪਣੇ ਰਾਜ ਦੇ ਦੱਸਾਂ ਕੁ



Sri Satguru Jagjit Singh Ji eLibrary NamdhariElibrary@gmail.com

ਸਾਲਾਂ ਪਿਛੋਂ ਸ਼ਹਿਨਸ਼ਾਹ ਔਰੰਗਜ਼ੇਬ ਨੇ ਜਿਹੜਾ ਆਪਣੇ ਆਪ ਨੂੰ ਆਲਮਗੀਰ (ਸੰਸਾਰ ਜੇਤੂ) ਕਹਿੰਦਾ ਸੀ, ਆਪਣੇ ਸਭਨਾਂ ਅਧਿਕਾਰੀਆਂ ਨੂੰ ਇਹ ਹੁਕਮ ਜਾਰੀ ਕੀਤਾ ਕਿ ਹਿੰਦੂਆਂ ਦੇ ਸਭ ਮੰਦਰ ਅਤੇ ਗਿਆਨ-ਕੇਂਦਰ ਤਬਾਹ ਕਰ ਦਿਤੇ ਜਾਣ। ਕਿਸ ਤਰ੍ਹਾਂ ਬਨਾਰਸ ਵਿਖੇ ਵਿਸ਼ਵਾਨਾਥ ਮੰਦਰ ਢਾਹ ਦਿਤਾ ਗਿਆ। ਹਿੰਦੂਆਂ ਦੇ ਜਜ਼ਬਾਤ ਦੀ ਪਰਵਾਹ ਨਾ ਕਰਦਿਆਂ ਹੋਇਆਂ ਮਥਰਾ ਵਿਖੇ ਸੰਗਮਰਮਰ ਦਾ ਮੰਦਰ ਵੀ ਤਬਾਹ ਕਰ ਦਿਤਾ ਗਿਆ, ਜਿਹੜਾ ਰਾਜਾ ਨਰਸਿੰਘ ਦੇਓ ਨੇ ਬੜਾ ਧਨ ਖਰਚ ਕੇ ਬਣਵਾਇਆ ਸੀ ਅਤੇ ਜਿਹੜਾ ਰਡੇਰਾ ਕੇਸੂ ਰਾਏ ਦੇ ਨਾਂ ਨਾਲ ਮਸ਼ਹੂਰ ਸੀ। ਇਸ ਮੰਦਰ ਦੇ ਗਗਨ-ਛੋਂਹਦੇ ਚਮਕਦੇ ਬੁਰਜ ਟੁਕੜੇ ਟੁਕੜੇ ਕਰ ਦਿਤੇ ਗਏ ਅਤੇ ਫੇਰ ਬਲਦੀ ਤੇ ਤੇਲ ਪਾਉਣ ਲਈ ਇਥੇ ਮਸਜਿਦ ਖੜ੍ਹੀ ਕਰ ਦਿਤੀ ਗਈ। ਮੰਦਰ ਦੀਆਂ ਮੂਰਤੀਆਂ ਜ਼ਮੀਨ ਵਿਚ ਦੱਬ ਦਿਤੀਆਂ ਗਈਆਂ।

ਕਸ਼ਮੀਰੀ ਪੰਡਤਾਂ ਨੂੰ ਔਰੰਗਜ਼ੇਬ ਦੀ ਕੱਟੜਤਾ ਅਤੇ ਦ੍ਰਿੜ੍ਹਤਾ ਦਾ ਇਲਮ ਸੀ। ਉਹ ਇਹ ਵੀ ਜਾਣਦੇ ਸਨ ਕਿ ਔਰੰਗਜ਼ੇਬ ਨੇ ਮਥਰਾ ਦਾ ਨਾਂ ਬਦਲ ਕੇ ਇਸਲਾਮਬਾਦ ਰੱਖ ਦਿਤਾ ਹੈ। ਉਨ੍ਹਾਂ ਨੂੰ ਦ੍ਰਿੜ੍ਹ ਵਿਸ਼ਵਾਸ਼ ਸੀ ਕਿ ਸਿਰਫ ਗੁਰੂ ਤੇਗ ਬਹਾਦਰ ਹੀ ਇਸ ਜਬਰ ਜ਼ੁਲਮ ਵਿਰੁੱਧ ਆਵਾਜ਼ ਬੁਲੰਦ ਕਰ ਸਕਦੇ ਹਨ।

ਕਸ਼ਮੀਰੀ ਪੰਡਤ ਆਨੰਦਪੁਰ ਆਏ ਤਾਂ ਉਨ੍ਹਾਂ ਵਿਚ ਇਕ ਨਵੀਂ ਆਸ ਜਾਗੀ। ਜਦੋਂ ਉਨ੍ਹਾਂ ਨੇ ਨੌਵੇਂ ਪਾਤਸ਼ਾਹ ਨੂੰ ਆਪਣੀ ਦੁਖ-ਭਰੀ ਵਿਥਿਆ ਸੁਣਾਈ ਅਤੇ ਦੱਸਿਆ ਕਿ ਕਸ਼ਮੀਰ ਦੇ ਸੂਬੇਦਾਰ ਨੇ ਉਨ੍ਹਾਂ ਨੂੰ ਛੇ ਮਹੀਨੇ ਦੀ ਮੁਹਲਤ ਦਿਤੀ ਹੈ, ਜਿਸ ਦੇ ਅੰਦਰ ਅੰਦਰ ਉਨ੍ਹਾਂ ਨੇ ਆਪਣਾ ਫੈਸਲਾ ਕਰਨਾ ਹੈ-ਇਸਲਾਮ ਜਾਂ ਮੌਤ, ਇਨ੍ਹਾਂ ਵਿਚੋਂ ਇਕ ਦੀ ਚੋਣ ਕਰਨੀ ਹੈ। ਮੁਗਲ ਜਾਣਦੇ ਸਨ ਕਿ ਕਸ਼ਮੀਰ ਦੇ ਪੰਡਤ ਵੱਡੇ ਗਿਆਨੀ ਹੋਣ ਸਦਕਾ ਬਹੁਤ ਸਤਿਕਾਰੇ ਜਾਂਦੇ ਸਨ। ਸ਼ਹਿਨਸ਼ਾਹ ਕਸ਼ਮੀਰ ਦੇ ਮੰਦਰਾਂ ਨੂੰ ਹਿੰਦੂ ਧਰਮ ਦੀਆਂ ਜੜ੍ਹਾਂ ਸਮਝਦਾ ਸੀ ਅਤੇ ਇਨ੍ਹਾਂ ਨੂੰ ਤਬਾਹ ਕਰਕੇ ਹਿੰਦੂ ਧਰਮ ਉਤੇ ਭਰਵਾਂ ਵਾਰ ਕਰਨਾ ਚਾਹੁੰਦਾ ਸੀ। ਉਹ ਜਦੋਂ ਆਪਣੀ ਵਿਥਿਆ ਸੁਣਾ ਰਹੇ ਸਨ, ਨੌਂ ਕੁ ਸਾਲਾਂ ਦੇ ਗੋਬਿੰਦ ਰਾਏ ਪਾਸ ਬੈਠੇ ਸਭ ਕੁਝ ਸੁਣ ਰਹੇ ਸਨ।

ਇਹ ਦੁੱਖ-ਭਰੀ ਵਾਰਤਾ ਸੁਣ ਕੇ ਗੁਰੂ ਤੇਗ ਬਹਾਦਰ ਸਮਾਧੀ ਵਿਚ ਚਲੇ ਗਏ ਤੇ ਕੁਝ ਚਿਰ ਪਿਛੋਂ ਅੱਖਾਂ ਪੁੱਟੀਆਂ ਤਾਂ ਉਨ੍ਹਾਂ ਦੀਆਂ ਨਜ਼ਰਾਂ ਵਿਚ ਕਿਸੇ ਦੈਵੀ ਨੂਰ ਦੀ ਝਲਕ ਸੀ। ਪੰਡਤਾਂ ਨੂੰ ਅਨੋਖੇ ਸਾਹਸ ਦੀ ਬਖ਼ਸ਼ਿਸ਼ ਹੋਈ ਤੇ ਵਾਤਾਵਰਣ ਕਿਸੇ ਵਿਸ਼ਵਾਸ਼ ਨਾਲ ਭਰ ਗਿਆ।

ਕਹਿੰਦੇ ਹਨ, ਨੌਵੇਂ ਪਾਤਸ਼ਾਹ ਨੇ ਕਸ਼ਮੀਰੀ ਪੰਡਤਾਂ ਨੂੰ ਦੱਸਿਆ ਕਿ ਦਿੱਲੀ ਦਾ ਮੁਗਲ ਸ਼ਹਿਨਸ਼ਾਹ ਇਸਲਾਮ ਦੇ ਅਸੂਲਾਂ ਤੋਂ ਲਾਂਭੇ ਚਲਿਆ ਗਿਆ ਹੈ। ਆਪ ਨੇ ਸਪੱਸ਼ਟ ਕੀਤਾ ਕਿ ਇਹ ਸੋਚਣਾ ਗਲਤ ਹੈ ਕਿ ਹਜ਼ਰਤ ਮੁਹੰਮਦ ਤਲਵਾਰ ਦੇ ਜ਼ੋਰ ਨਾਲ ਇਸਲਾਮ ਫੈਲਾਉਣਾ ਚਾਹੁੰਦੇ ਸਨ। ਆਪ ਨੇ ਵਿਸ਼ਵਾਸ਼ ਦੁਆਇਆ ਕਿ ਉਹ ਪੂਜਾ ਪਾਠ ਦੀ ਆਜ਼ਾਦੀ ਦੇ ਅਧਿਕਾਰ ਦੀ ਰੱਖਿਆ ਲਈ ਜਤਨ ਕਰਨਗੇ।

ਜਦੋਂ ਬਾਲਕ ਗੋਬਿੰਦ ਰਾਏ ਨੇ ਪੁਛਿਆ, ਪਿਤਾ ਜੀ ਇਸ ਸਥਿਤੀ ਦਾ ਮੁਕਾਬਲਾ ਕਰਨ ਦਾ ਸਭ ਤੋਂ ਉਤਮ ਰਾਹ ਕਿਹੜਾ ਹੈ ਤਾਂ ਨੌਵੇਂ ਪਾਤਸ਼ਾਹ ਨੇ ਸਹਿਜ-ਸੁਭਾ ਕਿਹਾ ਕਿ ਕੋਈ ਉਚ ਧਾਰਮਕ ਵਿਅਕਤੀ ਆਪਣੀ ਕੁਰਬਾਨੀ ਦੇ ਕੇ ਇਸ ਜਬਰ ਜ਼ੁਲਮ ਨੂੰ ਠਲ੍ਹ ਪਾ ਸਕਦਾ ਹੈ। ਗੁਰੂ ਤੇਗ ਬਹਾਦਰ ਨੇ ਪੰਡਤਾਂ ਨੂੰ ਫੁਰਮਾਇਆ ਕਿ ਧਰਮ ਤਬਦੀਲ ਕਰਨੋਂ ਉਨ੍ਹਾਂ ਦਾ ਇਨਕਾਰ ਆਮ ਲੋਕਾਂ ਨੂੰ ਉਤਸ਼ਾਹ ਤੇ ਪ੍ਰੇਰਨਾ ਦੇਵੇਗਾ ਅਤੇ ਉਹ ਆਪਣੇ ਧਰਮ ਦੀ ਰੱਖਿਆ ਲਈ ਅਗਨ-ਪ੍ਰੀਖਿਆ ਵਿਚੋਂ ਲੰਘਣ ਲਈ ਤਿਆਰ ਹੋ ਜਾਣਗੇ।

ਗੋਬਿੰਦ ਰਾਏ ਮੁਸਕਰਾਏ ਤੇ ਬੋਲੇ, ਪਿਆਰੇ ਪਿਤਾ ਜੀ, ਅੱਜ ਦੇ ਜੁਗ ਵਿਚ, ਆਪ ਹੀ ਸਭ ਤੋਂ ਵੱਡੇ ਮਹਾਂਪੁਰਖ ਹੋ। ਇਸ ਕਾਰਜ ਦੀ ਪੂਰਤੀ ਲਈ ਆਪ ਨਾਲੋਂ ਯੋਗ ਹੋਰ ਭਲਾ ਕੌਣ ਹੋ ਸਕਦਾ ਹੈ?

ਇਹ ਸ਼ਬਦ ਸੁਣ ਕੇ ਗੁਰੂ ਤੇਗ ਬਹਾਦਰ ਦੀਆਂ ਅੱਖਾਂ ਕਿਸੇ ਦੈਵੀ ਵਿਸ਼ਵਾਸ਼ ਨਾਲ ਲਿਸ਼ਕੀਆਂ ਅਤੇ ਫੁਰਮਾਇਆ ਕਿ ਸਮਾਂ ਪਾ ਕੇ ਸਿੱਖ ਮਤ ਦੇ ਅਨੁਆਈ ਅਜਿਹੀ ਭੌਤਿਕੀ ਤੇ ਮਾਨਸਕ ਸ਼ਕਤੀ ਤੇ ਬਲ ਹਾਸਲ ਕਰਨਗੇ ਕਿ ਕੁਚਲੇ ਤੇ ਲਤਾੜੇ ਜਾ ਰਹੇ ਲੋਕ ਧੌਣਾਂ ਚੁੱਕ ਕੇ ਉਠਣਗੇ ਅਤੇ ਸਦੀਆਂ ਦੇ ਜ਼ੁਲਮੀ ਰਾਜ ਦਾ ਫਸਤਾ ਵੱਢ ਦੇਣਗੇ ਅਤੇ ਜਨ-ਸਾਧਾਰਨ ਦੀ ਬੰਦਖਲਾਸੀ ਹੋਵੇਗੀ। ਨੌਵੇਂ ਪਾਤਸ਼ਾਹ ਨੇ ਕਸ਼ਮੀਰੀ ਪੰਡਤਾਂ ਨੂੰ ਸਹਿਨਸ਼ਾਹ ਕੋਲ ਜਾ ਕੇ ਇਹ ਆਖ ਦੇਣ ਲਈ ਕਿਹਾ ਕਿ ਜੇ ਗੁਰੂ ਤੇਗ ਬਹਾਦਰ ਮੁਸਲਮਾਨ ਬਣ ਜਾਵੇ ਤਾਂ ਹਿੰਦੁਸਤਾਨ ਭਰ ਦੇ ਹਿੰਦੂ ਮੁਸਲਮਾਨ ਬਣ ਜਾਣਗੇ।

ਹੁਣ ਜੋ ਕੁਝ ਹੋਣਾ ਸੀ ਉਸ ਦਾ ਗਿਆਨ ਗੁਰੂ ਤੇਗ ਬਹਾਦਰ, ਪੁੱਤਰ ਗੋਬਿੰਦ ਰਾਏ ਅਤੇ ਪਰਿਵਾਰ ਦੇ ਸਭਨਾਂ ਜੀਆਂ ਨੂੰ ਅਤੇ ਸਿੱਖ ਸੰਗਤਾਂ ਤੇ ਸ਼ਰਧਾਲੂਆਂ ਨੂੰ ਸੀ। ਸ਼ਹਿਨਸ਼ਾਹ ਦੀ ਇੱਛਾ ਤੋਂ ਇਨਕਾਰ ਦੇ ਅਰਥ ਸਨ ਗੁਰੂ ਮਹਾਰਾਜ ਤੇ ਹੋਰ ਅਨੇਕਾਂ ਦੀ ਸ਼ਹੀਦੀ।

ਇਹ ਵਰਣਨਯੋਗ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਗੁਰੂ ਤੇਗ ਬਹਾਦਰ ਦੇ ਸ਼ਬਦਾਂ ਵਿਚ ਇਹ ਪ੍ਰਤੱਖ ਤਰ੍ਹਾਂ ਪ੍ਰਗਟਾਇਆ ਦਿਸਦਾ ਹੈ ਕਿ ਉਨ੍ਹਾਂ ਨੂੰ ਆਪਣੀ ਨਿਜੀ ਹੋਣੀ ਦੇ ਸਿਖਰ-ਬਿੰਦੂ, ਅਰਥਾਤ, ਪਰਿਣਾਮ ਦਾ ਜੀਵਨ ਭਰ ਅਹਿਸਾਸ ਸੀ। ਉਨ੍ਹਾਂ ਦੀ ਸਿਖਿਆ ਸੀ ਕਿ ਰੱਬ ਮਨੁੱਖ ਦੇ ਅੰਦਰ ਵਸਦਾ ਹੈ। ਮਨੁੱਖ ਨੂੰ ਨਿਡਰ ਨਿਰਭਉ ਹੋਣਾ ਚਾਹੀਦਾ ਹੈ। ਕਿਸੇ ਜ਼ੋਰਾਵਰ ਤੇ ਜ਼ੁਲਮ ਕਰਨ ਵਾਲੀ ਤਾਕਤ ਅੱਗੇ ਝੁਕਣਾ ਨਹੀਂ


Sri Satguru Jagjit Singh Ji eLibrary NamdhariElibrary@gmail.com

ਚਾਹੀਦਾ। ਇਕ ਸਦੀਵੀ ਅਮਲ ਚੱਲ ਰਿਹਾ ਹੈ, ਜਿਸ ਦੇ ਸਿੱਟੇ ਵਜੋਂ ਕਿਸੇ ਮੁਕੱਰਰ ਸਮੇਂ ਕਿਸੇ ਚੀਜ਼ ਦੀ ਹੋਂਦ ਨਹੀਂ ਰਹੇਗੀ। ਇਕ ਸ਼ਬਦ ਵਿਚ ਆਪ ਨੇ ਮਨੁੱਖ ਜਾਤੀ ਨੂੰ ਇਸ ਸਦੀਵੀ ਸੱਚ ਦੀ ਸਿਖਿਆ ਦਿਤੀ –

***ਕਾਹੇ ਰੇ ਬਨ ਖੋਜਨਿ ਜਾਈ॥***
***ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗ ਸਮਾਈ॥ ਰਹਾਉ॥***
***ਪੁਹਪ ਮਧਿ ਜਿਉ ਬਾਸ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥***
***ਤੈਸੇ ਹੀ ਹਰ ਬਸੈ ਨਿਰੰਤਰਿ ਘਟ ਹੀ ਖੋਜਹਿ ਭਾਈ॥***
***ਬਾਹਰ ਭੀਤਰ ਏਕੋ ਜਾਣੋ ਇਹ ਗੁਰਿ ਗਿਆਨ ਬਤਾਈ॥***
***ਜਨ ਨਾਨਕ ਬਿਨ ਆਪਾ ਚੀਨੈ ਮਿਟੇ ਨ ਭ੍ਰਮ ਕੀ ਕਾਈ॥***

ਆਪਣੇ ਇਕ ਸਲੋਕ ਵਿਚ ਆਪ ਨੇ ਫੁਰਮਾਇਆ –

***ਜੈਸੇ ਜਲ ਤੇ ਬੁਦਬੁਦਾ ਉਪਜੇ ਬਿਨਸੇ ਨੀਤ॥***
***ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨ ਮੀਤ॥***

ਗੁਰੂ ਤੇਗ ਬਹਾਦਰ ਜੀ ਰੱਬੀ ਪਿਆਰ ਵਿਚ ਸਰਸ਼ਾਰ, ਪ੍ਰੇਮ ਭਗਤੀ ਵਿਚ ਡੁੱਬੇ, ਇਕਾਂਤ ਵਿਚ ਬਹਿ, ਉਪਾਸਨਾ ਕਰਨ ਲੱਗੇ, ਉਹ ਜਦੋਂ ਵੀ ਸੰਗਤ ਨੂੰ ਸੰਬੋਧਨ ਕਰਦੇ, ਤਾਂ ਸਭ ਜਾਣਦੇ ਹੁੰਦੇ ਕਿ ਉਹ ਵੱਡੀ ਕੁਰਬਾਨੀ ਦੇਣ ਵਾਲੇ ਹਨ।

ਘਟਨਾਵਾਂ ਦਾ ਸਿਲਸਿਲਾ ਦਸਦਾ ਹੈ ਕਿ ਗੁਰੂ ਤੇਗ ਬਹਾਦਰ ਨੇ ਪੂਜਾ ਪਾਠ ਦੀ ਆਜ਼ਾਦੀ ਦੇ ਸਖਸ਼ੀ ਹੱਕ ਦੀ ਹਰ ਕੀਮਤ ਤੇ ਰੱਖਿਆ ਕਰਨ ਬਾਰੇ ਜੋ ਫੈਸਲਾ ਕੀਤਾ ਉਹ ਬਹੁਤ ਹੀ ਮਹੱਤਵਪੂਰਨ ਤੇ ਯਾਦਗਾਰੀ ਸੀ।

ਕਸ਼ਮੀਰੀ ਬ੍ਰਾਹਮਣ ਸਭ ਤੋਂ ਪਹਿਲਾਂ ਲਾਹੌਰ ਦੇ ਸੂਬੇਦਾਰ, ਜ਼ਾਲਮ ਖਾਨ ਨੂੰ ਮਿਲੇ ਤੇ ਉਹਨੂੰ ਲਿਖ ਕੇ ਦਿਤਾ ਕਿ ਜੇ ਗੁਰੂ ਤੇਗ ਬਹਾਦਰ ਜੀ ਨੂੰ ਇਸਲਾਮ ਕਬੂਲ ਕਰਨ ਲਈ ਪ੍ਰੇਰ ਲਿਆ ਜਾਵੇ ਤਾਂ ਹਿੰਦੁਸਤਾਨ ਭਰ ਕੇ ਹਿੰਦੂ ਬਿਨਾਂ ਕਿਸੇ ਝਿਜਕ ਦੇ ਮੁਸਲਮਾਨ ਬਣ ਜਾਣਗੇ। ਇਹ ਪੱਤਰ ਸ਼ਹਿਨਸ਼ਾਹ ਨੂੰ ਭੇਜ ਦਿਤਾ ਗਿਆ। ਸ਼ਹਿਨਸ਼ਾਹ ਨੇ ਵੱਡੇ ਮੌਲਵੀਆਂ ਤੇ ਕਾਜ਼ੀਆਂ ਨੂੰ ਸੱਦਿਆ ਤੇ ਇਸ ਮਤਲਬ ਲਈ ਬੁਲਾਈ ਗਈ ਇਕ ਖਾਸ ਇਕੱਤਰਤਾ ਵਿਚ ਕਸ਼ਮੀਰੀ ਬ੍ਰਾਹਮਣਾਂ ਵਲੋਂ ਪੇਸ਼ ਕੀਤੀ ਗਈ ਅਰਜ਼-ਦਾਸ਼ਤ ਵਿਚ ਦਰਜ ਗੱਲ ਦੱਸੀ। ਬ੍ਰਾਹਮਣ ਕਸ਼ਮੀਰ ਵਾਪਸ ਚਲੇ ਗਏ ਅਤੇ ਉਥੋਂ ਦੇ ਸੂਬੇਦਾਰ ਨੂੰ ਸ਼ਹਿਨਸ਼ਾਹ ਨੇ ਹੁਕਮ ਦਿਤਾ ਕਿ ਅਗਲੇ ਹੁਕਮ ਮਿਲਣ ਤਕ ਹਿੰਦੂਆਂ ਨੂੰ ਤਾਕਤ ਦੇ ਜ਼ੋਰ ਮੁਸਲਮਾਨ ਨਾ ਬਣਾਇਆ ਜਾਵੇ।

ਇਹਦੇ ਨਾਲ ਹੀ ਸ਼ਹਿਨਸ਼ਾਹ ਨੇ ਹੁਕਮ ਦਿਤਾ ਕਿ ਗੁਰੂ ਤੇਗ ਬਹਾਦਰ ਨੂੰ ਆਨੰਦਪੁਰ ਸਾਹਿਬ ਤੋਂ ਦਿੱਲੀ ਲਿਆਂਦਾ ਜਾਵੇ। ਕਹਿੰਦੇ ਹਨ ਕਿ ਨੌਵੇਂ ਗੁਰੂ ਨੇ ਲਿਖਤੀ ਰੂਪ ਵਿਚ ਦੱਸ ਭੇਜਿਆ ਕਿ ਉਹ ਆਪਣੇ ਆਪ ਹੀ ਦਿੱਲੀ ਪਹੁੰਚ ਰਹੇ ਹਨ।

ਆਨੰਦਪੁਰ ਸਾਹਿਬ ਤੋਂ ਰਵਾਨਗੀ ਤੋਂ ਪਹਿਲਾਂ ਗੁਰੂ ਮਹਾਰਾਜ ਨੇ ਉਨ੍ਹਾਂ ਸਿੱਖਾਂ ਦੀ ਚੋਣ ਕੀਤੀ ਜਿਨ੍ਹਾਂ ਨੇ ਉਨ੍ਹਾਂ ਦੇ ਨਾਲ ਜਾਣਾ ਸੀ। ਇਨ੍ਹਾਂ ਵਿਚ ਭਾਈ ਮਤੀ ਦਾਸ, ਭਾਈ ਦਿਆਲ ਦਾਸ, ਆਦਿ ਪੂਰਨ ਸਿੱਖ ਸ਼ਾਮਿਲ ਸਨ. ਗੁਰੂ ਸਾਹਿਬ ਨੇ ਆਪਣੀ ਪਤਨੀ ਮਾਤਾ ਗੁਜਰੀ ਨੂੰ ਨਾਲ ਜਾਣ ਦਾ ਇਰਾਦਾ ਛੱਡਣ ਲਈ ਮਨਾਇਆ। ਉਨ੍ਹਾਂ ਨੇ ਬਾਲਕ ਗੋਬਿੰਦ ਰਾਏ ਕੋਲ ਰਹਿਣਾ ਸੀ। ਉਨ੍ਹਾਂ ਨੂੰ ਯਕੀਨ ਦਿਵਾਇਆ ਗਿਆ ਕਿ ਇਹ ਬਾਲਕ ਜੀਹਨੇ ਦਸਵਾਂ ਗੁਰੂ ਬਣਨਾ ਹੈ, ਅਨੰਤ ਗੌਰਵਤਾ ਤੇ ਮਹਾਨ ਅਜ਼ਮਤ ਦਾ ਮਾਲਕ ਹੈ।

ਅਰਦਾਸ ਹੀ ਗੋਬਿੰਦ ਰਾਏ ਦੀ ਮੁਖ ਟੇਕ ਸੀ ਜਿਸ ਨੇ ਬਾਲ ਉਮਰੇ ਹੀ ਬਹਾਦਰੀ ਨਾਲ ਆਪਣੇ ਮਹਾਨ ਪਿਤਾ ਨੂੰ ਵਿਦਾ ਕੀਤਾ।

ਗੁਰੂ ਤੇਗ ਬਹਾਦਰ ਜੀ ਨੇ ਪਹਿਲਾ ਪੜਾਉ ਸੈਫਾਬਾਦ ਕੀਤਾ ਜਿਹੜਾ ਅਜੋਕੇ ਪਟਿਆਲੇ ਲਾਗੇ ਸੀ, ਫੇਰ ਹੋਰ ਬਹੁਤ ਸਾਰੇ ਥਾਈਂ ਠਹਿਰਦੇ ਹੋਏ ਆਗਰੇ ਪੁੱਜੇ। ਇਥੇ ਆਗਰੇ ਹੀ, ਇਕ ਬਾਗ ਵਿਚ ਬੈਠਿਆਂ, ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਤੇ ਦਿਨਾਂ ਵਿਚ ਹੀ ਦੇਸ ਦੇ ਕੋਨੇ ਕੋਨੇ ਵਿਚ ਇਹ ਖਬਰ ਫੈਲ ਗਈ ਕਿ ਗੁਰੂ ਸਾਹਿਬ ਨੂੰ ਦਿੱਲੀ ਲਿਜਾ ਕੇ ਨਜ਼ਰਬੰਦ ਕਰ ਦਿਤਾ ਗਿਆ ਹੈ।

ਉਹ ਦਿਨ ਆਇਆ ਜਦੋਂ ਗੁਰੂ ਤੇਗ ਬਹਾਦਰ ਤੇ ਉਨ੍ਹਾਂ ਦੇ ਸਾਥੀ ਸਿੱਖਾਂ ਨੂੰ ਔਰੰਗਜ਼ੇਬ ਦੇ ਪੇਸ਼ ਕੀਤਾ ਗਿਆ। ਥੋੜ੍ਹੇ ਵਿਚਾਰ-ਵਟਾਂਦਰੇ ਪਿਛੋਂ ਨੌਵੇਂ ਗੁਰੂ ਨੂੰ ਕਿਹਾ ਗਿਆ ਕਿ ਉਨ੍ਹਾਂ ਦਾ ਨਾਂ ਹੀ ਇਹਦਾ ਸੂਚਕ ਹੈ ਕਿ ਉਹ ਵੱਡੇ ਜੋਧਾ ਹਨ। ਸ਼ਹਿਨਸ਼ਾਹ ਨੇ ਮੰਗ ਕੀਤੀ ਕਿ ਇਕ ਨਬੀ (ਅਵਤਾਰ) ਦੀ ਹੈਸੀਅਤ ਵਿਚ ਉਨ੍ਹਾਂ ਨੂੰ ਚਮਤਕਾਰ ਕਰ ਕੇ ਵਿਖਾਉਣਾ ਚਾਹੀਦਾ ਹੈ। ਔਰੰਗਜ਼ੇਬ ਨੇ ਜੋ ਕੁਝ ਵੀ ਕਹਿਣਾ ਸੀ ਸਭ ਸੁਣਨ ਪਿਛੋਂ ਗੁਰੂ ਤੇਗ ਬਹਾਦਰ ਨੇ ਫੁਰਮਾਇਆ ਕਿ ਇਤਿਹਾਸ ਉਸ ਚਮਤਕਾਰ ਸਾਮ੍ਹਣੇ ਸਦਾ ਸਿਰ ਨਿਵਾਏਗਾ, ਜਿਹੜਾ ਉਹ ਕਰਨ ਵਾਲੇ ਹਨ।

ਗੁਰੂ ਸਾਹਿਬ ਤੇ ਉਨ੍ਹਾਂ ਦੇ ਸਿੱਖਾਂ ਦੇ ਮਨ ਬਦਲਣ ਲਈ ਔਰੰਗਜ਼ੇਬ ਨੇ ਕੋਸ਼ਿਸ਼ ਕੀਤੀ ਕਿ ਉਨ੍ਹਾਂ ਦੇ ਦਿਲ ਵਿਚ ਪੰਡਤਾਂ ਲਈ ਜੋ ਹਮਦਰਦੀ ਹੈ, ਉਹਨੂੰ ਦੂਰ ਕੀਤਾ ਜਾਵੇ। ਗੁਰੂ ਸਾਹਿਬ ਨੂੰ ਦੱਸਿਆ ਗਿਆ ਕਿ ਹਿੰਦੂ ਤਾਂ ਮੂਰਤੀ-ਪੂਜ, ਬੁੱਤ ਪ੍ਰਸਤ ਹਨ ਜਦ ਕਿ ਉਹ ਆਪ ਗੁਰੂ ਨਾਨਕ ਦੀ ਸਿਖਿਆ ਦੇ ਝੰਡਾ-ਬਰਦਾਰ ਹਨ ਜਿਨ੍ਹਾਂ ਨੇ ਇਕੋ ਰੱਬ ਦੀ ਹੋਂਦ ਉਤੇ ਅਤੇ ਉਹਦੀ ਹੀ ਪੂਜਾ ਉਤੇ ਜ਼ੋਰ ਦਿਤਾ ਸੀ। ਗੁਰੂ ਸਾਹਿਬ ਨੂੰ ਪੁਛਿਆ ਗਿਆ, ਉਹ ਹਿੰਦੂਆਂ ਦੇ ਮੂਰਤੀ ਪੂਜਾ ਦੇ ਅਧਿਕਾਰ ਨੂੰ ਕਿਉਂ ਕਾਇਮ ਰੱਖਣ ਦੀ ਕੋਸ਼ਿਸ਼ ਕਰ ਰਹੇ ਹਨ, ਇਸ ਦਾ ਅਰਥ ਤਾਂ ਇਹ ਹੋਵੇਗਾ ਕਿ ਮੂਰਤੀ-ਪੂਜਾ ਨੂੰ ਕਾਇਮ ਰੱਖਿਆ ਜਾਵੇ।

ਨੌਵੇਂ ਪਾਤਸ਼ਾਹ ਨੇ ਸ਼ਹਿਨਸ਼ਾਹ ਨੂੰ ਦੱਸਿਆ ਕਿ ਉਹਨੂੰ ਆਪਣੀ ਤਾਕਤ ਦਾ ਹੰਕਾਰ ਨਹੀਂ ਹੋਣਾ ਚਾਹੀਦਾ। ਬੰਦੇ ਦੀ


Sri Satguru Jagjit Singh Ji eLibrary NamdhariElibrary@gmail.com

ਹਸਤੀ ਤਾਂ ਆਰਜ਼ੀ ਹੈ, ਇਹ ਸੋਚਣਾ ਹੀ ਗਲਤ ਗੱਲ ਹੈ ਕਿ ਹਿੰਦੂ ਧਰਮ ਮੂਰਤੀ ਪੂਜਾ ਤਕ ਹੀ ਸੀਮਿਤ ਹੈ।

ਪਰ ਸ਼ਹਿਨਸ਼ਾਹ ਤਾਂ ਇਕ ਤਰ੍ਹਾਂ ਨਾਲ ਬੋਲਾ ਸੀ। ਉਹ ਕੱਟੜ ਮੁਸਲਮਾਨ ਮੌਲਵੀਆਂ ਤੇ ਕਾਜ਼ੀਆਂ ਵਿਚਕਾਰ ਘਿਰਿਆ ਹੋਇਆ ਸੀ। ਉਹਨੇ ਸੋਚਿਆ ਕਿ ਜੇ ਉਹ ਗੁਰੂ ਤੇ ਉਹਦੇ ਸਾਥੀਆਂ ਦੀ ਚੜ੍ਹਦੀ ਕਲਾ ਨੂੰ ਖਤਮ ਕਰ ਕੇ ਉਨ੍ਹਾਂ ਦਾ ਮਨੋਬਲ ਨਾ ਡੇਗ ਸਕਿਆ ਅਤੇ ਉਨ੍ਹਾਂ ਨੂੰ ਇਸਲਾਮ ਕਬੂਲ ਕਰਨਾ ਨਾ ਮਨਵਾ ਸਕਿਆ, ਤਾਂ ਉਹ ਆਪਣੇ ਹਮ-ਮਜ਼ਹਬ ਲੋਕਾਂ ਦੀਆਂ ਨਜ਼ਰਾਂ ਵਿਚ ਡਿੱਗ ਪਵੇਗਾ। ਗੁਰੂ ਸਾਹਿਬ ਨੂੰ ਇਸਲਾਮ ਕਬੂਲ ਕਰਨ ਲਈ ਕਿਹਾ ਗਿਆ। ਇਨਕਾਰ ਦੀ ਸੂਰਤ ਵਿਚ, ਉਨ੍ਹਾਂ ਨੂੰ ਦੱਸਿਆ ਗਿਆ, ਉਨ੍ਹਾਂ ਨੂੰ ਉਨ੍ਹਾਂ ਦੇ ਸ਼ਰਧਾਲੂ ਸਿੱਖਾਂ ਸਮੇਤ, ਮੌਤ ਦੇ ਘਾਟ ਉਤਾਰ ਦਿਤਾ ਜਾਵੇਗਾ। ਨੌਵੇਂ ਪਾਤਸ਼ਾਹ ਨੇ ਫੁਰਮਾਇਆ ਕਿ ਨਾ ਹੀ ਉਹ ਆਪ ਤੇ ਨਾ ਹੀ ਉਨ੍ਹਾਂ ਦੇ ਸਿੱਖ ਮੌਤ ਤੋਂ ਡਰਦੇ ਹਨ।

ਦਹਿਸ਼ਤ ਫੈਲਾਉਣ ਲਈ ਸਭ ਤੋਂ ਪਹਿਲਾਂ ਮਤੀਦਾਸ ਨੂੰ ਕਤਲ ਕਰਨ ਦਾ ਫੈਸਲਾ ਹੋਇਆ। ਭਾਈ ਦਿਆਲ ਦਾਸ ਨੂੰ ਵੀ ਇਸਲਾਮ ਕਬੂਲ ਕਰਨ ਜਾਂ ਮੌਤ ਵਿਚੋਂ ਚੋਣ ਕਰਨ ਲਈ ਆਖ ਦਿਤਾ ਗਿਆ।

ਗੁਰੂ ਸਾਹਿਬ ਨੂੰ ਮੁਗਲ ਹਾਕਮਾਂ ਦੇ ਇਰਾਦੇ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਆਪਣੇ ਇਨ੍ਹਾਂ ਸਿਦਕੀ ਸਿੱਖਾਂ ਨੂੰ ਰਹਿਮਤ-ਭਰੀ ਅਸ਼ੀਰਵਾਦ ਦਿਤੀ ਅਤੇ ਫੁਰਮਾਇਆ ਕਿ ਉਨ੍ਹਾਂ ਨੂੰ ਇਤਿਹਾਸ ਵਿਚ ਉਚਾ ਸਥਾਨ ਮਿਲੇਗਾ।

ਉਨ੍ਹਾਂ ਸਮਿਆਂ ਦੇ ਵਹਿਸ਼ੀਆਨਾ ਜ਼ਾਬਤੇ ਦੇ ਅਧੀਨ, ਭਾਈ ਮਤੀ ਦਾਸ ਨੂੰ ਦੋ ਤਖਤਿਆਂ ਵਿਚਕਾਰ ਨੂੜ ਕੇ ਸਿਰ ਤੋਂ ਸ਼ੁਰੂ ਕਰ ਕੇ ਧੜ ਦੇ ਹੇਠਾਂ ਤਕ ਆਰੇ ਨਾਲ ਚੀਰਿਆ ਗਿਆ, ਸਭਨਾਂ ਵੇਖਿਆ ਕਿ ਚੀਰੇ ਜਾਣ ਸਮੇਂ ਵੀ ਭਾਈ ਮਤੀ ਦਾਸ ਗੁਰਬਾਣੀ ਪੜ੍ਹਦੇ ਰਹੇ ਸਨ।

ਹੁਣ ਭਾਈ ਦਿਆਲ ਦਾਸ ਦੇ ਹੱਥ ਪੈਰ ਨੂੜੇ ਗਏ। ਉਹ ਜਪੁਜੀ ਸਾਹਿਬ ਦਾ ਪਾਠ ਕਰ ਰਹੇ ਸਨ, ਜਦੋਂ ਉਨ੍ਹਾਂ ਨੂੰ ਚੁੱਕ ਕੇ ਉਬਲਦੇ ਹੋਏ ਤੇਲ ਦੇ ਕੜਾਹੇ ਵਿਚ ਸੁੱਟ ਦਿਤਾ ਗਿਆ। ਭਾਈ ਦਿਆਲ ਦਾਸ ਅੱਖਾਂ ਮੀਟੀ ਗੁਰਬਾਣੀ ਪੜ੍ਹਦੇ ਰਹੇ ਅਤੇ ਸ਼ਹੀਦ ਹੋ ਗਏ।

ਗੁਰੂ ਦੇ ਪਿਆਰਿਆਂ, ਭਾਈ ਮਤੀ ਦਾਸ ਜੀ ਤੇ ਭਾਈ ਦਿਆਲ ਦਾਸ ਜੀ ਨੂੰ ਗੁਰੂ ਸਾਹਿਬ ਦੀਆਂ ਅੱਖਾਂ ਸਾਮ੍ਹਣੇ ਸ਼ਹੀਦ ਕਰ ਗਿਆ ਸੀ। ਉਨ੍ਹਾਂ ਨੂੰ ਕੋਤਵਾਲੀ ਦੀ ਇਕ ਕੋਠੜੀ ਵਿਚ ਬੰਦੀ ਰੱਖਿਆ ਗਿਆ ਸੀ। ਇਹ ਸਿੱਖਾਂ ਲਈ ਅਤਿ ਪਵਿੱਤਰ ਸਥਾਨ ਬਣ ਗਿਆ, ਕਿਉਂ ਜੁ ਖਿਆਲ ਹੈ ਕਿ ਇਥੇ ਹੀ ਸਰਬ ਸ਼ਕਤੀਮਾਨ ਪ੍ਰਮਾਤਮਾ ਨੇ ਸਤਿਗੁਰੂ ਜੀ ਦੇ ਮੁਖਾਰਬਿੰਦ ਤੋਂ ਉਹ ਨਾਵੇਂ ਮਹੱਲੇ ਦੇ ਸਲੋਕ ਉਚਰਵਾਏ ਸਨ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦਾ ਭੋਗ ਪੈਣ ਸਮੇਂ ਪੜ੍ਹੇ ਜਾਂਦੇ ਹਨ।

ਏਸੇ ਕੋਠੜੀ 'ਚੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਉਹ ਸਭ ਹਿਦਾਇਤਾ ਭੇਜੀਆਂ ਸਨ, ਜਿਨ੍ਹਾਂ ਦੀ ਵਰਤੋਂ ਦਸਵੇਂ ਪਾਤਸ਼ਾਹ ਦੇ ਗੁਰਗੱਦੀ ਤੇ ਬਹਿਣ ਸਮੇਂ ਕੀਤੀ ਜਾਣੀ ਸੀ।

ਭਾਈ ਮਤੀ ਦਾਸ ਜੀ ਤੇ ਭਾਈ ਦਿਆਲ ਦਾਸ ਨੂੰ ਸ਼ਹੀਦ ਕਰਨ ਪਿਛੋਂ, 11 ਨਵੰਬਰ, 1675 ਨੂੰ, ਕੋਤਵਾਲੀ ਦੇ ਸਾਮ੍ਹਣੇ ਵਾਲੇ ਮੈਦਾਨ ਨੂੰ ਬੁਹਾਰਿਆ ਤੇ ਸਾਫ ਕੀਤਾ ਗਿਆ, ਫੇਰ ਮਾਸ਼ਕੀ ਨੇ ਇਥੇ ਪਾਣੀ ਛਿੜਕਿਆ। ਹੁਣ ਕਾਜ਼ੀ ਅਬਦੁਲ ਵਹਾਬ ਬੋਹਰਾ ਆਇਆ, ਜਿਹੜਾ ਆਪਣੇ ਨਾਲ ਗੁਰੂ ਸਾਹਿਬ ਨੂੰ ਕਤਲ ਕਰਨ ਦਾ ਹੁਕਮ ਲੈ ਕੇ ਆਇਆ ਸੀ।

ਗੁਰੂ ਸਾਹਿਬ ਨੂੰ ਲੋਹੇ ਦੇ ਪਿੰਜਰੇ 'ਚੋਂ ਬਾਹਰ ਕੱਢਿਆ ਗਿਆ ਤੇ ਉਹ ਬੋਹੜ ਦੇ ਇਕ ਦਰਖਤ ਹੇਠ ਗਏ ਤੇ ਕਾਜ਼ੀ ਨੂੰ ਦੱਸਿਆ ਕਿ ਉਹ ਹੁਣ ਗੁਰਬਾਣੀ ਦਾ ਪਾਠ ਕਰਨਗੇ ਤੇ ਫੇਰ ਅਰਦਾਸ ਕਰਕੇ ਉਸ ਸਰਬਸ਼ਕਤੀਮਾਨ ਪ੍ਰਮਾਤਮਾ ਸਾਮ੍ਹਣੇ ਆਪਣਾ ਸਿਰ ਝੁਕਾਉਣਗੇ ਅਤੇ ਇਸੇ ਛਿਣ ਹੀ ਉਨ੍ਹਾਂ ਨੂੰ ਸ਼ਹੀਦ ਕਰ ਦਿਤਾ ਜਾਵੇ। ਕਹਿੰਦੇ ਹਨ ਕਿ ਨੌਵੇਂ ਪਾਤਸ਼ਾਹ ਨੇ ਅੰਤਰ ਧਿਆਨ ਹੋ ਕੇ ਜਪੁਜੀ ਸਾਹਿਬ ਦਾ ਪਾਠ ਕੀਤਾ। ਪਾਠ ਦਾ ਭੋਗ ਪਾ ਕੇ ਅਰਦਾਸ ਕੀਤੀ ਅਤੇ ਪ੍ਰਮਾਤਮਾ ਅੱਗੇ ਸਿਰ ਝੁਕਾਇਆ ਅਤੇ ਇਸੇ ਸਮੇਂ ਉਨ੍ਹਾਂ ਦੀ ਹਿਦਾਇਤ ਅਨੁਸਾਰ, ਜੱਲਾਦ ਜਲਾਲ-ਉਦ-ਦੀਨ ਨੇ ਪੂਰੇ ਜ਼ੋਰ ਨਾਲ ਤਲਵਾਰ ਚਲਾਈ ਅਤੇ ਗੁਰੂ ਸਾਹਿਬ ਦਾ ਸਿਰ ਧੜ ਨਾਲੋਂ ਜੁਦਾ ਕਰ ਦਿਤਾ। ਕਹਿੰਦੇ ਹਨ, ਚਾਣਚੱਕ ਕਾਲੀ ਘਟਾ ਛਾ ਗਈ ਅਤੇ ਝੱਖੜ ਝੁਲ ਪਿਆ। ਜੱਲਾਦ ਤੇ ਉਹਦੇ ਸਹਿਕਾਰ ਡਰ ਗਏ ਅਤੇ ਉਥੋਂ ਦੌੜ ਗਏ। ਉਨ੍ਹਾਂ ਨੂੰ ਲੱਗਾ ਜਿਵੇਂ ਗੁਰੂ ਦੀ ਸ਼ਹਾਦਤ ਉਤੇ ਧਰਤੀ ਫਟਣ ਹੀ ਵਾਲੀ ਹੈ ਅਤੇ ਉਹ ਇਸ ਵਿਚ ਗਰਕ ਹੋ ਜਾਣਗੇ।

ਇਹ ਇਕ ਮੰਨਿਆ ਪਰਮੰਨਿਆ ਤੱਥ ਹੈ ਕਿ ਨੌਵੇਂ ਪਾਤਸ਼ਾਹ ਦੇ ਸ਼ਹੀਦ ਹੋਣ ਪਿਛੋਂ ਉਨ੍ਹਾਂ ਦਾ ਸੀਸ ਤਾਂ ਇਕ ਰੰਗਰੇਟਾ ਸ਼ਰਧਾਲੂ, ਭਾਈ ਜੈਤਾ, ਚਾਂਦਨੀ ਚੌਕ ਵਿਚੋਂ ਚੁੱਕ ਕੇ ਆਨੰਦਪੁਰ ਸਾਹਿਬ ਲੈ ਗਿਆ ਅਤੇ ਉਨ੍ਹਾਂ ਦਾ ਧੜ ਭਾਈ ਲੱਖੀ ਸ਼ਾਹ ਆਪਣੇ ਗੱਡੇ ਵਿਚ ਲੱਦ ਕੇ ਸਿੱਧਾ ਆਪਣੇ ਘਰ ਲੈ ਗਿਆ ਅਤੇ ਘਰ ਦੇ ਅੰਦਰ ਪੂਰੀ ਸ਼ਰਧਾ ਨਾਲ ਸਜਾ ਕੇ ਘਰ ਨੂੰ ਹੀ ਅੱਗ ਲਾ ਦਿਤੀ। ਇਸੇ ਥਾਂ ਹੁਣ ਗੁਰਦਵਾਰਾ ਰਕਾਬਗੰਜ ਹੈ। ਰਾਸ਼ਟਰਪਤੀ ਭਵਨ ਤੇ ਕੇਂਦਰੀ ਸਕੱਤਰੇਤ ਦੇ ਇਕ ਪਾਸੇ ਨਜ਼ਦੀਕ ਹੀ ਇਸ ਗੁਰਦਵਾਰੇ ਦੀ ਸ਼ਾਨਦਾਰ ਇਮਾਰਤ ਸੁਭਾਇਮਾਨ ਹੈ ਜੋ ਭਵਨ ਨਿਰਮਾਣ ਕਲਾ ਦਾ ਇਕ ਸੁੰਦਰ ਨਮੂਨਾ ਹੈ।

ਗੁਰਦਵਾਰਾ ਰਕਾਬਗੰਜ ਵਿਖੇ ਜਿਸ ਸਥਾਨ ਤੇ ਹੁਣ



Sri Satguru Jagjit Singh Ji eLibrary NamdhariElibrary@gmail.com

ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ, ਇਹ ਉਹੋ ਹੀ ਥਾਂ ਸੀ, ਜਿਥੇ ਭਾਈ ਲੱਖੀ ਸ਼ਾਹ ਨੇ ਗੁਰੂ ਸਾਹਿਬ ਦਾ ਧੜ ਰੱਖ ਕੇ ਦਾਹ ਸਸਕਾਰ ਕੀਤਾ ਸੀ। ਇਸ ਗੁਰਦਵਾਰੇ ਵਿਚ ਗੁਰਬਾਣੀ ਦਾ ਪਾਠ ਤੇ ਕੀਰਤਨ ਹੁੰਦਾ ਰਹਿੰਦਾ ਹੈ। ਇਕ ਪਾਸੇ ਕਰਕੇ ਲੱਕੜ ਦਾ ਉਹ ਆਰਜ਼ੀ ਪਲੇਟ ਫਾਰਮ ਹੈ ਜਿਸ ਉਤੇ ਬਹਿ ਕੇ ਰਾਗੀ ਸਿੰਘ ਕੀਰਤਨ ਕਰਦੇ ਹਨ।

ਭਾਈ ਜੈਤਾ ਨੌਂਵੇਂ ਪਾਤਸ਼ਾਹ ਦਾ ਸੀਸ ਲੈ ਕੇ ਕੀਰਤਪੁਰ ਸਾਹਿਬ ਪੁੱਜਾ ਤਾਂ ਇਥੋਂ ਇਕ ਜਲੂਸ ਦੀ ਸ਼ਕਲ ਵਿਚ ਆਨੰਦਪੁਰ ਸਾਹਿਬ ਪੁਜਿਆ। ਦਸਮ ਪਾਤਸ਼ਾਹ, ਗੁਰੂ ਗੋਬਿੰਦ ਰਾਏ ਨੇ ਪੂਰੇ ਠਰੰਮੇ ਤੇ ਸ਼ਾਂਤੀ ਨਾਲ ਆਪਣੇ ਪਿਤਾ ਦਾ ਸੀਸ ਪ੍ਰਾਪਤ ਕੀਤਾ। ਅਰਦਾਸ ਵਿਚ ਅੱਖਾਂ ਮੀਟੀਆਂ ਫੇਰ ਸੀਸ ਨੂੰ ਸੰਦਲ ਦੀ ਲਕੜੀ ਦੀ ਇਕ ਚਿਖਾ ਉਤੇ ਟਿਕਾਇਆ। ਭਾਈ ਜੈਤੇ ਨੂੰ ਗਲਵਕੜੀ ਵਿਚ ਲੈ ਲਿਆ ਅਤੇ 'ਰੰਗਰੇਟੇ ਗੁਰੂ ਕੇ ਬੇਟੇ' ਦੇ ਪ੍ਰਸਿੱਧ ਸ਼ਬਦ ਮੁਖਾਰਬਿੰਦ ਤੋਂ ਉਚਾਰੇ, ਇਸ ਤਰ੍ਹਾਂ ਨੀਵੀਂ ਜ਼ਾਤ ਦੇ ਰੰਗਰੇਟੇ ਨੂੰ ਗੁਰੂ ਦੇ ਬੇਟੇ ਦਾ ਦਰਜਾ ਦੇ ਕੇ ਨਿਵਾਜਿਆ ਗਿਆ। ਇਨ੍ਹਾਂ ਸ਼ਬਦਾਂ ਨਾਲ ਦਸਮ ਪਾਤਸ਼ਾਹ ਨੇ, ਜਿਨ੍ਹਾਂ ਦੀ ਉਮਰ ਉਸ ਵੇਲੇ ਨੌਂ ਸਾਲਾਂ ਦੀ ਹੀ ਸੀ, ਦ੍ਰਿੜ੍ਹਤਾ ਨਾਲ ਐਲਾਨਿਆ ਕਿ ਛੂਤ-ਛਾਤ ਸਮਾਪਤ ਕੀਤੀ ਜਾਂਦੀ ਹੈ, ਸੱਭੇ ਮਨੁੱਖ ਬਰਾਬਰ ਹਨ।

ਆਪਣੇ ਪਿਤਾ ਦੀ ਸ਼ਹਾਦਤ ਦਾ ਵਰਣਨ ਦਸਮ ਪਾਤਸ਼ਾਹ ਨੇ ਬਚਿੱਤਰ ਨਾਟਕ ਵਿਚ ਇਸ ਤਰ੍ਹਾਂ ਕੀਤਾ ਹੈ -

***ਠੀਕਰ ਫੋਰ ਦਲੀਸ ਸਿਰ ਪ੍ਰਭ ਪੁਰ ਕੀਆ ਪਿਆਨ॥***<br>
***ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥***<br>
***ਤੇਗ ਬਹਾਦਰ ਕੇ ਚਲਤ ਭਇਓ ਜਗਤ ਕੋ ਸੋਕ॥***<br>
***ਹੈ ਹੈ ਹੈ ਸਭ ਜਗ ਭਇਓ ਜੈ ਜੈ ਜੈ ਸੁਰ ਲੋਕ॥***



Sri Satguru Jagjit Singh Ji eLibrary NamdhariElibrary@gmail.com

# ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ

***ਡਾ. ਜਗਜੀਤ ਸਿੰਘ***

> ਵੱਡੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਜੋੜ ਮੇਲਾ ਚਮਕੌਰ ਸਾਹਿਬ ਵਿਖੇ ਮਿਤੀ 22 ਦਸੰਬਰ ਨੂੰ ਹੋਵੇਗਾ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਜੋੜ ਮੇਲਾ ਫਤਹਿਗੜ੍ਹ ਸਾਹਿਬ ਸਰਹੰਦ ਵਿਖੇ 26-28 ਦਸੰਬਰ ਨੂੰ ਹੋਵੇਗਾ।

ਸਿੱਖ ਇਤਿਹਾਸ ਅਦੁੱਤੀ ਕੁਰਬਾਨੀਆਂ ਦਾ ਇਤਿਹਾਸ ਹੈ ਅਤੇ ਇਸ ਇਤਿਹਾਸ ਵਿਚ ਦਸੰਬਰ ਸੰਨ 1704 ਵਿਚ ਹੋਈਆਂ ਸਾਹਿਬਜ਼ਾਦਿਆਂ ਦੀਆਂ ਕੁਰਬਾਨੀਆਂ ਦੀ ਉਦਾਹਰਣ ਸੰਸਾਰ ਇਤਿਹਾਸ ਵਿਚ ਦੁਰਲੱਭ ਹੈ। ਸਾਹਿਬਜ਼ਾਦਾ ਅਜੀਤ ਸਿੰਘ, ਜੁਝਾਰ ਸਿੰਘ ਦੀ ਸ਼ਹਾਦਤ ਨੂੰ ਸ਼ਰਧਾਂਜਲੀ ਪੇਸ਼ ਕਰਦਾ ਜੋਗੀ ਅੱਲਾ ਯਾਰ ਖਾਨ ਲਿਖਦਾ ਹੈ ਕਿ ਜੇ ਭਾਰਤ ਵਿਚ ਕੋਈ ਮਹਾਨ ਤੀਰਥ ਅਸਥਾਨ ਹੈ, ਜਿਥੇ ਕਿਸੇ ਪਿਤਾ ਨੇ ਪਰਮਾਤਮਾ ਦੀ ਸਰਦਲ 'ਤੇ ਪੁੱਤਰਾਂ ਨੂੰ ਕੁਰਬਾਨ ਕਰ ਦਿੱਤਾ ਤਾਂ ਉਹ ਤੀਰਥ ਚਮਕੌਰ ਸਾਹਿਬ ਦੀ ਧਰਤੀ ਹੈ, ਜਿਸ ਦਾ ਹਰ ਕਣ ਪਰਮਾਤਮਾ ਦੀ ਸ਼ਾਨ ਵਿਚ ਚਮਕ ਰਿਹਾ ਹੈ। ਐਸੀ ਹੀ ਦਿਲ-ਕੰਬਾਊ ਦਾਸਤਾਨ 'ਸਰਹੰਦ ਦੀ ਦੀਵਾਰ' ਦੀ ਹੈ ਜਿਥੇ ਨਿੱਕੀਆਂ ਜਿੰਦਾਂ - (ਬਾਬਾ ਜ਼ੋਰਾਵਾਰ ਸਿੰਘ ਅਤੇ ਬਾਬਾ ਫਤਹਿ ਸਿੰਘ) ਨੇ ਬਹੁਤ ਵੱਡਾ ਸਾਕਾ ਕਰ ਵਿਖਾਇਆ। ਸੌ-ਸੌ ਵਾਰ ਪ੍ਰਣਾਮ ਹੈ ਐਸੇ ਸੂਰਬੀਰਾਂ ਨੂੰ ਜਿਨ੍ਹਾਂ ਨੇ ਧਰਮ, ਦੇਸ਼ ਅਤੇ ਸਮੁੱਚੀ ਮਨੁੱਖਤਾ ਦੇ ਸ੍ਵੈਮਾਨ, ਅਣਖ ਅਤੇ ਆਜ਼ਾਦੀ ਹਿਤ ਜਾਨਾਂ ਵਾਰ ਦਿੱਤੀਆਂ। ਇਨ੍ਹਾਂ ਕੁਰਬਾਨੀਆਂ ਨੇ ਅਣਗਿਣਤ ਦਿਲਾਂ ਨੂੰ ਟੁੰਬਿਆ ਹੈ। ਜਿੰਦਾਂ ਭਾਵੇਂ ਅਨਭੋਲ ਨਿੱਕੀਆਂ-ਨਿੱਕੀਆਂ ਸੀ, ਪਰ ਉਨ੍ਹਾਂ ਦੇ ਕਾਰਨਾਮੇ ਬਜ਼ੁਰਗਾਂ ਬਾਬਿਆਂ ਵਾਲੇ ਸੀ। ਇਸੇ ਲਈ ਉਨ੍ਹਾਂ ਨੂੰ 'ਬਾਬਾ' ਪਦ ਨਾਲ ਸਤਕਾਰਿਆ ਜਾਂਦਾ ਹੈ, ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ, ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ, ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ, ਸਾਹਿਬਜ਼ਾਦਾ ਬਾਬਾ ਫਤਹਿ ਸਿੰਘ।

ਚਮਕੌਰ ਸਾਹਿਬ ਅਤੇ ਫਤਹਿਗੜ੍ਹ ਸਾਹਿਬ ਦੀ ਚੱਪਾ-ਚੱਪਾ ਧਰਤੀ ਸਾਹਿਬਜ਼ਾਦਿਆਂ ਦੇ ਪਿਆਰ ਵੈਰਾਗ ਵਿਚ ਅਲਮਸਤ ਕੋਈ ਅਗੰਮੀ ਸੁਨੇਹਾ ਦਿੰਦੀ ਪ੍ਰਤੀਤ ਹੁੰਦੀ ਹੈ ਕਿ ਸੰਸਾਰ ਵਿਚ ਵੱਸਦੇ ਪ੍ਰਾਣੀਓਂ, ਪਿਆਰ ਵੰਡੋ, ਖੁਸ਼ਬੂ ਵੰਡੋ! ਉਮਰਾਂ ਕਰਕੇ ਜਿੰਦ ਭਾਵੇਂ ਛੋਟੀ ਹੋਵੇ, ਭਾਵੇਂ ਵੱਡੀ, ਫਰਕ ਨਹੀਂ ਪੈਂਦਾ। ਅੰਦਰ ਪਰਮ ਜੋਤਿ ਦਾ ਚਾਨਣ ਹੋਵੇ, ਮਨ ਸਰੀਰਾਂ ਨਾਲ ਨਹੀਂ ਸਗੋਂ ਪਿਆਰ ਦੇ ਸਾਗਰ ਨਾਲ ਜੁੜਿਆ ਹੋਵੇ; ਕੂੜੀਆਂ ਵੰਡਾਂ, ਈਰਖਾ, ਦ੍ਵੈਤ, ਵੈਰ, ਵਿਰੋਧ ਤੋਂ ਪਾਕ ਹੋਵੇ, 'ਤੇਰੇ ਭਾਣੇ ਸਰਬੱਤ ਦਾ ਭਲਾ' ਦਾ ਦਿਲੋਂ ਹਿਤੈਸ਼ੀ ਹੋਵੇ, ਤਾਂ ਐਸੀਆਂ ਜਿੰਦਾਂ 'ਤੇ ਧਰਤੀ ਮਾਣ ਕਰਦੀ ਹੈ, ਖੰਡ ਬ੍ਰਹਿਮੰਡ ਮਾਣ ਕਰਦੇ ਹਨ। ਐਸਾ ਜੀਵਨ ਹੀ ਅਸਲੀ ਜੀਵਨ ਹੈ, ਐਸਾ ਜੀਵਨ ਹੀ ਸਫਲ ਜੀਵਨ ਹੈ। ਦਸੰਬਰ ਦੇ ਪਿਛਲੇ ਪੰਦਰਵਾੜੇ ਵਿਚ ਇਨ੍ਹਾਂ ਪਵਿੱਤਰ ਥਾਵਾਂ ਨੂੰ ਕਿਸੇ ਰਾਹੋਂ ਵੀ ਚਲੇ ਜਾਓ, ਦੂਰ ਦੂਰ ਤਕ ਦਾ ਇਲਾਕਾ ਸਾਹਿਬਜ਼ਾਦਿਆਂ ਦੇ ਪਿਆਰ-ਸਤਕਾਰ ਵਿਚ ਤੁਹਾਡੇ ਰਾਹਾਂ 'ਤੇ ਅੱਖਾਂ ਵਿਛਾਈ ਖੜ੍ਹਾ ਦਿੱਸੇਗਾ। ਥਾਂ-ਥਾਂ ਲੰਗਰ, ਛਬੀਲਾਂ, ਦੁੱਧ, ਚਾਹ ਦੀ ਸੇਵਾ, ਹੱਥ ਬੰਨ੍ਹੀ ਸੇਵਾਦਾਰ, ਬੱਚੇ, ਨੌਜਵਾਨ ਤੁਹਾਡਾ ਰਾਹ ਰੋਕ, ਕੁਝ ਪ੍ਰਵਾਨ ਕਰ ਲੈਣ ਲਈ ਤਰਲਾ ਕਰਦੇ ਹਨ। ਇਥੇ ਉਲਟੀ ਗੰਗਾ ਵਹਿੰਦੀ ਹੈ। ਦੇਣ ਵਾਲੇ ਲੈਣ ਵਾਲਿਆਂ ਦੀ ਮਿੰਨਤ ਕਰਦੇ ਹਨ। ਕੋਈ ਸੇਵਾ ਪ੍ਰਵਾਨ ਕਰ ਲਵੇ, ਪ੍ਰਸੰਨ ਹੋ ਜਾਂਦੇ ਹਨ। ਇਨ੍ਹਾਂ ਪਵਿੱਤਰ ਅਸਥਾਨਾਂ ਨੂੰ ਜਾਂਦੀ ਹਰ ਸੜਕ ਐਸਾ ਦ੍ਰਿਸ਼ ਹੀ ਪੇਸ਼ ਕਰਦੀ ਹੈ। ਸੇਵਾ ਕਰਨ ਵਾਲੇ ਇਨ੍ਹਾਂ ਜਿੰਦਾਂ ਨੂੰ ਦਿਲੋਂ ਪਿਆਰ ਕਰਨ ਵਾਲੇ ਇਨਸਾਨ ਹਨ - ਨਾ ਹਿੰਦੂ, ਨਾ ਸਿੱਖ, ਨਾ ਮੁਸਲਮਾਨ, ਨਾ ਛੋਟੇ, ਨਾ ਵੱਡੇ, ਨਾ ਊਚ, ਨਾ ਨੀਚ। ਕਿਸੇ ਦਾਰਸ਼ਨਿਕ ਨੇ ਠੀਕ ਹੀ ਕਿਹਾ ਸੀ ਕਿ ਪਵਿੱਤਰ ਬਲੀਦਾਨ ਦੇ ਖ਼ੂਨ ਦਾ ਹਰ ਕਤਰਾ ਸੱਚੇ ਧਰਮ ਦੇ ਮਹੱਲ ਦੀ ਬੁਨਿਆਦ ਬਣਦਾ ਹੈ।

ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਅਣਚਾਹੀਆਂ ਮੌਤਾਂ ਨਹੀਂ ਸਨ, ਸਗੋਂ ਚੇਤੰਨ ਸਰੂਪ ਵਿਚ ਸਿਰਜੇ ਤੇ ਰੂਪਮਾਨ ਕੀਤੇ ਬਹਾਦਰੀ ਦੇ ਜੌਹਰ ਸਨ ਜੋ ਕੌਮ ਅਤੇ ਦੇਸ਼ ਦਾ ਫਖ਼ਰ ਬਣੇ। ਇਨ੍ਹਾਂ ਅੰਦਰ ਗੁਰੂ-ਪਿਤਾ, ਗੁਰੂ ਦਾਦਾ, ਗੁਰੂ-ਵਿਰਸੇ ਤੋਂ ਪ੍ਰਾਪਤ ਨਾਮ-ਰੰਗ ਦੀ ਸੂਰਮਗਤੀ ਸੀ ਜਿਨ੍ਹਾਂ ਦਾ ਬਾਹਰੀ ਪ੍ਰਗਟਾਵਾ ਇਹ ਸ਼ਹੀਦੀਆਂ ਸਨ। ਇਨ੍ਹਾਂ ਸ਼ਹੀਦੀਆਂ ਦੇ ਰਹੱਸ ਨੂੰ ਸਮਝਣਾ ਕੋਈ ਸੌਖੀ ਗੱਲ ਨਹੀਂ, ਵਿਸ਼ੇਸ਼ ਕਰਕੇ ਉਨ੍ਹਾਂ ਮਨੁੱਖਾਂ ਲਈ ਜੋ ਸਰੀਰਾਂ ਨਾਲ ਅਤੇ ਸਰੀਰਾਂ ਦੇ ਸੰਬੰਧਾਂ ਦੇ ਪਿਆਰ ਨਾਲ ਜੁੜੇ ਹੋਏ ਹਨ, ਮਰਨ ਤੋਂ ਡਰਦੇ ਹਨ, ਸਰੀਰ ਦੇ ਖਤਮ ਹੋ ਜਾਣ ਨੂੰ ਇਕ ਭਿਆਨਕ ਘਟਨਾ ਮੰਨਦੇ ਹਨ, ਜਿਸ ਤੋਂ ਬਚਣ ਲਈ ਹਰ ਤਰ੍ਹਾਂ ਦੇ ਸਾਧਨ ਜੁਟਾਉਣ ਵਿਚ ਲੱਗੇ ਹੋਏ ਹਨ।

ਇਸ ਦੇ ਉਲਟ ਗੁਰੂ ਦਾ ਮਾਰਗ 'ਸੱਚ ਦਾ ਮਾਰਗ' ਹੈ, ਧਰਮ ਦਾ ਮਾਰਗ ਹੈ, ਜਿਸ ਉਪਰ 'ਕੂੜਿ ਦੀ ਪਾਲ' ਨੂੰ ਤੋੜ ਕੇ ਹੀ ਚੱਲਿਆ ਜਾਂਦਾ ਹੈ, ਜਿਸ ਵਿਚ 'ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ' ਦਾ ਅਮਲ ਦ੍ਰਿੜ੍ਹ ਕਰਵਾਇਆ ਜਾਂਦਾ ਹੈ ਜੋ 'ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ' ਦਾ ਸੰਦੇਸ਼ ਦਿੰਦਾ ਹੈ। ਗੁਰੂ ਨਾਨਕ ਸਾਹਿਬ ਸੰਗਤ ਪੰਗਤ, ਨਾਮ ਮਹਿਮਾ, ਸ਼ਬਦ ਬਾਣੀ ਦੇ ਕੀਰਤਨ ਰਾਹੀਂ ਇਹੋ ਦ੍ਰਿੜ੍ਹ ਕਰਵਾਉਂਦੇ ਰਹੇ। ਸਭ ਲਈ ਇਕੋ ਸੰਦੇਸ਼ ਸੀ -



Sri Satguru Jagjit Singh Ji eLibrary NamdhariElibrary@gmail.com

***ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥***
***ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ॥***

***ਪੰਨਾ - 468***

'ਸੱਚ' 'ਤੇ ਪਹਿਰਾ ਦੇਂਦਿਆਂ ਪੰਜਵੇਂ ਅਤੇ ਨੌਂਵੇਂ ਗੁਰੂਆਂ ਨੇ 'ਕੂੜ' ਨਾਲ ਸਮਝੌਤਾ ਨਾ ਕੀਤਾ, ਸ਼ਹੀਦੀ ਪਰਵਾਨ ਕਰ ਲਈ। ਇਸ ਕਾਰਜ ਦੀ ਸੰਪੰਨਤਾ ਹਿਤ ਦਸਵੇਂ ਗੁਰੂ ਜੀ ਨੇ 1699 ਦੀ ਵੈਸਾਖੀ ਨੂੰ ਅਨੰਦਪੁਰ ਸਾਹਿਬ ਵਿਖੇ ਵਿਸ਼ਾਲ ਇਕੱਠ ਕੀਤਾ ਅਤੇ 'ਜੀਵਨ ਕੀ ਹੈ ਮੌਤ ਕੀ ਹੈ?' ਦੇ ਰਹੱਸ ਨੂੰ ਰੂਪਮਾਨ ਕਰਨ ਲਈ ਸੀਸ ਦੀ ਬਲੀ ਮੰਗੀ, ਵਾਰੀ-ਵਾਰੀ ਪੰਜ ਸਿੱਖ ਸੀਸ ਭੇਟ ਕਰਨ ਹਿਤ ਨਿੱਤਰੇ-ਲਾਹੌਰ ਦੇ ਭਾਈ ਦਯਾ ਰਾਮ, ਦਿੱਲੀ ਦੇ ਭਾਈ ਧਰਮਦਾਸ, ਪੁਰੀ ਤੋਂ ਭਾਈ ਹਿੰਮਤ ਰਾਇ, ਸੌਰਾਸ਼ਟਰ ਤੋਂ ਭਾਈ ਮੋਹਕਮ ਚੰਦ ਅਤੇ ਆਂਧਰਾ ਤੋਂ ਭਾਈ ਸਾਹਿਬ ਚੰਦ। ਇਨ੍ਹਾਂ ਪੰਜਾਂ ਨੂੰ ਅੰਮ੍ਰਿਤ ਦੀ ਦਾਤ ਮਿਲਣ ਨਾਲ 'ਖਾਲਸੇ' ਦੀ ਸਿਰਜਨਾ ਹੋਈ। ਇਨ੍ਹਾਂ ਤੋਂ ਆਪ ਅੰਮ੍ਰਿਤ ਛਕ ਕੇ 'ਆਪੇ ਗੁਰ ਚੇਲਾ' ਦੀ ਮਰਿਆਦਾ ਤੋਰੀ। ਹਰ ਤਰ੍ਹਾਂ ਦੇ ਵੈਰ-ਵਿਤਕਰੇ, ਊਚ-ਨੀਚ, ਜਾਤ-ਪਾਤ, ਵਰਣ-ਭੇਦ ਦੂਰ ਕਰਕੇ ਇਨ੍ਹਾਂ ਨੂੰ ਪੰਜ ਰਹਿਤਾਂ ਬਖਸ਼ੀਆਂ, ਚਾਰ ਕੁਰਹਿਤਾਂ ਤੋਂ ਬਚਣ ਦਾ ਬਚਨ ਲਿਆ -

***'ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ,***
***ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥'***

***(ਅਕਾਲ ਉਸਤਤਿ)***

ਦਾ ਸੰਦੇਸ਼ ਦ੍ਰਿੜ੍ਹ ਕਰਵਾਇਆ। ਖਾਲਸੇ ਦੀ ਸਿਰਜਨਾ ਇਕ ਤਰ੍ਹਾਂ ਨਾਲ 'ਸੁਪਰਮੈਨ', ਸੱਚ ਦੇ ਧਾਰਨੀ, ਧਰਮੀ ਬੰਦੇ ਦੀ ਸਿਰਜਨਾ ਸੀ ਜੋ ਪ੍ਰਭੂ-ਗੁਣਾਂ ਨਾਲ ਸੰਪੰਨ ਸੀ ਅਤੇ ਹਰ ਤਰ੍ਹਾਂ ਦੇ ਔਗੁਣਾਂ ਤੋਂ ਮੁਕਤ ਸੀ।

ਗੁਰੂ ਜੀ ਦੇ ਦੋਵੇਂ ਵੱਡੇ ਸਪੁੱਤਰ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਨੇ ਅਮਰਤਾ ਪ੍ਰਦਾਨ ਕਰਨ ਵਾਲਾ ਅੰਮ੍ਰਿਤ ਪਾਨ ਕੀਤਾ, ਸ਼ਸ਼ਤਰਧਾਰੀ ਬਣੇ, ਯੁੱਧ ਵਿੱਦਿਆ ਹਾਸਲ ਕੀਤੀ ਅਤੇ ਛੋਟੀਆਂ ਟੋਲੀਆਂ ਬਣਾ ਕੇ ਜੰਗ ਲੜਨ ਦੇ ਕਰਤੱਵ ਕਰਦੇ ਅਤੇ ਜੌਹਰ ਵਿਖਾਉਂਦੇ ਰਹਿੰਦੇ ਸੀ। ਕੁਝ ਦਿਨਾਂ ਵਿਚ ਹੀ ਹਜ਼ਾਰਾਂ ਸਿੱਖਾਂ ਨੇ ਅੰਮ੍ਰਿਤ ਪਾਨ ਕਰ ਲਿਆ ਅਤੇ ਸ਼ਸ਼ਤਰਧਾਰੀ ਖਾਲਸਾ ਹਕੂਮਤ ਲਈ ਖਤਰੇ ਦਾ ਚਿੰਨ੍ਹ ਬਣ ਗਿਆ। ਗੁਰੂ ਜੀ ਨੂੰ ਸਰਬੱਤ ਸਿੱਖ 'ਸੱਚਾ ਪਾਤਸ਼ਾਹ' ਮੰਨਦੇ ਤੇ ਸੰਬੋਧਨ ਕਰਦੇ ਸਨ ਜੋ ਔਰੰਗਜ਼ੇਬ ਲਈ ਬਰਦਾਸ਼ਤ ਕਰਨਾ ਕਠਨ ਸੀ। ਸਭ ਜਾਤਾਂ ਦਾ ਇਕੋ ਬਾਟੇ ਵਿਚੋਂ ਅੰਮ੍ਰਿਤ ਪਾਨ ਕਰਨਾ ਅਤੇ ਊਚ ਨੀਚ ਦੀ ਬਰਾਬਰੀ ਪਹਾੜੀ ਹਿੰਦੂ ਰਾਜਿਆਂ ਨੂੰ ਵੀ ਪ੍ਰਵਾਨ ਨਹੀਂ ਸੀ। ਸੋ ਉਹ ਵੀ ਖਾਲਸੇ ਦੀ ਸਿਰਜਨਾ ਅਤੇ ਸਿੱਖਾਂ ਦੇ ਸ਼ਸਤਰਧਾਰੀ ਹੋਣ ਦੇ ਵਿਰੁੱਧ ਸਨ।

ਐਸੀ ਸਥਿਤੀ ਵਿਚ ਹੀ ਔਰੰਗਜ਼ੇਬ ਨੇ ਨਵਾਬ ਦਲਾਵਰ ਖਾਨ ਅਤੇ ਉਸ ਦੇ ਲੜਕੇ ਰੁਸਤਮ ਖਾਨ ਨੂੰ ਅਨੰਦਪੁਰ ਸਾਹਿਬ ਤੇ ਭਾਰੀ ਹਮਲਾ ਕਰਨ ਹਿਤ ਭੇਜਿਆ। ਨਵੰਬਰ 1699 ਦੀ ਇਕ ਰਾਤ ਨੂੰ ਭਾਰੀ ਗਿਣਤੀ ਵਿਚ ਆਈ ਮੁਗਲ ਸੈਨਾ ਗੁਰੂ ਜੀ ਦੀ ਖਾਲਸਾ ਫੌਜ ਨਾਲ ਆ ਟਕਰਾਈ ਪਰ ਉਸ ਦਾ ਸਾਹਮਣਾ ਨਾ ਕਰ ਸਕੀ। ਇਸ ਤਰ੍ਹਾਂ ਅਨੰਦਪੁਰ ਦੀ ਪਹਿਲੀ ਲੜਾਈ ਵਿਚ ਖਾਲਸੇ ਦੀ ਜਿੱਤ ਹੋਈ। ਉਪਰੰਤ 1700-1704 ਈ. ਦੇ ਸਮੇਂ ਵਿਚ ਤਿੰਨ ਯੁੱਧ ਹੋਰ ਹੋਏ ਪਰ ਹਰ ਕੋਸ਼ਿਸ਼ ਦੇ ਬਾਵਜੂਦ ਮੁਗਲ ਅਨੰਦਗੜ੍ਹ ਦਾ ਕਿਲ੍ਹਾ ਸਰ ਨਾ ਕਰ ਸਕੇ। ਇਥੇ ਹੀ ਇਕ ਵਾਰ ਮੁਗਲ ਸੈਨਾ ਨੇ ਇਕ ਮਸਤ ਹਾਥੀ ਕਿਲ੍ਹੇ ਦਾ ਦਰ ਤੋੜਨ ਲਈ ਭੇਜਿਆ ਜਿਸ ਨੂੰ ਭਾਈ ਬਚਿੱਤਰ ਸਿੰਘ ਨੇ ਨਾਗਨੀ (ਇਕ ਖਾਸ ਸ਼ਸਤਰ) ਨਾਲ ਘਾਇਲ ਕਰ ਦਿੱਤਾ ਤੇ ਉਹ ਆਪਣੀ ਸੈਨਾ ਲਈ ਹੀ ਮੁਸੀਬਤ ਬਣ ਗਿਆ। ਸਭ ਤੋਂ ਭਿਆਨਕ ਯੁੱਧ 1704 ਵਿਚ ਹੋਇਆ ਜੋ 6 ਮਹੀਨੇ ਜਾਰੀ ਰਿਹਾ। ਜਦੋਂ ਮੁਗਲ ਸੈਨਾ ਦੀ ਪੇਸ਼ ਨਾ ਗਈ ਤਾਂ ਉਨ੍ਹਾਂ ਇਕ ਬ੍ਰਾਹਮਣ ਅਤੇ ਇਕ ਮੌਲਵੀ ਨੂੰ ਜ਼ਾਮਨ ਬਣਾ ਕੇ ਭੇਜਿਆ ਜਿਨ੍ਹਾਂ ਨੇ ਗੀਤਾ ਅਤੇ ਕੁਰਾਨ ਦੀ ਸਹੁੰ ਚੁਕ ਕੇ ਕਿਹਾ ਕਿ ਜੇ ਗੁਰੂ ਜੀ ਕਿਲ੍ਹਾ ਛੱਡ ਦੇਣ ਤਾਂ ਯੁੱਧ ਸਮਾਪਤ ਹੋ ਜਾਵੇਗਾ ਤੇ ਉਹ ਜਿਥੇ ਚਾਹੁਣ ਜਾ ਸਕਦੇ ਹਨ। ਗੁਰੂ ਜੀ ਉਨ੍ਹਾਂ ਦੇ ਦਿਲ ਦੀ ਜਾਣਦੇ ਸਨ ਪਰ ਉਨ੍ਹਾਂ ਨੇ ਬਚਨਾਂ ਨੂੰ ਪਰਖਣ ਲਈ ਕੁਝ ਗੱਡੇ ਕੂੜ-ਕਬਾੜ ਨਾਲ ਲਦਵਾ ਕੇ ਉਪਰ ਰੇਸ਼ਮੀ ਚਾਦਰਾਂ ਪੁਆ ਦਿੱਤੀਆਂ ਅਤੇ ਕਿਹਾ ਕਿ ਗੁਰੂ ਦਾ ਖਜ਼ਾਨਾ ਜਾ ਰਿਹਾ ਹੈ। ਨਾਸਮਝ ਲਾਲਚੀ ਮੁਗਲ ਆਪਣੇ ਵੱਲੋਂ ਖਜ਼ਾਨਾ ਲੁੱਟਣ ਲਈ ਟੁੱਟ ਕੇ ਪੈ ਗਏ ਅਤੇ ਉਨ੍ਹਾਂ ਨੂੰ ਅਤਿ ਸ਼ਰਮਿੰਦਗੀ ਸਹਾਰਨੀ ਪਈ।

ਕੁਝ ਦਿਨਾਂ ਪਿੱਛੋਂ ਉਨ੍ਹਾਂ ਨੇ ਔਰੰਗਜੇਬ ਵਲੋਂ ਦਸਤਖਤ-ਸ਼ੁਦਾ ਕੁਰਾਨ ਅਤੇ ਉਸ ਵਲੋਂ ਚਿੱਠੀ ਪੇਸ਼ ਕੀਤੀ, ਪਿਛਲੀ ਗਲਤੀ ਦੀ ਖਿਮਾ ਮੰਗੀ ਅਤੇ ਕਿਹਾ ਕਿ ਜੇ ਆਪ ਜੀ ਸਿੱਖ ਸਿਪਾਹੀਆਂ ਸਮੇਤ ਕਿਲ੍ਹਾ ਛੱਡ ਦਿਓ, ਇਸ ਤਰ੍ਹਾਂ ਲੜਾਈ ਮੁੱਕ ਜਾਏਗੀ। ਸਿੱਖਾਂ ਦੇ ਬਾਰ-ਬਾਰ ਕਹਿਣ 'ਤੇ 20 ਦਸੰਬਰ 1704 ਦੀ ਸਰਦੀਲੀ ਰਾਤ ਨੂੰ ਗੁਰੂ ਜੀ, ਮਾਤਾ ਗੂਜਰੀ ਜੀ, ਚਾਰ ਸਾਹਿਬਜ਼ਾਦੇ ਅਤੇ ਪੰਜ ਪਿਆਰੇ ਨਾਲ ਲੈ ਕੇ ਕਿਲ੍ਹੇ ਤੋਂ ਬਾਹਰ ਆ ਗਏ, ਬਾਕੀ ਸਿੱਖ ਜਥੇ ਵੀ ਮਗਰ-ਮਗਰ ਤੁਰ ਪਏ। ਅੰਮ੍ਰਿਤ ਵੇਲੇ ਆਪ ਜੀ ਸਰਸਾ ਦਰਿਆ ਦੇ ਕੰਢੇ ਪੁੱਜੇ। ਇਥੇ ਆਸਾ ਕੀ ਵਾਰ ਦਾ ਕੀਰਤਨ ਹੋਇਆ। ਸਮਾਪਤੀ ਉਪਰੰਤ ਦਰਿਆ ਪਾਰ ਕੀਤਾ ਗਿਆ। ਤਦ ਤਕ ਮੁਗਲ ਫੌਜ ਇਕਰਾਰ ਭੁੱਲ ਕੇ ਗੁਰੂ ਜੀ ਅਤੇ ਸਿੱਖ ਸੈਨਾ ਦੇ ਪਿੱਛੇ ਲੱਗ ਚੁੱਕੀ ਸੀ। ਐਸੇ ਸਮੇਂ ਹੀ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਪਰਵਾਰ ਨਾਲੋਂ ਵਿੱਛੜ ਗਏ। ਘਰੇਲੂ ਸੇਵਾਦਾਰ ਗੰਗੂ ਦੇ ਕਹਿਣ 'ਤੇ ਉਹ ਉਸ ਦੇ ਪਿੰਡ ਖੇੜੀ ਜਾ ਟਿਕੇ। ਅਜੇ ਸਿੱਖ ਸੈਨਾ ਸਰਸਾ ਕੰਢੇ ਹੀ ਸੀ ਕਿ ਮੁਗਲ ਫੌਜ ਨੇ



Sri Satguru Jagjit Singh Ji eLibrary NamdhariElibrary@gmail.com

ਆ ਚੜ੍ਹਾਈ ਕੀਤੀ। ਸਿੱਖ ਸੂਰਮਿਆਂ ਨੇ ਪੂਰੀ ਬਹਾਦਰੀ ਨਾਲ ਟਾਕਰਾ ਕੀਤਾ ਤੇ ਉਨ੍ਹਾਂ ਨੂੰ ਅੱਗੇ ਨਾ ਵਧਣ ਦਿੱਤਾ। ਭਾਈ ਉਦੈ ਸਿੰਘ ਅਤੇ ਭਾਈ ਜੀਵਨ ਸਿੰਘ, ਇਕੱਲੇ-ਇਕੱਲੇ ਨੇ ਕਈ-ਕਈ ਮੁਗਲ ਜਮਪੁਰੀ ਭੇਜੇ। ਅਖੀਰ ਬੇਅੰਤ ਨੁਕਸਾਨ ਕਰਵਾ ਕੇ ਥੱਕੀ-ਟੁੱਟੀ ਮੁਗਲ ਸੈਨਾ ਆਪਣੇ ਕੈਂਪ ਨੂੰ ਪਰਤ ਗਈ।

ਏਧਰ ਗੁਰੂ ਜੀ, ਦੋ ਵੱਡੇ ਸਾਹਿਬਜ਼ਾਦੇ ਅਤੇ 40 ਦੇ ਕਰੀਬ ਸਿੱਖ ਰੋਪੜ ਦੇ ਇਲਾਕੇ 'ਚ ਪੁੱਜੇ ਅਤੇ ਖੁੱਲ੍ਹੇ ਮੈਦਾਨ ਵਿਚ ਛਾਉਣੀ ਪਾਈ। ਇਥੇ ਹੀ ਕੋਟਲਾ ਨਿਹੰਗ ਸਿੰਘ ਦੇ ਉੱਚੇ-ਲੰਮੇ ਪਠਾਣ ਨੇ ਗੁਰੂ ਜੀ ਦੇ ਕੈਂਪ ਦੀ ਰੱਖਿਆ ਲਈ ਆਪਣੀ ਸੇਵਾ ਭੇਟ ਕੀਤੀ। ਦੂਜੇ ਦਿਨ ਚੌਧਰੀ ਬੁੱਧੂ ਚੰਦ ਦੀ ਬੇਨਤੀ ਪ੍ਰਵਾਨ ਕਰਦਿਆਂ ਆਪ ਜੀ ਨੇ ਸੈਨਿਕ ਕੈਂਪ ਉਸ ਦੀ ਹਵੇਲੀ, ਚਮਕੌਰ ਦੀ ਗੜ੍ਹੀ ਵਿਚ ਲੈ ਆਂਦਾ। ਸਮੇਂ ਨੂੰ ਭਾਂਪਦਿਆਂ ਆਪ ਜੀ ਨੇ ਇਸ ਛੋਟੀ ਗੜ੍ਹੀ ਵਿਚ ਲੜਾਈ ਪੱਖੋਂ ਪੂਰੀ ਮੋਰਚੇਬੰਦੀ ਕਰ ਲਈ। ਜਦੋਂ ਸਰਹੰਦ ਦੇ ਸੂਬੇ ਵਜ਼ੀਰ ਖਾਨ ਨੂੰ ਪਤਾ ਲੱਗਿਆ ਤਾਂ ਉਸ ਨੇ ਵੱਡੀ ਗਿਣਤੀ ਦੀ ਫੌਜ ਸਮੇਤ ਚਮਕੌਰ ਦੀ ਗੜ੍ਹੀ ਨੂੰ ਜਾ ਘੇਰਿਆ। ਉਸ ਨੇ ਨਗਾਰੇ ਦੀ ਆਵਾਜ਼ ਨਾਲ ਕਿਹਾ ਕਿ ਜੇ ਗੁਰੂ ਜੀ ਅਤੇ ਸਿੱਖ ਉਸ ਦੀ ਸ਼ਰਨ ਵਿਚ ਆ ਜਾਣ, ਤਾਂ ਉਨ੍ਹਾਂ ਨੂੰ ਕੁਝ ਨਹੀਂ ਕਿਹਾ ਜਾਵੇਗਾ। ਇਸ ਦਾ ਉੱਤਰ ਗੁਰੂ ਜੀ ਨੇ ਤੀਰਾਂ ਨਾਲ ਦਿੱਤਾ। ਇਕ ਪਾਸੇ ਮੁੱਲ ਖਰੀਦੀ ਬੇਸ਼ੁਮਾਰ ਮੁਗਲ ਸੈਨਾ, ਦੂਜੇ ਪਾਸੇ ਗੁਰੂ-ਪਿਆਰ ਵਿਚ ਕੁਰਬਾਨ ਹੋਣ ਵਾਲੇ ਮੁੱਠੀ ਭਰ ਮਰਜੀਵੜੇ ਸਿੱਖ। ਸੰਸਾਰ ਦੇ ਯੁੱਧ-ਇਤਿਹਾਸ ਵਿਚ ਕਿਤੇ ਵੀ ਐਸੀ ਉਦਾਹਰਣ ਨਹੀਂ ਮਿਲਦੀ ਜਿਥੇ ਕੇਵਲ 40 ਕੁ ਸੂਰਮਿਆਂ ਨੇ ਅਣਗਿਣਤ ਸ਼ਾਹੀ ਸੈਨਾ ਨਾਲ ਲੋਹਾ ਲਿਆ ਹੋਵੇ। 'ਸਵਾ ਲਾਖ ਸੇ ਏਕ ਲੜਾਊਂ" ਦਾ ਵਰ ਚਮਕੌਰ ਦੀ ਗੜ੍ਹੀ ਦੇ ਯੁੱਧ ਵਿਚ ਪ੍ਰਤੱਖ ਹੋਇਆ। ਜਰਨੈਲ ਨਾਹਰ ਖਾਨ ਪੌੜੀ ਰਾਹੀਂ ਗੜ੍ਹੀ 'ਤੇ ਚੜ੍ਹਨ ਲੱਗਾ, ਗੁਰੂ ਜੀ ਦੇ ਤੀਰ ਨਾਲ ਵਿੰਨ੍ਹਿਆ ਗਿਆ; ਜਰਨੈਲ ਗਨੀ ਖਾਨ ਨੂੰ ਗੁਰਜ ਮਾਰ ਕੇ ਚਿਤ ਕਰ ਦਿੱਤਾ। ਸਿੱਖ ਸਿਪਾਹੀ ਸਣੇ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਪ੍ਰਾਪਤ ਹਥਿਆਰਾਂ ਤੀਰਾਂ, ਤਲਵਾਰਾਂ, ਬਰਛਿਆਂ ਨਾਲ ਲੈਸ ਸਨ।

22 ਦਸੰਬਰ 1704 ਨੂੰ ਘਮਸਾਨ ਦਾ ਯੁੱਧ ਹੋਇਆ। ਸਿੱਖ ਸੈਨਾ ਭਾਵੇਂ ਗਿਣਤੀ ਵਿਚ ਬਹੁਤ ਥੋੜ੍ਹੀ ਸੀ, ਪਰ ਗੁਰੂ ਜੀ ਦੀ ਹਜ਼ੂਰੀ, ਪਿਆਰ ਸਿਦਕ ਅਤੇ ਦ੍ਰਿੜ੍ਹਤਾ ਕਾਰਨ ਚੜ੍ਹਦੀ ਕਲਾ ਵਿਚ ਅਤੇ ਪੂਰੇ ਜਲਾਲ ਵਿਚ ਸੀ। ਗੁਰੂ ਜੀ ਰਣਨੀਤੀ ਨਿਰਧਾਰਤ ਕਰਦਿਆਂ, ਪੰਜ-ਪੰਜ ਸਿੰਘਾਂ ਦੀ ਟੋਲੀ ਵੈਰੀਆਂ ਨਾਲ ਜੂਝਣ ਲਈ ਮੈਦਾਨੇ-ਜੰਗ ਵਿਚ ਭੇਜਦੇ, ਜੋ ਜੈਕਾਰਿਆਂ ਦੀ ਗੂੰਜ ਨਾਲ ਵੈਰੀਆਂ 'ਤੇ ਟੁੱਟ ਪੈਂਦੇ। ਸੈਂਕੜੇ ਵੈਰੀਆਂ ਨੂੰ ਮੌਤ ਦੇ ਘਾਟ ਉਤਾਰਦਿਆਂ ਆਪ ਸ਼ਹੀਦ ਹੋ ਜਾਂਦੇ। ਗੁਰੂ ਜੀ ਆਪ ਗੜ੍ਹੀ ਦੀ ਛੱਤ ਤੋਂ ਤੀਰਾਂ ਦਾ ਮੀਂਹ ਵਰ੍ਹਾਂਦੇ, ਮੁਗਲਾਂ ਵਿਚ ਭੜਥੂ ਪਾਈ ਰਖਦੇ। ਜਦੋਂ ਗੜ੍ਹੀ ਚਾਰੋਂ ਪਾਸਿਆਂ ਤੋਂ ਘਿਰ ਗਈ ਅਤੇ ਸਿੰਘ ਵੀ ਕਾਫੀ ਸ਼ਹੀਦ ਹੋ ਗਏ ਤਾਂ ਬਾਕੀ ਬਚੇ ਸਿੰਘਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਰਾਤ ਸਮੇਂ ਪੁੱਤਰਾਂ ਸਣੇ ਗੜ੍ਹੀ ਵਿਚੋਂ ਨਿਕਲ ਜਾਣ। "ਕਿਹੜੇ ਪੁੱਤਰ?" ਗੁਰੂ ਜੀ ਨੇ ਉੱਤਰ ਦਿੱਤਾ "ਤੁਸੀਂ ਸਭ ਹੀ ਤਾਂ ਮੇਰੇ ਪੁੱਤਰ ਹੋ!' ਸਭ ਦੀਆਂ ਅੱਖਾਂ ਸੇਜਲ ਹੋ ਗਈਆਂ। ਸਾਹਿਬਜ਼ਾਦਾ ਅਜੀਤ ਸਿੰਘ ਨੇ ਜੰਗ ਵਿਚ ਜਾਣ ਦੀ ਆਗਿਆ ਮੰਗੀ। ਪੰਜ ਸੂਰਬੀਰਾਂ ਦੀ ਕਮਾਨ ਦੇ ਕੇ ਗੁਰੂ ਜੀ ਦੀਆਂ ਅਸੀਸਾਂ ਲੈ, ਸਾਹਿਬਜ਼ਾਦਾ ਅਜੀਤ ਸਿੰਘ ਦਾ ਜੱਥਾ ਵੈਰੀਆਂ 'ਤੇ ਟੁੱਟ ਪਿਆ। ਜੈਕਾਰਿਆਂ ਦੀ ਗੂੰਜ ਵਿਚ ਲਲਕਾਰਦੇ ਸਿੱਖ ਸੂਰਬੀਰਾਂ ਨੇ ਅਣਗਿਣਤ ਵੈਰੀਆਂ ਨੂੰ ਮੌਤ ਦੇ ਘਾਟ ਉਤਾਰਿਆ। ਤੀਰ ਮੁੱਕ ਗਏ ਤਾਂ ਸਿੰਘਾਂ ਨੇ ਤਲਵਾਰਾਂ ਧੂਹ ਲਈਆਂ। ਅਖੀਰ ਦਮ ਤਕ ਜੂਝਦੇ ਹੋਇਆਂ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਬਾਕੀ ਦੇ ਸਿੰਘਾਂ ਨੇ ਸ਼ਹੀਦੀ ਪ੍ਰਾਪਤ ਕੀਤੀ। ਵੱਡੇ ਭਰਾ ਦੀ ਬਹਾਦਰੀ ਤੋਂ ਉਤਸ਼ਾਹਤ ਹੁੰਦਿਆਂ 15 ਸਾਲਾਂ ਦੇ ਛੋਟੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੇ ਵੀ ਮੈਦਾਨੇ-ਜੰਗ ਵਿਚ ਜਾਣ ਦੀ ਆਗਿਆ ਮੰਗੀ। ਗੁਰੂ ਜੀ ਨੇ ਪੰਜ ਸਿੰਘਾਂ ਨੂੰ ਨਾਲ ਤੋਰਦਿਆਂ ਅਸੀਸਾਂ ਬਖਸ਼ੀਆਂ। ਛੋਟੇ ਸਾਹਿਬਜ਼ਾਦਿਆਂ ਨੇ ਅਤੇ ਉਨ੍ਹਾਂ ਦੇ ਸਾਥੀਆਂ ਨੇ ਵੀ ਬਹਾਦਰੀ ਨਾਲ ਲੜਦਿਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ। ਗੁਰੂ ਜੀ ਨੇ ਪਰਮਾਤਮਾ ਦਾ ਧੰਨਵਾਦ ਕੀਤਾ ਕਿ ਤੇਰੀ ਅਮਾਨਤ ਤੈਨੂੰ ਸਮਰਪਿਤ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਗੜ੍ਹੀ ਵਿਚ ਰਹਿੰਦੇ ਸਿੱਖਾਂ ਨੂੰ ਸੰਬੋਧਨ ਕਰਦਿਆਂ ਕਿਹਾ, "ਦੁਸ਼ਮਣ ਨਾਲ ਬਹਾਦਰੀ ਨਾਲ ਲੜਨਾ ਹੀ ਸਾਡਾ ਧਰਮ ਅਤੇ ਕਰਤੱਵ ਹੈ। ਸਾਡੇ ਲਹੂ ਦਾ ਇਕ-ਇਕ ਕਤਰਾ ਸਾਡੇ ਧਰਮ ਦੀਆਂ ਨੀਂਹਾਂ ਪੱਕੀਆਂ ਕਰੇਗਾ।" ਕੇਵਲ 11 ਸਿੰਘ ਗੜ੍ਹੀ ਵਿਚ ਬਚੇ ਸਨ। ਉਨ੍ਹਾਂ ਨੇ ਗੁਰਮਤਾ ਕਰਕੇ ਗੁਰੂ ਜੀ ਨੂੰ ਗੜ੍ਹੀ ਛੱਡ ਜਾਣ ਲਈ ਬੇਨਤੀ ਕੀਤੀ।

ਗੁਰਸਿੱਖਾਂ ਦੀ ਬੇਨਤੀ ਪ੍ਰਵਾਨ ਕਰਦਿਆਂ ਆਪ ਜੀ ਰਾਤ ਦੇ ਹਨ੍ਹੇਰੇ ਵਿਚ ਗੜ੍ਹੀ ਤੋਂ ਬਾਹਰ ਆਏ ਅਤੇ ਸਵੇਰ ਤਕ ਗੁਰੂ ਜੀ ਮਾਛੀਵਾੜੇ ਪੁੱਜ ਚੁਕੇ ਸਨ। ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਵੀ ਗੁਰੂ ਜੀ ਨੂੰ ਮਾਛੀਵਾੜੇ ਆ ਮਿਲੇ। ਨਬੀ ਖਾਨ ਅਤੇ ਗਨੀ ਖਾਨ ਜੋ ਗੁਰੂ ਜੀ ਪ੍ਰਤੀ ਬਹੁਤ ਸ਼ਰਧਾ ਰੱਖਦੇ ਸਨ, ਇਥੇ ਗੁਰੂ ਜੀ ਨੂੰ ਆ ਮਿਲੇ। ਰਾਏਕੋਟ ਦੇ ਮੁਕਾਮ 'ਤੇ ਗੁਰੂ ਜੀ ਨੂੰ ਖਬਰ ਮਿਲੀ ਕਿ ਸਰਹੰਦ ਦੇ ਨਵਾਬ ਦੇ ਹੁਕਮ ਅਨੁਸਾਰ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ ਹੈ। ਉਹ ਆਖਰੀ ਸੁਆਸ ਤਕ ਆਪਣੇ ਧਰਮ ਅਤੇ ਅਕੀਦੇ ਵਿਚ ਦ੍ਰਿੜ੍ਹ ਰਹੇ। ਮਾਤਾ ਗੁਜਰੀ ਜੀ ਬੱਚਿਆਂ ਨੂੰ ਰੋਜ਼ ਤਿਆਰ ਕਰਕੇ ਕਚਹਿਰੀ ਭੇਜਦੇ ਰਹੇ ਜਿਥੇ ਉਨ੍ਹਾਂ ਨੇ ਸੱਚ ਦੀ ਸਾਖ ਭਰਦਿਆਂ ਕਾਜ਼ੀ ਦੇ ਸਵਾਲਾਂ ਦੇ



Sri Satguru Jagjit Singh Ji eLibrary NamdhariElibrary@gmail.com

ਉਤਰ ਬੜੀ ਦਲੇਰੀ ਅਤੇ ਦ੍ਰਿੜਤਾ ਨਾਲ ਦਿੱਤੇ। ਨਵਾਬ ਅਤੇ ਕਾਜ਼ੀ ਦੋਵੇਂ ਇਨ੍ਹਾਂ ਬੱਚਿਆਂ ਦੀ ਦਲੇਰੀ ਅਤੇ ਧਰਮ ਦੀ ਦ੍ਰਿੜ੍ਹਤਾ ਦੇ ਅੰਦਰੋਂ ਕਾਇਲ ਸਨ ਪਰ ਬੱਚਿਆਂ ਨੂੰ ਇਸਲਾਮ ਵਿਚ ਸ਼ਾਮਲ ਕਰਨ ਲਈ ਬਹੁਤ ਉਤਸੁਕ ਵੀ ਸਨ। ਦੀਵਾਨ ਸੁੱਚਾ ਨੰਦ ਵੀ ਅਦਾਲਤ ਵਿਚ ਹਾਜ਼ਰ ਸਭ ਕੁਝ ਵੇਖ-ਸੁਣ ਰਿਹਾ ਸੀ। ਉਸ ਨੇ ਸੋਚੀ-ਸਮਝੀ ਵਿਉਂਤ ਅਨੁਸਾਰ ਬੱਚਿਆਂ ਨੂੰ ਪੁਛਿਆ ਕਿ ਜੇ ਤੁਹਾਨੂੰ ਛੱਡ ਦਿੱਤਾ ਜਾਵੇ ਤਾਂ ਤੁਸੀਂ ਕੀ ਕਰੋਗੇ? ਸਾਹਿਬਜ਼ਾਦਿਆਂ ਦਾ ਦਲੇਰਾਨਾ ਉੱਤਰ ਸੀ ਕਿ ਅਸੀਂ ਸਿੱਖ ਸੈਨਿਕ ਇਕੱਠੇ ਕਰਕੇ ਧਰਮ ਲਈ ਯੁੱਧ ਕਰਾਂਗੇ ਅਤੇ ਜ਼ਾਲਮ ਰਾਜ ਨੂੰ ਉਖੇੜਨ ਦਾ ਹਰ ਜਤਨ ਕਰਾਂਗੇ। ਇਸ ਉੱਤਰ ਨਾਲ ਸੁੱਚਾ ਨੰਦ ਨੂੰ ਨਵਾਬ ਅਤੇ ਕਾਜ਼ੀ ਨੂੰ ਉਕਸਾਉਣ ਦਾ ਬਹਾਨਾ ਮਿਲ ਗਿਆ। ਉਸ ਨੇ ਦੋਹਾਂ ਨੂੰ ਕਿਹਾ ਕਿ ਸੱਪ ਦੇ ਬੱਚੇ ਵੱਡੇ ਹੋ ਕੇ ਬੜੇ ਖਤਰਨਾਕ ਸਿੱਧ ਹੋ ਸਕਦੇ ਹਨ। ਇਸ ਤਰ੍ਹਾਂ ਬੱਚਿਆਂ ਨੂੰ ਨੀਹਾਂ ਵਿਚ ਚਿਣਨ ਦਾ ਆਦੇਸ਼ ਦਿੱਤਾ ਗਿਆ। ਕਾਜ਼ੀ ਨੇ ਸਲਾਹ ਦਿੱਤੀ ਕਿ ਇਹ ਕਾਰਜ ਨਵਾਬ ਮਲੇਰਕੋਟਲਾ, ਸ਼ੇਰ ਮੁਹੰਮਦ ਖਾਨ ਰਾਹੀਂ ਕੀਤਾ ਜਾਵੇ ਕਿਉਂਕਿ ਉਸ ਦਾ ਭਰਾ ਗੁਰੂ ਗੋਬਿੰਦ ਸਿੰਘ ਦੇ ਹੱਥੋਂ ਜੰਗ ਵਿਚ ਮਾਰਿਆ ਗਿਆ ਸੀ। ਪਰ ਨਵਾਬ ਰੱਬ ਤੋਂ ਡਰਨ ਵਾਲਾ ਇਨਸਾਨ ਸੀ। ਉਸ ਨੇ ਸਪਸ਼ਟ ਸ਼ਬਦਾਂ ਵਿਚ ਕਿਹਾ ਕਿ 'ਇਹ ਸਰਾਸਰ ਜ਼ੁਲਮ ਹੈ। ਮੇਰਾ ਭਰਾ ਜੰਗ ਵਿਚ ਸ਼ਹੀਦ ਹੋਇਆ ਹੈ। ਇਹ ਬੱਚੇ ਉਸ ਦੀ ਮੌਤ ਦੇ ਜ਼ਿੰਮੇਵਾਰ ਨਹੀਂ ਹਨ। ਜੇ ਅਸੀਂ ਕੋਈ ਬਦਲਾ ਲੈਣਾ ਵੀ ਹੈ, ਤਾਂ ਇਨ੍ਹਾਂ ਦੇ ਪਿਤਾ (ਗੁਰੂ ਜੀ) ਤੋਂ ਲਈਏ! ਇਹ ਤਾਂ ਬਹੁਤ ਵੱਡਾ ਪਾਪ ਹੋਵੇਗਾ! ਹੇ ਖੁਦਾ! ਇਹ ਕਿੱਡਾ ਵੱਡਾ ਜ਼ੁਲਮ ਹੈ!' ਨਵਾਬ ਮਲੇਰਕੋਟਲਾ ਨੇ ਹਾਅ ਦਾ ਨਾਹਰਾ ਮਾਰਿਆ। ਸਿੱਖ ਸੰਗਤ ਵੀ ਤਾਹੀਓਂ ਸਦਾ ਮਲੇਰਕੋਟਲਾ ਦੇ ਨਵਾਬਾਂ ਦਾ ਸਤਕਾਰ ਕਰਦੀ ਆਈ ਹੈ। ਬੱਚਿਆਂ ਨੂੰ ਨੀਹਾਂ ਵਿਚ ਚਿਣ ਦਿੱਤਾ ਗਿਆ। ਨਿੱਕੀਆਂ ਜਿੰਦਾਂ ਜਪੁਜੀ ਦੇ ਪਾਠ ਉਚਾਰਦੀਆਂ ਚੜ੍ਹਦੀ ਕਲਾ ਦਾ ਦ੍ਰਿਸ਼ ਪੇਸ਼ ਕਰਦੀਆਂ ਰਹੀਆਂ। ਅੰਤ ਬੱਚਿਆਂ ਨੂੰ ਸ਼ਹੀਦ ਕਰ ਦਿੱਤਾ ਗਿਆ। ਬੱਚੇ ਪ੍ਰੀਖਿਆ ਵਿਚ ਪਾਸ ਹੋਏ। ਮਾਤਾ ਗੁਜਰੀ ਜੀ ਵੀ ਬੱਚਿਆਂ ਤੋਂ ਸੁਰਖਰੂ ਹੋ ਕੇ ਬ੍ਰਹਮਲੀਨ ਹੋ ਗਏ।

ਗੁਰੂ ਜੀ ਨੇ ਸਾਰੀ ਵਾਰਤਾ ਸੁਣ ਕੇ ਇਕ ਬੂਟਾ ਪੁੱਟਿਆ ਤੇ ਫੁਰਮਾਨ ਕੀਤਾ, "ਹੁਣ ਮੁਗਲ ਰਾਜ ਦੀ ਜੜ੍ਹ ਪੁੱਟੀ ਗਈ ਹੈ।' ਇਹ ਵਾਕ ਸੱਚੇ ਸਿੱਧ ਹੋਏ। ਗੁਰੂ ਪਾਤਸ਼ਾਹ ਦੇ ਸਿਰਜੇ ਖਾਲਸੇ ਨੇ ਸਦੀਆਂ ਤੋਂ ਲਿਤਾੜੇ, ਲੁੱਟੇ ਤੇ ਮਾਰੇ ਜਾ ਰਹੇ ਹਿੰਦੁਸਤਾਨ ਦੇ ਵਾਸੀਆਂ ਨੂੰ ਮੁਗਲ ਹਕੂਮਤ ਤੋਂ ਨਿਜਾਤ ਦਿਵਾਈ। ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਨਾਲ ਪੰਜਾਬ ਵਿਚ ਐਸੀ ਜਾਗਰਤੀ ਆਈ ਕਿ ਨਿਮਾਣੀ-ਨਿਤਾਣੀ ਜਨਤਾ ਗੁਰੂ ਕੇ ਅੰਮ੍ਰਿਤ ਦੀ ਦਾਤ ਲੈ ਕੇ ਮੁਗਲਾਂ ਨਾਲ ਜੂਝਣ ਵਾਲੇ ਜਥਿਆਂ ਵਿਚ ਸ਼ਾਮਲ ਹੋਣ ਲੱਗ ਗਈ ਅਤੇ ਕੁਝ ਸਾਲਾਂ ਵਿਚ ਹੀ ਮੁਗਲ ਹਕੂਮਤ ਦੇ ਪੈਰ ਉਖੜ ਗਏ ਤੇ ਪੰਜਾਬ ਵਿਚ ਪੰਜਾਬੀਆਂ ਦਾ ਆਪਣਾ ਰਾਜ ਸਥਾਪਤ ਹੋ ਗਿਆ। ਅਸੀਂ ਬਾਰ-ਬਾਰ ਨਮਸਕਾਰ ਕਰਦੇ ਹਾਂ, ਸਾਹਿਬਜ਼ਾਦਿਆਂ ਦੀ ਮਹਾਨ ਕਰਣੀ ਨੂੰ ਅਤੇ ਉਨ੍ਹਾਂ ਸੰਗ ਸ਼ਹੀਦ ਹੋਏ ਗੁਰੂ ਜੀ ਦੇ ਸਭ ਸੰਗੀਆਂ-ਸਾਥੀਆਂ ਨੂੰ ਜਿਨ੍ਹਾਂ ਨੇ ਸੱਚ ਦੀ, ਅਮਨ ਦੀ, ਆਜ਼ਾਦੀ ਦੀ ਲੜਾਈ ਲਈ ਸ਼ਹੀਦੀਆਂ ਪ੍ਰਾਪਤ ਕੀਤੀਆਂ। ਮਨੁੱਖਤਾ ਦੇ ਇਤਿਹਾਸ ਵਿਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਬੇਮਿਸਾਲ ਹੈ।



Sri Satguru Jagjit Singh Ji eLibrary NamdhariElibrary@gmail.com

# ਸੰਪਾਦਕੀ

***ਡਾ. ਜਗਜੀਤ ਸਿੰਘ***

ਦਸੰਬਰ ਦਾ ਮਹੀਨਾ ਮਹਾਨ ਸ਼ਹੀਦੀਆਂ ਨਾਲ ਭਰਪੂਰ ਮਹੀਨਾ ਹੈ। ਭਾਵੇਂ ਗੁਰੂ ਤੇਗ ਬਹਾਦਰ ਜੀ ਦੀ ਅਦੁੱਤੀ ਸ਼ਹਾਦਤ ਦੀ ਅਸਲ ਤਾਰੀਖ 11 ਨਵੰਬਰ 1675 ਹੈ ਪਰ ਦੇਸੀ ਮਹੀਨਿਆਂ ਅਨੁਸਾਰ ਇਸ ਸਾਲ ਇਸ ਸ਼ਹਾਦਤ ਦਾ ਦਿਵਸ 8 ਦਸੰਬਰ 2002 ਨੂੰ ਹੈ। ਧਾਰਮਿਕ ਖਿਆਲਾਂ ਦੀ ਆਜ਼ਾਦੀ ਦੀ ਜੱਦੋ-ਜਹਿਦ ਗੁਰੂ ਨਾਨਕ ਦੇਵ ਜੀ ਤੋਂ ਹੀ ਪ੍ਰਾਰੰਭ ਹੋ ਗਈ ਸੀ, ਉਨ੍ਹਾਂ ਨੇ ਸਾਰੇ ਮਨੁੱਖਾਂ ਵਿਚ ਪ੍ਰਸਪਰ ਏਕਤਾ ਅਤੇ ਪਿਆਰ ਦੀ ਭਾਵਨਾ ਪੈਦਾ ਕੀਤੀ। ਦੇਸ ਪ੍ਰਦੇਸ ਵਿਚ ਵਿਚਰ ਕੇ, ਥਾਂ ਪਰ ਥਾਂ ਜਾ ਕੇ ਸਮੁੱਚੀ ਮਨੁੱਖਤਾ ਨੂੰ ਰੱਬੀ ਪਿਆਰ ਦਾ, 'ਸਭਨਾ ਜੀਆ ਕਾ ਇਕ ਦਾਤਾ' ਦਾ ਸੰਦੇਸ਼ ਦਿਤਾ। ਪੰਜਵੀਂ ਪਾਤਸ਼ਾਹੀ ਨੇ ਇਸ ਵਿਚਾਰ ਦੀ ਦ੍ਰਿੜ੍ਹਤਾ ਲਈ ਖੁਸ਼ੀ ਖੁਸ਼ੀ ਤਸੀਹੇ ਝੱਲੇ ਅਤੇ ਆਪਣੀ ਸ਼ਹਾਦਤ ਦਿਤੀ। ਗੁਰੂ ਤੇਗ ਬਹਾਦਰ ਜੀ ਦੇ ਸਮੇਂ ਜਬਰੀ ਮੁਸਲਮਾਨ ਬਣਾਉਣ ਦਾ ਜਾਨੂੰਨ ਸਿੱਖਰਾਂ ਤੇ ਸੀ। ਇਸ ਨੂੰ ਠਲ੍ਹ ਪਾਉਣ ਲਈ ਆਪ ਜੀ ਨੇ ਮਜ਼ਲੂਮ ਲੋਕਾਂ ਦੀ ਰਹਿਨੁਮਾਈ ਕੀਤੀ ਤੇ ਚਾਂਦਨੀ ਚੌਂਕ ਦਿੱਲੀ ਵਿਚ ਸ਼ਹੀਦ ਕਰ ਦਿਤੇ ਗਏ। ਆਪ ਜੀ ਦੀ ਮਹਾਨ ਸ਼ਹਾਦਤ ਦਾ ਵਰਣਨ ਗੁਰੂ ਗੋਬਿੰਦ ਸਿੰਘ ਜੀ ਨੇ 'ਬਚਿੱਤ੍ਰ ਨਾਟਕ' ਵਿਚ ਇਨ੍ਹਾਂ ਸ਼ਬਦਾਂ ਵਿਚ ਕੀਤਾ ਹੈ -

***ਤਿਲਕ ਜੰਞੂ ਰਾਖਾ ਪ੍ਰਭ ਤਾਕਾ।***
***ਕੀਨੋ ਬਡੋ ਕਲੂ ਮਹਿ ਸਾਕਾ।***
***ਸਾਧਨਿ ਹੇਤਿ ਇਤੀ ਜਿਨਿ ਕਰੀ।***
***ਸੀਸੁ ਦੀਆ ਪਰੁ ਸੀ ਨ ਉਚਰੀ।***
***ਧਰਮ ਹੇਤ ਸਾਕਾ ਜਿਨਿ ਕੀਆ।***
***ਸੀਸੁ ਦੀਆ ਪਰੁ ਸਿਰੁ ਨ ਦੀਆ।***
***ਨਾਟਕ ਚੇਟਕ ਕੀਏ ਕੁਕਾਜਾ।***
***ਪ੍ਰਭ ਲੋਗਨ ਕਹ ਆਵਤ ਲਾਜਾ।***
***ਠੀਕਰਿ ਫੋਰਿ ਦਿਲੀਸਿ ਸਿਰਿ, ਪ੍ਰਭ ਪੁਰ ਕੀਆ ਪਯਾਨ।***
***ਤੇਗ ਬਹਾਦਰ ਸੀ ਕ੍ਰਿਆ, ਕਰੀ ਨ ਕਿਨਹੂੰ ਆਨ।***
***ਤੇਗ ਬਹਾਦਰ ਕੇ ਚਲਤ, ਭਯੋ ਜਗਤ ਕੋ ਸੋਕ।***
***ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕ।***

***ਬਚਿੱਤ੍ਰ ਨਾਟਕ***

ਇਸ ਮਹੀਨੇ ਵਿਚ ਦੂਜੀ ਮਹਾਨ ਸ਼ਹਾਦਤ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੀ ਹੈ। ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਚਮਕੌਰ ਦੀ ਗੜ੍ਹੀ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਇਕੱਠੀ ਹੋਈ ਜਰਵਾਣਿਆਂ ਦੀ ਫੌਜ ਨਾਲ ਬੜੀ ਬਹਾਦਰੀ ਨਾਲ ਜੂਝਦੇ ਸ਼ਹੀਦ ਹੋਏ। ਇਨ੍ਹਾਂ ਨੌਜਵਾਨ ਪੁੱਤਰਾਂ ਨੂੰ ਸ਼ਸਤਰਾਂ ਨਾਲ ਲੈਸ ਕਰਕੇ ਗੁਰੂ ਪਿਤਾ ਨੇ ਆਪਣੀ ਹੱਥੀਂ ਮੈਦਾਨ-ਏ-ਜੰਗ ਵਿਚ ਤੋਰਿਆ। ਜੇ ਗੁਰੂ ਮਹਾਰਾਜ ਚਾਹੁੰਦੇ ਤਾਂ ਉਹ ਸੁਰੱਖਿਅਤ ਗੜ੍ਹੀ ਛੱਡ ਕੇ ਜਾ ਸਕਦੇ ਸੀ ਪਰ ਗੁਰੂ ਜੀ ਨੇ ਸੰਸਾਰ ਮੂਹਰੇ ਅਤੇ ਸਿੱਖ ਪੰਥ ਅੱਗੇ ਇਕ ਅਦੁੱਤੀ ਮਿਸਾਲ ਪੇਸ਼ ਕੀਤੀ ਅਤੇ ਨਵਾਂ ਇਤਿਹਾਸ ਪੈਦਾ ਕੀਤਾ। ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਸਰਹੰਦ ਦੇ ਸੂਬੇ ਦੀ ਕਚਹਿਰੀ ਵਿਚ ਧਰਮ ਪ੍ਰਤੀ ਆਪਣੀ ਦ੍ਰਿੜ੍ਹਤਾ ਅਤੇ ਪ੍ਰਤੀਬੱਧਤਾ ਸਦਕਾ ਸਭਨਾਂ ਅਹਿਲਕਾਰਾਂ ਨੂੰ ਨਿਰੁੱਤਰ ਕਰਦੇ ਰਹੇ। ਅੰਦਰਲੇ ਪਾਪ, ਡਰ ਅਤੇ ਕਾਇਰਤਾ ਵੱਸ ਸੂਬਾ ਸਰਹੰਦ ਨੇ ਇਨ੍ਹਾਂ ਸ਼ੀਰਖੋਰ ਮਾਸੂਮ ਜਿੰਦਾਂ ਨੂੰ ਸ਼ਹੀਦ ਕਰ ਦਿਤਾ। ਉਸ ਦਿਨ ਤੋਂ ਹੀ ਮਾਨੋ ਹਿੰਦੁਸਤਾਨ ਦੀ ਧਰਤੀ ਤੋਂ ਮੁਗਲ ਸਲਤਨਤ ਦੀ ਜੜ੍ਹ ਪੁੱਟੀ ਗਈ। ਇਨ੍ਹਾਂ ਸ਼ਹੀਦੀਆਂ ਦੇ ਪ੍ਰਸੰਗ ਵਿਚ ਦੋ ਲੇਖ ਆਪ ਜੀ ਦੀ ਸੇਵਾ ਵਿਚ ਹਾਜ਼ਰ ਹਨ।

ਪਰਮ ਸਤਿਕਾਰਯੋਗ ਰਤਵਾੜਾ ਸਾਹਿਬ ਦੇ ਮਹਾਂਪੁਰਸ਼ਾਂ ਦੀ ਨਿੱਘੀ ਯਾਦ ਨੂੰ ਸਮਰਪਿਤ ਚਾਰ ਦਿਨ ਦੇ ਮਹਾਨ ਗੁਰਮਤਿ ਸਮਾਗਮ 2 ਨਵੰਬਰ ਨੂੰ ਸੰਪੰਨ ਹੋਏ ਹਨ। ਇਨ੍ਹਾਂ ਸਮਾਗਮਾਂ ਵਿਚ ਦੇਸ ਪ੍ਰਦੇਸ ਤੋਂ ਲੱਖਾਂ ਪ੍ਰੇਮੀ ਵਹੀਰਾਂ ਘੱਤ ਕੇ, ਬਿਖੜੇ ਪੈਂਡੇ ਝਾਗ ਕੇ, ਗੁਰੂ ਪਿਆਰ ਵਿਚ ਜੁੜੇ ਅਤੇ ਪਿਆਰ ਦੇ ਸਾਗਰ ਮਹਾਂਪੁਰਸ਼ਾਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ। ਮਹਾਨ ਵਿਦਵਾਨਾਂ, ਸੰਤਾਂ ਮਹਾਂਪੁਰਸ਼ਾਂ ਨੇ ਸ਼ਰਧਾਂਜਲੀਆਂ ਭੇਂਟ ਕੀਤੀਆਂ ਅਤੇ ਗੁਰੂ ਜਸ ਗਾਇਨ ਕੀਤਾ। ਸਮੂੰਹ ਪ੍ਰੇਮੀਆਂ ਨੇ, ਮਿਸ਼ਨ ਦੇ ਸੇਵਕਾਂ, ਸਿੰਘਾਂ ਨੇ, ਮਹਾਂਪੁਰਸ਼ਾਂ ਦੇ ਪਰਿਵਾਰ ਨੇ, ਇਸ ਵਿਚ ਵੱਧ ਚੜ੍ਹ ਕੇ ਹਿੱਸਾ ਪਾਇਆ ਤੇ ਨਿਰਮਾਣ ਹੋ ਕੇ ਸੇਵਾ ਕੀਤੀ। ਇਸ ਦਾ ਕੁਝ ਵੇਰਵਾ ਲੇਖ "ਸੰਤ ਬਾਬਾ ਵਰਿਆਮ ਸਿੰਘ ਜੀ ਦੀ ਮਿੱਠੀ ਯਾਦ ਨੂੰ ਸਮਰਪਿਤ ਚਾਰ ਦਿਨ ਦੇ ਮਹਾਨ ਗੁਰਮਤਿ ਸਮਾਗਮ ਗੁਰੂ ਮਹਾਰਾਜ ਜੀ ਦੀ ਕ੍ਰਿਪਾ ਸਦਕਾ ਬੜੇ ਪਿਆਰ, ਸਤਿਕਾਰ ਤੇ ਸਫਲਤਾ ਨਾਲ ਸੰਪੰਨ ਹੋਏ" ਰਾਹੀਂ ਆਪ ਜੀ ਦੀ ਸੇਵਾ ਵਿਚ ਹਾਜ਼ਰ ਹੈ। ਮਹਾਂਪੁਰਸ਼ ਅਮਰ ਹਨ। ਉਨ੍ਹਾਂ ਦੇ ਕਾਰਜ ਮਹਾਨ ਅਤੇ ਅਦੁੱਤੀ ਹਨ। ਸਾਨੂੰ ਉਨ੍ਹਾਂ ਵਲੋਂ ਅਰੰਭੇ ਕਾਰਜਾਂ ਨੂੰ ਸੰਪੰਨ ਕਰਨ ਵਿਚ ਪੂਰੀ ਲਗਨ, ਮਿਹਨਤ ਤੇ ਤਨਦੇਹੀ ਨਾਲ ਕਾਰਜਸ਼ੀਲ ਹੋਣਾ ਚਾਹੀਦਾ ਹੈ। ਸਤਿਕਾਰਯੋਗ ਬੀਜੀ ਦੀ ਅਸ਼ੀਰਵਾਦ ਨਾਲ, ਭਾਈ ਸਾਹਿਬ ਭਾਈ ਲਖਬੀਰ ਸਿੰਘ ਜੀ ਦੀ ਅਗਵਾਈ ਹੇਠ ਅਤੇ ਭਾਈ ਹਰਪਾਲ ਸਿੰਘ ਜੀ, ਸ੍ਰੀ ਮਾਨ ਜੀ ਅਤੇ ਹੋਰ ਸਮੂੰਹ ਸੰਗੀਆਂ ਸਾਥੀਆਂ ਦੇ ਸਹਿਯੋਗ ਨਾਲ ਗੁਰੂ ਮਹਾਰਾਜ ਦੇ ਭੈ ਵਿਚ ਰਹਿ ਕੇ ਪ੍ਰਸਪਰ ਪਿਆਰ ਤੇ ਸਦਭਾਵਨਾ ਨਾਲ ਸਭ ਕਾਰਜ ਸਫਲਤਾ ਸਹਿਤ ਸੰਪੰਨ ਹੋ ਰਹੇ ਹਨ। ਆਪ ਪਾਠਕਾਂ ਦੀ ਸੁਹਿਰਦਤਾ ਸਦਕਾ 'ਆਤਮ ਮਾਰਗ' ਚੜ੍ਹਦੀ ਕਲਾ ਵਿਚ ਜਾ ਰਿਹਾ ਹੈ। ਵਾਹਿਗੁਰੂ, ਸਤਿਗੁਰੂ ਆਪ ਸਭ ਨੂੰ ਆਪਣਾ ਪਿਆਰ ਬਖਸ਼ਿਸ਼ ਕਰਨ। ਆਤਮ ਮਾਰਗ ਦੇ ਪੱਧਰ ਨੂੰ ਹੋਰ ਉਚੇਰਾ ਲਿਜਾਣ ਲਈ ਅਸੀਂ ਸਦਾ ਤਤਪਰ ਰਹਾਂਗੇ।



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com